ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

27 ਅਗਸਤ ਤੋਂ 2 ਸਤੰਬਰ 2025

ਸਾਲ 16ਵਾਂ - ਅੰਕ 35

email : info@sadelok.com

Ph. : 510-706-1300

Fax : 925-373-1300

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਸਜਾਇਆ



(ਦੇਖੋ ਸਫ਼ਾ 20 'ਤੇ)



## ਸ੍ਰੀ ਗਣੇਸ਼ ਚਤੁਰਥੀ ਦੇ ਪਾਵਨ ਤਿਉਹਾਰ ਦੀ ਲੱਖ-ਲੱਖ ਵਧਾਈ

(ਦੇਖੋ ਸਫ਼ਾ 32 'ਤੇ)

# ਪਹਾੜੀ ਹੜ੍ਹਾਂ ਨੇ ਪੰਜਾਬ 'ਚ ਕੀਤਾ ਪਾਣੀ-ਪਾਣੀ

## • ਸਕੂਲ ਕੀਤੇ ਬੰਦ • ਹੜ੍ਹਾਂ ਨਾਲ ਸੈਂਕੜੇ ਪਿੰਡਾਂ ਨਾਲੋਂ ਟੁੱਟਿਆ ਸੰਪਰਕ

ਚੰਡੀਗੜ੍ਹ : ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਵਿਚ ਭਾਰੀ ਮੀਂਹ ਕਾਰਨ ਪੰਜਾਬ ਦੇ 7 ਜ਼ਿਲ੍ਹੇ ਹੜ੍ਹ ਦੀ ਮਾਰ ਹੇਠ ਆ ਗਏ ਹਨ। ਰਣਜੀਤ ਸਾਗਰ ਡੈਮ ਤੇ ਭਾਖੜਾ ਡੈਮ ਦੇ ਪਾਣੀ ਦੇ ਪੱਧਰ ਵਧਣ ਕਾਰਨ ਲਗਾਤਾਰ ਪਾਣੀ ਛੱਡਿਆ ਜਾ ਰਿਹਾ ਹੈ। ਇਸ ਕਾਰਨ ਰਾਵੀ, ਸਤਲੁਜ ਅਤੇ ਬਿਆਸ ਦਰਿਆਵਾਂ ਦਾ ਪਾਣੀ ਦਾ ਪੱਧਰ ਵੱਧ ਰਿਹਾ ਹੈ। ਹਰੀਕੇ ਹੈਡ ਵਰਕਸ ਤੋਂ ਛੱਡੇ ਗਏ ਪਾਣੀ ਕਾਰਨ ਤਰਨਤਾਰਨ ਅਤੇ ਫਿਰੋਜ਼ਪੁਰ ਦੇ ਇਲਾਕਿਆਂ ਵਿਚ ਹੜ੍ਹ ਵਰਗੇ ਹਾਲਾਤ ਹਨ। ਰਣਜੀਤ ਸਾਗਰ ਡੈਮ ਤੋਂ ਛੱਡੇ ਗਏ ਪਾਣੀ ਕਾਰਨ ਰਾਵੀ ਦਰਿਆ ਵਿਚ ਪਾਣੀ ਭਰ ਗਿਆ ਹੈ, ਜਿਸ ਕਾਰਨ ਪਠਾਨਕੋਟ ਵਿਚ ਸਥਿਤੀ ਹੋਰ ਵਿਗੜ ਗਈ ਹੈ। ਗੁਰਦਾਸਪੁਰ ਵਿਚ, ਮਕੋੜਾ ਪੱਤਨ ਦੇ 7 ਪਿੰਡਾਂ

(ਦੇਖੋ ਸਫ਼ਾ 24-25 'ਤੇ)



## ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ 'ਚ ਹੜ੍ਹ ਦਾ ਭਰਿਆ ਪਾਣੀ

### ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਅਤੇ ਸੇਵਾਦਾਰ ਸੁਰੱਖਿਅਤ



ਲਾਹੌਰ : ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਨਾਰੋਵਾਲ ਜ਼ਿਲ੍ਹੇ ਵਿੱਚ ਗੁਰਦੁਆਰਾ ਦਰਬਾਰ ਸਾਹਿਬ ਸਮੇਤ ਕਰਤਾਰਪੁਰ ਲਾਂਘੇ ਵਿੱਚ ਪਾਣੀ ਭਰ ਗਿਆ, ਜਿਸ ਕਾਰਨ 100 ਤੋਂ ਵੱਧ ਲੋਕ ਫਸ ਗਏ ਹਨ। ਕਰਤਾਰਪੁਰ ਲਾਂਘਾ ਪ੍ਰਾਜੈਕਟ ਮੈਨੇਜਮੈਂਟ ਯੂਨਿਟ ਦੇ ਮੁਖੀ ਸੈਫੁੱਲ੍ਹਾ ਖੋਖਰ ਨੇ ਦੱਸਿਆ, 'ਗੁਰਦੁਆਰਾ ਦਰਬਾਰ ਸਾਹਿਬ ਸਮੇਤ ਪੂਰਾ ਕਰਤਾਰਪੁਰ ਲਾਂਘਾ ਕੰਪਲੈਕਸ ਹੜ੍ਹ ਦੇ ਪਾਣੀ ਵਿੱਚ ਡੁੱਬ ਗਿਆ ਹੈ।' ਉਨ੍ਹਾਂ ਕਿਹਾ ਕਿ ਫਸੇ ਹੋਏ ਅਧਿਕਾਰੀਆਂ ਨੂੰ ਕਿਸ਼ਤੀਆਂ ਅਤੇ ਹੈਲੀਕਾਪਟਰ ਰਾਹੀਂ ਬਚਾਇਆ ਜਾ ਰਿਹਾ ਹੈ। ਕਰਤਾਰਪੁਰ ਲਾਂਘੇ

(ਦੇਖੋ ਸਫ਼ਾ 25 'ਤੇ)

## ਹਰਿਆਣਾ ਦੇ ਮੁੱਖ ਮੰਤਰੀ ਵਲੋਂ 1984 'ਚ ਮਾਰੇ ਗਏ ਸੈਂਕੜੇ ਸਿੱਖ ਪਰਿਵਾਰਾਂ ਦੇ ਮੈਂਬਰਾਂ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ



ਹਰਿਆਣੇ 'ਚ ਉਹ ਸਿੱਖਾਂ ਦੇ ਪਿੰਡ ਜਿਹੜੇ ਪੂਰੇ ਦੇ ਪੂਰੇ ਸਾੜੇ ਗਏ ਸਨ, ਬੱਚੇ ਵੀ ਨਾ ਬਖ਼ਸ਼ੇ

ਚੰਡੀਗੜ੍ਹ : ਹਰਿਆਣਾ ਸਰਕਾਰ ਵਲੋਂ 1984 ਵਿਚ ਸਿੱਖ ਵਿਰੋਧੀ ਦੰਗਿਆਂ ਦੌਰਾਨ ਸੂਬੇ ਦੇ

(ਦੇਖੋ ਸਫ਼ਾ 17 'ਤੇ)

# ਭਾਰਤ 'ਤੇ 50 ਫੀਸਦੀ ਅਮਰੀਕੀ ਟੈਰਿਫ ਹੋਇਆ ਲਾਗੂ

ਵਾਸ਼ਿੰਗਟਨ : ਅਮਰੀਕਾ ਨੇ 27 ਅਗਸਤ ਤੋਂ ਭਾਰਤੀ ਉਤਪਾਦਾਂ 'ਤੇ 25 ਫੀਸਦੀ ਹੋਰ ਟੈਰਿਫ ਲਗਾਉਣ ਦੀ ਯੋਗਦਾ ਦਾ ਵੇਰਵਾ ਦਿੰਦੇ ਹੋਏ ਇਕ ਡਰਾਫਟ ਨੋਟਿਸ ਜਾਰੀ ਕੀਤਾ ਹੈ, ਜੋ ਭਾਰਤ ਦੇ ਅਮਰੀਕਾ ਨੂੰ 48 ਅਰਬ ਡਾਲਰ ਤੋਂ ਵੱਧ ਮੁੱਲ ਦੇ ਨਿਰਯਾਤ ਨੂੰ ਪ੍ਰਭਾਵਿਤ ਕਰੇਗਾ। ਅਮਰੀਕੀ ਬਾਜ਼ਾਰ ਵਿਚ ਦਾਖਲ ਹੋਣ ਵਾਲੇ ਭਾਰਤੀ ਸਮਾਨ 'ਤੇ 25 ਫੀਸਦੀ ਟੈਰਿਫ ਪਹਿਲਾਂ ਹੀ ਲਾਗੂ ਹੈ। ਰੂਸੀ ਕੱਚੇ ਤੇਲ ਅਤੇ ਫੌਜੀ ਉਪਕਰਨਾਂ ਦੀ ਖਰੀਦ ਕਾਰਨ ਅਮਰੀਕਾ ਵਲੋਂ 27 ਅਗਸਤ ਤੋਂ ਵਾਧੂ




25 ਸਦੀ ਟੈਰਿਫ ਲਗਾਇਆ ਗਿਆ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਜਾਰੀ ਕੀਤੇ ਗਏ ਇਕ ਡਰਾਫਟ ਆਦੇਸ਼ ਵਿਚ ਕਿਹਾ ਕਿ ਵਧਿਆ ਟੈਰਿਫ ਉਨ੍ਹਾਂ ਭਾਰਤੀ ਉਤਪਾਦਾਂ 'ਤੇ ਲਾਗੂ ਹੋਵੇਗਾ ਜੋ 27 ਅਗਸਤ 2025 ਨੂੰ ਪੂਰਬੀ ਦਿਨ ਦੇ ਸਮੇਂ (ਈਡੀਟੀ) ਦੇ 12.01 ਵਜੇ ਜਾਂ ਉਸ ਤੋਂ ਬਾਅਦ ਖਪਤ ਲਈ (ਦੇਸ਼ ਵਿਚ) ਲਿਆਂਦੇ ਗਏ ਹਨ ਜਾਂ ਗੋਦਾਮ ਤੋਂ ਹਟਾਏ ਗਏ ਹਨ। ਬਸ਼ਰਤੇ ਉਨ੍ਹਾਂ ਨੂੰ ਦੇਸ਼ ਵਿਚ ਵਰਤੋਂ ਲਈ ਮਨਜ਼ੂਰੀ ਦਿੱਤੀ ਗਈ ਹੋਵੇ ਜਾਂ 17 ਸਤੰਬਰ, 2025 ਨੂੰ 12.01 ਵਜੇ ਤੋਂ ਪਹਿਲਾਂ ਖਪਤ ਲਈ

(ਦੇਖੋ ਸਫ਼ਾ 7 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

BH HS
CJ Singh
License # 24012019
Real Estate Broker
NORTHWEST REAL ESTATE
BERKSHIRE HATHAWAY
HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ Political Asylum
Deportation of Defense BIA Appeal
9 Circuit Court Federal Court
ਗਰੀਨਕਾਰਡ ਸਿਟੀਜਨਸ਼ਿਪ
Green Card Citizenship
ਡਾਈਵੋਰਸ ਸਿਵਲ ਐਂਡ ਕਰੀਮੀਨਲ ਕੇਸ
Divorce Civil and Criminal Cases
Family Petition Immigration
Travel document Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
ESQ, Abogado
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ਦੇ ਭਾਰਤੀ ਭਈਚਾਰੇ ਨੇ ਇਕ ਪਟੀਸ਼ਨ ਦਾਇਰ ਕਰਕੇ ਬਰਕਲੇ ਸ਼ਹਿਰ 'ਚ ਇਕ ਸੜਕ ਦਾ ਨਾਂ 'ਕਲਾ ਬਗਾਈ ਵੇਅ' ਰੱਖੇ ਜਾਣ 'ਤੇ ਕੀਤਾ ਭਾਰੀ ਇਤਰਾਜ਼

ਬਰਕਲੇ, ਕੈਲੀਫੋਰਨੀਆ : ਅਮਰੀਕਾ ਦੇ ਭਾਰਤੀ ਭਈਚਾਰੇ ਨੇ ਇਕ ਪਟੀਸ਼ਨ ਦਾਇਰ ਕਰਕੇ ਬਰਕਲੇ ਸ਼ਹਿਰ ਵਿੱਚ ਇਕ ਸੜਕ ਦਾ ਨਾਂ 'ਕਲਾ ਬਗਾਈ ਵੇਅ' ਰੱਖੇ ਜਾਣ 'ਤੇ ਭਾਰੀ ਇਤਰਾਜ਼ ਕੀਤਾ ਹੈ ਅਤੇ ਇਸ ਨੂੰ ਤੁਰੰਤ ਬਦਲਣ ਦਾ ਮੰਗ ਕੀਤੀ ਹੈ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਡਾਊਨ ਟਾਊਨ ਬਰਕਲੇ ਵਿੱਚ ਜੋ ਸੜਕ ਦਾ ਨਾਂ ਕਲਾ ਬਗਾਈ ਦੇ ਨਾਂ 'ਤੇ ਰੱਖਿਆ ਗਿਆ ਹੈ, ਉਹ ਭਾਰਤ ਦੀ ਅਜ਼ਾਦੀ ਲਹਿਰ ਦੇ ਯੋਧਿਆਂ ਗਦਰੀ ਬਾਬਿਆਂ ਦੀ ਕੁਰਬਾਨੀ ਦਾ ਮਜ਼ਾਕ ਉਡਾਉਣ ਦੇ ਤੁਲ ਹੈ ਕਿਉਂਕਿ ਕਲਾ ਬਗਾਈ ਦਾ ਨਾ ਤਾਂ ਕੋਈ ਕਿਸੇ ਕਿਸਮ ਦਾ ਆਪਣਾ ਯੋਗਦਾਨ ਹੈ ਅਤੇ ਨਾਂ ਹੀ ਉਹ ਭਾਰਤ ਤੋਂ ਇਥੇ ਆਉਣ ਵਾਲੇ ਮੋਢੀਆਂ 'ਚੋਂ ਸੀ। ਇਸ ਦੇ ਉਲਟ ਉਹ ਜਿਸ ਆਦਮੀ ਵਿਸ਼ਨੂੰ ਦਾਸ ਬਗਾਈ ਦੀ ਪਤਨੀ ਵਜੋਂ ਜੀਵਨ ਗੁਜਾਰਦੀ ਰਹੀ, ਉਹ ਆਦਮੀ ਗਦਰ ਪਾਰਟੀ ਦਾ ਗਦਾਰ ਸੀ ਤੇ ਭਾਰਤ ਦੀ ਬਰਤਾਨਵੀਂ ਹਕੂਮਤ ਦਾ ਤਨਖਾਹਦਾਰ ਸੂਹੀਆ ਸੀ।




ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਬਰਕਲੇ ਸ਼ਹਿਰ ਵਿਚ ਸੈਂਟਰ ਸਟਰੀਟ ਤੇ ਯੂਨੀਵਰਸਿਟੀ ਐਵਿਨਿਊ ਦੇ ਵਿੱਲੇ ਦੇ ਸ਼ੱਟਕ ਐਵਿਨਿਊ ਦਾ ਨਾਂ 'ਕਲਾ ਬਗਾਈ ਵੇਅ' ਮਹਿਜ਼ ਕਲਾ ਬਗਾਈ ਦੇ ਵਾਰਿਸਾਂ ਦੇ ਕਹਿਣ 'ਤੇ ਰੱਖਿਆ ਗਿਆ ਹੈ ਤੇ ਜੋ ਉਨ੍ਹਾਂ ਨੇ ਕਿਹਾ ਕਿ ਉਸੇ ਨੂੰ ਸੱਚ ਮੰਨਿਆ ਗਿਆ ਹੈ। ਕਾਲਾ ਬਗਾਈ ਦੀ ਸਚਾਈ ਜਾਨਣ ਲਈ ਇਤਿਹਾਸ ਦੀ ਕੋਈ ਖੋਜ ਕਰਨ ਜਾਂ ਇਸ ਦੇ ਸਬੂਤਾਂ ਨੂੰ ਜਾਨਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

ਪਟੀਸ਼ਨ ਵਿਚ ਸਬੂਤਾਂ ਦੇ ਅਧਾਰ 'ਤੇ ਸਾਬਿਤ ਕੀਤਾ ਗਿਆ ਹੈ ਕਿ ਕਲਾ ਬਗਾਈ ਦਾ ਪਤੀ, ਵਿਸ਼ਨੂੰ ਦਾਸ ਬਗਾਈ, ਲਗਾਤਾਰ ਸਾਨਫਰਾਂਸਿਸਕੋ ਵਿੱਚ ਬਰਤਾਨਵੀ ਸਰਕਾਰ ਦੇ ਕੌਂਸਲੇਟ ਨਾਲ ਸੰਪਰਕ ਵਿੱਚ ਸੀ ਤੇ ਉਹ ਗਦਰ ਪਾਰਟੀ ਬਾਰੇ ਅੰਗਰੇਜ਼ ਸਰਕਾਰ ਨੂੰ ਸੂਹ ਦਿੰਦਾ ਰਿਹਾ ਸੀ। ਇਤਿਹਾਸਕ ਸਬੂਤਾਂ ਅਨੁਸਾਰ ਮਿਸਟਰ ਬਗਾਈ ਪਿਸ਼ਾਵਰ ਵਿੱਚ ਪੁਲਿਸ ਇੰਸਪੈਕਟਰ ਜਨਰਲ ਜੇ.ਆਰ. ਐਡਮ ਵਲੋਂ ਹੀ ਅਮਰੀਕਾ ਵਿਚ ਗਦਰੀ ਬਾਬਿਆਂ ਦੀ ਜਸੂਸੀ ਕਰਨ ਲਈ ਤਨਖਾਹ 'ਤੇ ਤਾਇਨਾਤ ਕੀਤਾ ਗਿਆ ਸੀ। ਇਥੇ ਹੀ ਬਸ ਨਹੀਂ ਉਸ ਦੇ ਉਸ ਤੋਂ ਪਹਿਲਾਂ ਵੀ ਭਾਰਤ ਵਿੱਚ ਬਰਤਾਨਵੀ ਅਧਿਕਾਰੀਆਂ ਨਾਲ ਨੇੜੇ ਦੇ ਸਬੰਧ ਹੋਣ ਦੇ ਸਬੂਤ ਮਿਲਦੇ ਹਨ। ਇਸ ਦੇ ਸਬੂਤ ਵਜੋਂ 'ਯੂ ਕੇ ਨੈਸ਼ਨਲ ਆਰਕਾਈਵ' ਅਤੇ 'ਯੂ ਐਸ ਨੈਸ਼ਨਲ ਆਰਕਾਈਵ' ਤੋਂ ਪ੍ਰਾਪਤ ਦਸਤਾਵੇਜ਼ ਪਟੀਸ਼ਨ ਨਾਲ ਲਗਾਏ ਗਏ ਹਨ ਅਤੇ ਰਿਚਰਡ ਪਾਪੇਲ ਦੀ ਕਿਤਾਬ 'ਇੰਟੈਲੀਜਸ ਐਂਡ ਇੰਪੀਰੀਅਲ ਡਿਫੈਂਸ: ਬ੍ਰਿਟਿਸ਼ ਇੰਟੈਲੀਜੈਂਸ ਐਂਡ ਦੀ ਡਿਫਐਂਸ ਆਫ ਦੀ ਇੰਡੀਅਨ ਅੰਪਾਇਰ' 1904–1924' ਵਿੱਚੋਂ ਹਵਾਲੇ ਦਿੱਤੇ ਹਨ।

ਨੌਜਵਾਨ ਸਿੱਖ ਇਤਿਹਾਸਕਾਰ ਪ੍ਰਭਜੋਤ ਸਿੰਘ ਨੇ ਦੋਸ਼ ਲਗਾਇਆ ਹੈ ਕਿ ਵਿਸ਼ਨੂੰ ਦਾਸ ਬਗਾਈ ਨੇ ਗਦਰ ਪਾਰਟੀ ਵਿੱਚ ਰਹਿ ਕੇ ਬਰਤਾਨਵੀ ਸਰਕਾਰ ਦੇ ਸੂਹੀਏ ਵਜੋਂ ਕੰਮ ਹੀ ਨਹੀਂ ਸੀ ਕੀਤਾ, ਬਲਕਿ ਭਾਰਤ ਦੀ ਆਜ਼ਾਦੀ ਲਈ ਲੋਕਾਂ ਵੱਲੋਂ ਦਿੱਤੇ ਫੰਡਾਂ ਨੂੰ ਵੀ ਉਹ ਆਪਣੇ ਬੈਂਕ ਖਾਤਿਆਂ ਵਿੱਚ 1916–1917 ਵਿਚਾਲੇ ਜਮ੍ਹਾਂ ਕਰਵਾਉਂਦਾ ਰਿਹਾ ਸੀ ਤੇ ਇਸ ਹੇਰਾਫੇਰੀ ਦੀ ਕਮਾਈ ਨਾਲ ਉਸਨੇ ਉਹਨਾਂ ਦਿਨਾਂ ਵਿਚ ਬਰਕਲੇ ਵਿੱਚ ਐਡਿਥ ਸਟਰੀਟ 'ਤੇ 1610 ਨੰਬਰ ਮਕਾਨ ਵੀ ਖਰੀਦਿਆ ਸੀ, ਜਿਸ ਦਾ ਖੁਲਾਸਾ ਰੀਅਲ ਸਟੇਟ ਦੇ ਰਿਕਾਰਡਾਂ ਤੋਂ ਹੁੰਦਾ ਹੈ ਅਤੇ ਇਸ ਦੀ ਤਸਦੀਕ ਗਦਰ ਪਾਰਟੀ ਦੇ ਮੁਖੀ ਭਗਵਾਨ ਸਿੰਘ ਗਿਆਨੀ ਦੀ ਨਿੱਜੀ ਡਾਇਰੀ ਤੋਂ ਵੀ ਹੁੰਦਾ ਹੈ।

ਪਟੀਸ਼ਨ ਵਿਚ ਹੋਰ ਕਿਹਾ ਗਿਆ ਹੈ ਵਿਸ਼ਨੂੰ ਦਾਸ ਬਗਾਈ ਆਪਣੀ ਪਤਨੀ ਅਤੇ ਆਪਣੇ ਬੱਚਿਆਂ ਸਮੇਤ 1915 ਵਿਚ ਇਥੇ ਆਇਆ ਸੀ ਤੇ ਆਪਣੇ ਨਾਲ 25 ਹਜ਼ਾਰ ਡਾਲਰ ਸੋਨੇ ਦੇ ਰੂਪ ਵਿਚ ਨਾਲ ਲੈ ਕੇ ਆਇਆ ਸੀ। ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਕਲਾ ਬਗਾਈ ਇਥੇ ਆਉਣ ਵਾਲੇ ਮੁੱਢਲੇ ਭਾਰਤੀਆਂ ਵਿਚੋਂ ਨਹੀਂ ਸੀ। ਕਲਾ ਬਗਾਈ ਦਾ ਇਕ ਗਦਾਰ ਦੀ ਪਤਨੀ ਹੋਣ ਤੇ ਉਸ ਦੀ ਗਲਤ ਢੰਗ ਨਾਲ ਕੀਤੀ ਕਮਾਈ ਨਾਲ ਜੀਵਨ ਗੁਜਾਰਨ ਤੋਂ ਇਲਾਵਾ ਹੋਰ ਕੋਈ ਯੋਗਦਾਨ ਨਹੀਂ। ਇਸ ਲਈ ਅਜਿਹੀ ਔਰਤ ਦੇ ਨਾਂ ਤੇ ਬਰਕਲੇ ਸ਼ਹਿਰ ਵਿਚ ਸੜਕ ਦਾ ਨਾਂ 'ਕਲਾ ਬਗਾਈ ਵੇਅ' ਰੱਖਣਾ ਕਿਸੇ ਵੀ ਤਰ੍ਹਾਂ ਉਚਿਤ ਨਹੀਂ।

ਬਰਕਲੇ ਸ਼ਹਿਰ ਦੇ ਮੇਅਰ ਨੂੰ ਇਸ ਪਟੀਸ਼ਨ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਇਕ ਗਦਾਰ ਦੀ ਪਤਨੀ ਦੇ ਨਾਂ ਤੇ ਰੱਖੇ ਗਏ ਸੜਕ ਦੇ ਨਾਂ ਨੂੰ ਫੌਰੀ ਤਬਦੀਲ ਕੀਤਾ ਜਾਵੇ ਅਤੇ ਇਥੇ ਵਸਦੇ ਭਾਰਤੀਆਂ ਦੇ ਹਿਰਦੇ ਨੂੰ ਸ਼ਾਂਤ ਕੀਤਾ ਜਾਵੇ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences





ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।




ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।










- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ



# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!


ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ
ਪਹਿਲਾ ਪ੍ਰਕਾਸ਼ ਗੁਰਪੁਰਬ
ਧੰਨ ਧੰਨ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ
ਨਾਨਕਸਰ ਵਾਲਿਆਂ ਦੀ 82ਵੀਂ ਬਰਸੀ
ਧੰਨ ਧੰਨ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ
ਰਾਣਾ ਸਾਹਿਬ ਵਾਲਿਆਂ ਦੀ 50ਵੀਂ ਬਰਸੀ
ਗੁਰਦੁਆਰਾ ਸੱਚਖੰਡ ਈਸ਼ਰ ਦਰਬਾਰ ਸੈਕਰਾਮੈਂਟੋ ਵਿਖੇ
ਕਥਾ ਕੀਰਤਨ ਸੰਤ ਸਮਾਗਮ
ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ : ਸ਼ੁੱਕਰਵਾਰ 29 ਅਗਸਤ 2025 ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ : ਐਤਵਾਰ 31 ਅਗਸਤ 2025 ਸਵੇਰੇ 10 ਵਜੇ
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਉਪਰੰਤ ਕਥਾ ਕੀਰਤਨ, ਢਾਡੀ ਵਾਰਾਂ ਹੋਣਗੀਆਂ।
ਆਪ ਸਮੇਤ ਪਰਿਵਾਰ ਗੁਰੂ ਘਰ ਹਾਜ਼ਰੀ ਭਰ ਕੇ
ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ
ਬੇਨਤੀ ਕਰਤਾ : ਸੰਤ ਬਾਬਾ ਮੋਹਨ ਸਿੰਘ ਜੀ ਪਿਹੋਵਾ ਵਾਲੇ ਅਤੇ ਸਮੂਹ ਸੰਗਤ
7616 Rangeview LN. Sacramento, CA, 95828 (916) 913-9013

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111

# ਭਾਰਤ ’ਤੇ 50 ਫੀਸਦੀ ਅਮਰੀਕੀ ਟੈਰਿਫ ਹੋਇਆ ਲਾਗੂ

## ਟੈਰਿਫ ਦਾ ਪ੍ਰਭਾਵ ਭਾਰਤ ਦੇ ਦੇ ਟੈਕਸਟਾਈਲ, ਰਤਨ ਤੇ ਗਹਿਣੇ, ਝੀਂਗਾ, ਚਮੜਾ ਤੇ ਜੁੱਤੀਆਂ, ਜਾਨਵਰਾਂ ਦੇ ਉਤਪਾਦ, ਰਸਾਇਣ, ਬਿਜਲੀ ਤੇ ਮਕੈਨੀਕਲ ਮਸ਼ੀਨਰੀ ’ਤੇ ਸਭ ਤੋਂ ਵੱਧ ਪਵੇਗਾ

ਵਾਸ਼ਿੰਗਟਨ : ਅਮਰੀਕਾ ਨੇ 27 ਅਗਸਤ ਤੋਂ ਭਾਰਤੀ ਉਤਪਾਦਾਂ ’ਤੇ 25 ਫੀਸਦੀ ਹੋਰ ਟੈਰਿਫ ਲਗਾਉਣ ਦੀ ਯੋਜਨਾ ਦਾ ਵੇਰਵਾ ਦਿੰਦੇ ਹੋਏ ਇਕ ਡਰਾਫਟ ਨੋਟਿਸ ਜਾਰੀ ਕੀਤਾ ਹੈ, ਜੋ ਭਾਰਤ ਦੇ ਅਮਰੀਕਾ ਨੂੰ 48 ਅਰਬ ਡਾਲਰ ਤੋਂ ਵੱਧ ਮੁੱਲ ਦੇ ਨਿਰਯਾਤ ਨੂੰ ਪ੍ਰਭਾਵਿਤ ਕਰੇਗਾ। ਅਮਰੀਕੀ ਬਾਜ਼ਾਰ ਵਿਚ ਦਾਖਲ ਹੋਣ ਵਾਲੇ ਭਾਰਤੀ ਸਮਾਨ ’ਤੇ 25 ਫੀਸਦੀ ਟੈਰਿਫ ਪਹਿਲਾਂ ਹੀ ਲਾਗੂ ਹੈ। ਰੂਸੀ ਕੱਚੇ ਤੇਲ ਅਤੇ ਫੌਜੀ ਉਪਕਰਨਾਂ ਦੀ ਖਰੀਦ ਕਾਰਨ ਅਮਰੀਕਾ ਵਲੋਂ 27 ਅਗਸਤ ਤੋਂ ਵਾਧੂ 25 ਸਦੀ ਟੈਰਿਫ ਲਗਾਇਆ ਗਿਆ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਜਾਰੀ ਕੀਤੇ ਗਏ ਇਕ ਡਰਾਫਟ ਆਦੇਸ਼ ਵਿਚ ਕਿਹਾ ਕਿ ਵਧਿਆ ਟੈਰਿਫ ਉਨ੍ਹਾਂ ਭਾਰਤੀ ਉਤਪਾਦਾਂ ’ਤੇ ਲਾਗੂ ਹੋਵੇਗਾ ਜੋ 27 ਅਗਸਤ 2025 ਨੂੰ ਪੂਰਬੀ ਦਿਨ ਦੇ ਸਮੇਂ (ਈਡੀਟੀ) ਦੇ 12.01 ਵਜੇ ਜਾਂ ਉਸ ਤੋਂ ਬਾਅਦ ਖਪਤ ਲਈ (ਦੇਸ਼ ਵਿਚ) ਲਿਆਂਦੇ ਗਏ ਹਨ ਜਾਂ ਗੋਦਾਮ ਤੋਂ ਹਟਾਏ ਗਏ ਹਨ। ਬਸ਼ਰਤੇ ਉਨ੍ਹਾਂ ਨੂੰ ਦੇਸ਼ ਵਿਚ ਵਰਤੋਂ ਲਈ ਮਨਜ਼ੂਰੀ ਦਿੱਤੀ ਗਈ ਹੋਵੇ ਜਾਂ 17 ਸਤੰਬਰ, 2025 ਨੂੰ 12.01 ਵਜੇ ਤੋਂ ਪਹਿਲਾਂ ਖਪਤ ਲਈ ਗੋਦਾਮ ਤੋਂ ਬਾਹਰ ਕੱਢਿਆ ਗਿਆ ਹੋਵੇ ਅਤੇ ਆਯਾਤਕ ਨੇ ਇਕ ਵਿਸ਼ੇਸ਼ ‘ਕੋਡ’ ਘੋਸ਼ਿਤ ਕਰ ਕੇ




ਅਮਰੀਕੀ ਕਸਟਮ ਨੂੰ ਇਸ ਪ੍ਰਮਾਣਤ ਕੀਤਾ ਹੋਵੇ। ਭਾਰਤ ਤੋਂ ਇਲਾਵਾ, ਬ੍ਰਾਜ਼ੀਲ ਇਕਲੌਤਾ ਅਮਰੀਕੀ ਵਪਾਰਕ ਭਾਈਵਾਲ ਹੈ ਜੋ 50 ਫੀ ਸਦੀ ਆਯਾਤ ਟੈਰਿਫ ਦਾ ਸਾਹਮਣਾ ਕਰ ਰਿਹਾ ਹੈ। ਇਸ ਉੱਚ ਅਮਰੀਕੀ ਟੈਰਿਫ ਦਾ ਪ੍ਰਭਾਵ ਭਾਰਤ ਦੇ ਟੈਕਸਸਾਈਟ ਕੱਪੜੇ, ਰਤਨ ਅਤੇ ਗਹਿਣੇ, ਝੀਂਗਾ, ਚਮੜਾ ਅਤੇ ਜੁੱਤੀਆਂ, ਜਾਨਵਰਾਂ ਦੇ ਉਤਪਾਦ, ਰਸਾਇਣ, ਬਿਜਲੀ ਅਤੇ ਮਕੈਨੀਕਲ ਮਸ਼ੀਨਰੀ ’ਤੇ ਸਭ ਤੋਂ ਵੱਧ ਪਵੇਗਾ। ਦਵਾਈ, ਊਰਜਾ ਉਤਪਾਦ ਅਤੇ ਇਲੈਕਟ੍ਰਾਨਿਕ ਸਮਾਨ ਵਰਗੇ ਖੇਤਰ ਇਨ੍ਹਾਂ ਵਿਆਪਕ ਟੈਰਿਫਾਂ ਦੇ ਦਾਇਰੇ ਤੋਂ ਬਾਹਰ ਹਨ। ਵਣਜ ਮੰਤਰਾਲੇ ਅਨੁਸਾਰ ਅਮਰੀਕਾ ਨੂੰ ਭਾਰਤ ਤੋਂ ਨਿਰਯਾਤ ਕੀਤੇ ਜਾਣ ਵਾਲੇ ਲਗਭਗ 48.2 ਅਰਬ ਅਮਰੀਕੀ ਡਾਲਰ ਦੇ ਵਪਾਰਕ ਸਾਮਾਨ (2024 ਦੇ ਵਪਾਰ ਮੁੱਲ ਦੇ ਆਧਾਰ ’ਤੇ) ਵਾਧੂ ਟੈਰਿਫ਼ ਲੱਗੇਗਾ। ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲੀਨ ਲੇਵਿਟ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਕਿਹਾ ਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਅਤੇ ਯੂਕਰੇਨ ਵਿਚਕਾਰ ਟਕਰਾਅ ਨੂੰ ਖਤਮ ਕਰਨ ਲਈ ਭਾਰਤ ’ਤੇ ਪਾਬੰਦੀਆਂ ਲਗਾਈਆਂ ਹਨ। ਨਵੇਂ ਟੈਰਿਫ ਤੋਂ ਬਾਅਦ, ਭਾਰਤ ਦੇ ਮੁਕਾਬਲੇਬਾਜ਼ਾਂ ਦੀ ਸਥਿਤੀ ਉਨ੍ਹਾਂ ਉਪਰ ਘੱਟ ਟੈਰਿਫ ਕਾਰਨ ਅਮਰੀਕੀ ਬਾਜ਼ਾਰ ਵਿਚ ਬਿਹਤਰ ਹੋਵੇਗੀ। ਭਾਰਤ ਦੇ ਮੁਕਾਬਲੇਬਾਜ਼ਾਂ ਵਿਚ ਮਿਆਂਮਾਰ 40 ਫੀਸਦੀ ਅਮਰੀਕੀ ਟੈਰਿਫ, ਥਾਈਲੈਂਡ ਅਤੇ ਕੰਬੋਡੀਆ ਦੋਵਾਂ ’ਤੇ 36 ਫੀਸਦੀ, ਬੰਗਲਾਦੇਸ਼ 35 ਫੀਸਦੀ, ਮਲੇਸ਼ੀਆ 25 ਫੀਸਦੀ, ਫਿਲੀਪੀਨਜ਼ ਅਤੇ ਵੀਅਤਨਾਮ ਦੋਵਾਂ ’ਤੇ 20 ਫੀਸਦੀ ਅਮਰੀਕੀ ਟੈਰਿਫ ਸ਼ਾਮਲ ਹਨ।

# ਟਰੰਪ ਵਲੋਂ ਫੈਡਰਲ ਬੈਂਕ ਦੀ ਗਵਰਨਰ ਲੀਜ਼ਾ ਕੁੱਕ ਦੀ ਛੁੱਟੀ

### ਮੌਰਗੇਜ ਧੋਖਾਧੜੀ ਦੇ ਦੋਸ਼ਾਂ ਤਹਿਤ ਬਰਖਾਸਤ ਕੀਤਾ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਦੇਰ ਰਾਤ ਫੈਡਰਲ ਰਿਜ਼ਰਵ ਬੈਂਕ ਦੀ ਗਵਰਨਰ ਲੀਜ਼ਾ ਕੁੱਕ ਨੂੰ ਬਰਖਾਸਤ ਕਰ ਦਿੱਤਾ ਹੈ। ਟਰੰਪ ਨੇ ਆਪਣੇ ਟਰੂਥ ਸੋਸ਼ਲ ਪਲੈਟਫਾਰਮ ’ਤੇ ਪੋਸਟ ਕੀਤੇ ਇੱਕ ਪੱਤਰ ਵਿੱਚ ਕਿਹਾ ਕਿ ਉਹ ਕੁੱਕ ਨੂੰ ਮੌਰਗੇਜ ਧੋਖਾਧੜੀ ਕਰਨ ਦੇ ਦੋਸ਼ਾਂ ਕਾਰਨ ਬਰਖਾਸਤ ਕਰ ਰਹੇ ਹਨ।



ਮੌਰਗੇਜ ਦਿੱਗਜਾਂ ਫੈਨੀ ਮੇਅ ਅਤੇ ਫਰੈਡੀ ਮੈਕ ਨੂੰ ਕੰਟਰੋਲ ਕਰਨ ਵਾਲੀ ਏਜੰਸੀ ਵਿੱਚ ਟਰੰਪ ਵੱਲੋਂ ਨਿਯੁਕਤ Bill Pulte ਨੇ ਪਿਛਲੇ ਹਫ਼ਤੇ ਇਹ ਦੋਸ਼ ਲਗਾਏ ਸਨ। Pulte ਨੇ ਦੋਸ਼ ਲਗਾਇਆ ਕਿ ਕੁੱਕ ਨੇ 2021 ਵਿੱਚ ਬਿਹਤਰ ਮੌਰਗੇਜ ਸ਼ਰਤਾਂ ਪ੍ਰਾਪਤ ਕਰਨ ਲਈ ਦੋ ਮੁੱਖ ਰਿਹਾਇਸ਼ਾਂ – ਐਨ ਆਰਬਰ, ਮਿਸ਼ੀਗਨ ਅਤੇ ਅਟਲਾਂਟਾ ਵਿੱਚ – ਦਾ ਦਾਅਵਾ ਕੀਤਾ ਸੀ। ਦੂਜੇ ਘਰਾਂ ਜਾਂ ਕਿਰਾਏ ’ਤੇ ਖਰੀਦੇ ਗਏ ਘਰਾਂ ’ਤੇ ਮੌਰਗੇਜ ਦਰਾਂ ਅਕਸਰ ਵੱਧ ਹੁੰਦੀਆਂ ਹਨ। ਇਹ ਐਲਾਨ ਕੁੱਕ ਦੇ ਉਸ ਬਿਆਨ ਤੋਂ ਕੁਝ ਦਿਨ ਬਾਅਦ ਆਇਆ ਜਦੋਂ ਉਸ ਨੇ ਕਿਹਾ ਸੀ ਕਿ ਉਹ ਟਰੰਪ ਵਲੋਂ ਪਹਿਲਾਂ ਉਸ ਨੂੰ ਅਸਤੀਫਾ ਦੇਣ ਲਈ ਕਹਿਣ ਦੇ ਬਾਵਜੂਦ ਆਪਣਾ ਅਹੁਦਾ ਨਹੀਂ ਛੱਡੇਗੀ। ਫੈੱਡ ਦੇ ਬੋਰਡ ਵਿੱਚ ਸੱਤ ਮੈਂਬਰ ਹਨ, ਜਿਸਦਾ ਮਤਲਬ ਹੈ ਕਿ ਟਰੰਪ ਦੀ ਇਸ ਪੇਸ਼ਕਦਮੀ ਦਾ ਡੂੰਘਾ ਆਰਥਿਕ ਅਤੇ ਸਿਆਸੀ ਅਸਰ ਪੈ ਸਕਦਾ ਹੈ। ਟਰੰਪ ਨੇ ਇਸ ਕਦਮ ਦਾ ਐਲਾਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਕੋਲ ਕੁੱਕ ਨੂੰ ਹਟਾਉਣ ਦਾ ਸੰਵਿਧਾਨਕ ਅਧਿਕਾਰ ਹੈ, ਪਰ ਅਜਿਹਾ ਕਰਨ ਨਾਲ ਇੱਕ ਸੁਤੰਤਰ ਹਸਤੀ ਵਜੋਂ ਫੈੱਡ ਦੇ ਕੰਟਰੋਲ ਬਾਰੇ ਸਵਾਲ ਖੜ੍ਹੇ ਹੋਣਗੇ। ਕੁੱਕ ਨੂੰ ਫੈੱਡ ਦੇ ਗਵਰਨਿੰਗ ਬੋਰਡ ਤੋਂ ਬਾਹਰ ਕੱਢਣ ਨਾਲ ਟਰੰਪ ਨੂੰ ਇੱਕ ਵਫ਼ਾਦਾਰ ਨਿਯੁਕਤ ਕਰਨ ਦਾ ਮੌਕਾ ਮਿਲੇਗਾ। ਟਰੰਪ ਨੇ ਕਿਹਾ ਹੈ ਕਿ ਉਹ ਸਿਰਫ਼ ਉਨ੍ਹਾਂ ਅਧਿਕਾਰੀਆਂ ਨੂੰ ਨਿਯੁਕਤ ਕਰਨਗੇ ਜੋ ਦਰਾਂ ਵਿੱਚ ਕਟੌਤੀ ਦਾ ਸਮਰਥਨ ਕਰਨਗੇ।

# ਐਪਸਟੀਨ ਕੇਸ ’ਚ ਟਰੰਪ ਮਗਰੋਂ ਹੁਣ ਜੁੜਿਆ ਰਾਜਕੁਮਾਰੀ ਡਾਇਨਾ ਦਾ ਨਾਂ

ਵਾਸ਼ਿੰਗਟਨ : ਬ੍ਰਿਟੇਨ ਦੀ ਮਰਹੂਮ ਰਾਜਕੁਮਾਰੀ ਡਾਇਨਾ ਦਾ ਨਾਂ ਵੀ ਅਮਰੀਕੀ ਸੈਕਸ ਅਪਰਾਧੀ ਜੈਫਰੀ ਐਪਸਟੀਨ ਦੇ ਮਾਮਲੇ ’ਚ ਜੁੜ ਗਿਆ ਹੈ। ਦਰਅਸਲ ਜੈਫਰੀ ਐਪਸਟੀਨ ਦੀ ਸਹਿਯੋਗੀ ਗਿਸਲੇਨ ਮੈਕਸਵੈੱਲ ਨੇ ਦਾਅਵਾ ਕੀਤਾ ਹੈ ਕਿ ਲੰਡਨ ਵਿਚ ਇਕ ਸਮਾਗਮ ਵਿਚ ਰਾਜਕੁਮਾਰੀ ਡਾਇਨਾ ਨੂੰ ਐਪਸਟੀਨ ਨਾਲ ਮਿਲਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਮੈਕਸਵੈੱਲ ਨੇ ਕਿਹਾ ਕਿ ਇਹ ਸਮਾਗਮ ਡਾਇਨਾ ਦੀ ਕਰੀਬੀ ਦੋਸਤ ਰੋਜ਼ਾ ਮੋਂਕਟਨ ਵਲੋਂ ਆਯੋਜਿਤ ਕੀਤਾ ਗਿਆ ਸੀ।



ਉਸ ਨੇ ਕਿਹਾ, ‘ਮੈਨੂੰ ਨਹੀਂ ਪਤਾ ਕਿ ਉਹ ਡਾਇਨਾ ਨਾਲ ਡੇਟ ’ਤੇ ਜਾਣ ਲਈ ਤਿਆਰ ਸੀ ਜਾਂ ਨਹੀਂ ਪਰ ਮੈਂ ਡਾਇਨਾ ਬਾਰੇ ਬੁਰਾ ਨਹੀਂ ਕਹਿਣਾ ਚਾਹੁੰਦੀ।’ ਮੈਕਸਵੈੱਲ ਇਸ ਸਮੇਂ ਨਾਬਾਲਗਾਂ ਦੀ ਸਮੱਗਲਿੰਗ ਦੇ ਦੋਸ਼ ਵਿਚ 20 ਸਾਲ ਦੀ ਸਜ਼ਾ ਕੱਟ ਰਹੀ ਹੈ। ਇਹ ਖੁਲਾਸਾ ਟਰੰਪ ਦੇ ਐਪਸਟੀਨ ਨਾਲ ਸਬੰਧਾਂ ਦੀ ਤਾਜ਼ਾ ਜਾਂਚ ਅਤੇ ਨਿਆਂ ਵਿਭਾਗ ਦੇ ਐਪਸਟੀਨ ਜਾਂਚ ਫਾਈਲਾਂ ਦੇ ਕੁਝ ਹਿੱਸਿਆਂ ਨੂੰ ਰੋਕਣ ਦੇ ਫੈਸਲੇ ਦੀ ਆਲੋਚਨਾ ਵਿਚਕਾਰ ਆਇਆ ਹੈ। ਐਪਸਟੀਨ ਦੀ ਪ੍ਰੇਮਿਕਾ ਗਿਸਲੇਨ ਮੈਕਸਵੈੱਲ ਨੂੰ 2020 ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਹ ਉਦੋਂ ਤੋਂ ਜੇਲ ਵਿਚ ਹੈ। ਉਸ ਨੂੰ 20 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਮਰੀਕੀ ਨਿਆਂ ਵਿਭਾਗ ਦੁਆਰਾ ਹਾਲ ਹੀ ਜਾਰੀ ਕੀਤੀ ਗਈ ਇਕ ਤਾਜ਼ਾ ਰਿਪੋਰਟ ਦੇ ਅਨੁਸਾਰ ਮੈਕਸਵੈੱਲ ਨੇ ਕਿਹਾ ਕਿ ਐਪਸਟੀਨ ਉਸ ਤੋਂ ਬਿਨਾਂ ਪਾਰਟੀ ਵਿਚ ਗਿਆ ਸੀ, ਇਸ ਲਈ ਉਸ ਨੂੰ ਪੂਰੀ ਜਾਣਕਾਰੀ ਨਹੀਂ ਹੈ ਕਿ ਡਾਇਨਾ ਅਤੇ ਐਪਸਟੀਨ ਮਿਲੇ ਸਨ ਜਾਂ ਨਹੀਂ ਪਰ ਇਹ ਸਮਾਗਮ ਰੋਜ਼ਾ ਮੋਂਕਟਨ ਵਲੋਂ ਆਯੋਜਿਤ ਕੀਤਾ ਗਿਆ ਸੀ।

### ਅਮਰੀਕਾ-ਭਾਰਤ ਵਪਾਰ ਯੁੱਧ

# 50% ਟੈਰਿਫ ਦਾ ਪੂਰਾ ਵਿਸ਼ਲੇਸ਼ਣ ਅਤੇ ਭਾਰਤ ਦੀ ਜਵਾਬੀ ਰਣਨੀਤੀ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ ਤੋਂ ਆਉਣ ਵਾਲੇ ਜ਼ਿਆਦਾਤਰ ਸਮਾਨ ’ਤੇ 50% ਦਾ ਭਾਰੀ ਟੈਰਿਫ ਲਾਗੂ ਕਰ ਦਿੱਤਾ ਗਿਆ ਹੈ। ਇਹ ਫੈਸਲਾ ਜੋ ਕਿ ਪਹਿਲਾਂ ਤੋਂ ਲਾਗੂ 25% ਟੈਰਿਫ ’ਤੇ ਵਾਧੂ 25% ਲਗਾ ਕੇ ਕੀਤਾ ਗਿਆ ਹੈ, ਭਾਰਤ ਵੱਲੋਂ ਰੂਸ ਤੋਂ ਛੋਟ ’ਤੇ ਤੇਲ ਅਤੇ ਰੱਖਿਆ ਉਪਕਰਣਾਂ ਦੀ ਖਰੀਦ ਜਾਰੀ ਰੱਖਣ ਦੇ ਜਵਾਬ ਵਿੱਚ ਆਇਆ ਹੈ। ਨਿਵੇਸ਼ ਫਰਮ ਨੋਮੁਰਾ ਨੇ ਇਸ ਕਦਮ ਨੂੰ ‘ਵਪਾਰਕ ਪਾਬੰਦੀ’ (trade embargo) ਕਰਾਰ ਦਿੱਤਾ ਹੈ, ਜਦਕਿ ਭਾਰਤੀ ਉਦਯੋਗ ਇਸ ਨੂੰ ਇੱਕ ‘ਵਪਾਰਕ ਭੂਚਾਲ’ ਵਜੋਂ ਦੇਖ ਰਿਹਾ ਹੈ।




**ਅਰਥਵਿਵਸਥਾ ’ਤੇ ਡੂੰਘਾ ਅਸਰ**

ਅਮਰੀਕਾ, ਜੋ ਸਾਲਾਨਾ $86.5 ਬਿਲੀਅਨ ਦੇ ਨਿਰਯਾਤ ਨਾਲ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ, ਦੇ ਇਸ ਕਦਮ ਦਾ ਭਾਰਤੀ ਅਰਥਵਿਵਸਥਾ ’ਤੇ ਗੰਭੀਰ ਅਸਰ ਪੈਣ ਦਾ ਖਦਸ਼ਾ ਹੈ।

- **ਨਿਰਯਾਤ ’ਚ ਭਾਰੀ ਗਿਰਾਵਟ:** ਇੱਕ ਅਨੁਮਾਨ ਅਨੁਸਾਰ, ਪ੍ਰਭਾਵਿਤ ਖੇਤਰਾਂ ਤੋਂ ਨਿਰਯਾਤ 70% ਤੱਕ ਘਟ ਸਕਦਾ ਹੈ, ਜੋ $60.2 ਬਿਲੀਅਨ ਤੋਂ ਘਟ ਕੇ ਸਿਰਫ $18.6 ਬਿਲੀਅਨ ਰਹਿ ਸਕਦਾ ਹੈ। ਅਮਰੀਕਾ ਨੂੰ ਹੋਣ ਵਾਲੇ ਕੁੱਲ ਨਿਰਯਾਤ ਵਿੱਚ 43% ਦੀ ਕਮੀ ਆ ਸਕਦੀ ਹੈ।
- **ਨੌਕਰੀਆਂ ’ਤੇ ਸੰਕਟ:** ਟੈਕਸਟਾਈਲ, ਗਹਿਣੇ, ਸਮੁੰਦਰੀ ਭੋਜਨ ਅਤੇ ਚਮੜਾ ਵਰਗੇ ਰੁਜ਼ਗਾਰ-ਅਧਾਰਿਤ ਉਦਯੋਗ ਸਿੱਧੇ ਤੌਰ ’ਤੇ ਨਿਸ਼ਾਨੇ ’ਤੇ ਹਨ। ਇਸ ਨਾਲ ਲੱਖਾਂ ਨੌਕਰੀਆਂ ਖਤਰੇ ਵਿੱਚ ਪੈ ਗਈਆਂ ਹਨ, ਕਿਉਂਕਿ ਭਾਰਤੀ ਉਤਪਾਦ ਅਮਰੀਕੀ ਬਾਜ਼ਾਰ ਵਿੱਚ ਬੰਗਲਾਦੇਸ਼, ਵੀਅਤਨਾਮ ਅਤੇ ਮੈਕਸੀਕੋ ਵਰਗੇ ਦੇਸ਼ਾਂ ਦਾ ਮੁਕਾਬਲਾ ਨਹੀਂ ਕਰ ਸਕਣਗੇ।
- **GDP ’ਤੇ ਅਸਰ:** ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਇਹ ਟੈਰਿਫ ਇਸ ਵਿੱਤੀ ਸਾਲ ਵਿੱਚ ਭਾਰਤ ਦੀ GDP ਵਿਕਾਸ ਦਰ ਨੂੰ ਇੱਕ ਪ੍ਰਤੀਸ਼ਤ ਅੰਕ ਤੱਕ ਘਟਾ ਸਕਦਾ ਹੈ।
- **ਕੁਝ ਖੇਤਰਾਂ ਨੂੰ ਛੋਟ:** ਹਾਲਾਂਕਿ, ਭਾਰਤ ਦੇ ਵਿਸ਼ਾਲ ਜੈਨਰਿਕ ਫਾਰਮਾਸਿਊਟੀਕਲ, ਇਲੈਕਟ੍ਰੋਨਿਕਸ ਅਤੇ ਪੈਟਰੋਲੀਅਮ ਉਤਪਾਦਾਂ ਨੂੰ ਇਨ੍ਹਾਂ ਟੈਰਿਫਾਂ ਤੋਂ ਛੋਟ ਦਿੱਤੀ ਗਈ ਹੈ।

**ਰੂਸ ਨਾਲ ਦੋਸਤੀ ਦੀ ਕੀਮਤ?**

ਇਸ ਵਪਾਰਕ ਤਣਾਅ ਦੇ ਕੇਂਦਰ ਵਿੱਚ ਭਾਰਤ ਵੱਲੋਂ ਰੂਸ ਤੋਂ ਤੇਲ ਦੀ ਖਰੀਦ ਹੈ।

- **ਊਰਜਾ ਨਿਰਭਰਤਾ:** ਯੂਕਰੇਨ ਯੁੱਧ ਤੋਂ ਪਹਿਲਾਂ ਭਾਰਤ ਆਪਣੀ ਤੇਲ ਲੋੜ ਦਾ 1% ਤੋਂ ਵੀ ਘੱਟ ਰੂਸ ਤੋਂ ਖਰੀਦਦਾ ਸੀ, ਜੋ ਹੁਣ ਵਧ ਕੇ ਲਗਭਗ 40% ਹੋ ਗਿਆ ਹੈ।
- **ਆਰਥਿਕ ਲਾਭ ਬਨਾਮ ਨੁਕਸਾਨ:** ਭਾਰਤੀ ਫਰਮਾਂ ਨੇ ਯੁੱਧ ਸ਼ੁਰੂ ਹੋਣ ਤੋਂ ਬਾਅਦ ਸਸਤਾ ਰੂਸੀ ਤੇਲ ਖਰੀਦ ਕੇ ਲਗਭਗ $17 ਬਿਲੀਅਨ ਦੀ ਬਚਤ ਕੀਤੀ ਹੈ। ਪਰ ਅਮਰੀਕੀ ਟੈਰਿਫ ਕਾਰਨ ਨਿਰਯਾਤ ਵਿੱਚ ਲਗਭਗ $37 ਬਿਲੀਅਨ ਦਾ ਨੁਕਸਾਨ ਹੋ ਸਕਦਾ ਹੈ, ਜੋ ਕਿ ਬਚਤ ਨਾਲੋਂ ਕਿਤੇ ਵੱਧ ਹੈ।
- **ਰੁਪਏ ਵਿੱਚ ਭੁਗਤਾਨ:** ਭਾਰਤ ਰੂਸ ਨੂੰ ਤੇਲ ਲਈ ਰੁਪਏ ਵਿੱਚ ਭੁਗਤਾਨ ਕਰ ਰਿਹਾ ਹੈ, ਜਿਸ ਨਾਲ ਉਸਨੂੰ ਆਪਣੇ ਅਮਰੀਕੀ ਡਾਲਰ ਦੇ ਭੰਡਾਰ ਦੀ ਵਰਤੋਂ ਨਹੀਂ ਕਰਨੀ ਪੈਂਦੀ, ਇਹ ਇੱਕ ਵੱਡਾ ਰਣਨੀਤਕ ਫਾਇਦਾ ਹੈ।

**ਭਾਰਤ ਦੀ ਬਹੁ-ਪੱਖੀ ਜਵਾਬੀ ਕਾਰਵਾਈ**

ਨਰਿੰਦਰ ਮੋਦੀ ਸਰਕਾਰ ਇਸ ਸੰਕਟ ਨਾਲ ਨਜਿੱਠਣ ਲਈ ਕਈ ਮੋਰਚਿਆਂ ’ਤੇ ਕੰਮ ਕਰ ਰਹੀ ਹੈ:

1. **ਘਰੇਲੂ ਮੰਗ ਨੂੰ ਵਧਾਵਾ:** ਪ੍ਰਧਾਨ ਮੰਤਰੀ ਨੇ ਦੇਸ਼ ਵਾਸੀਆਂ ਨੂੰ ‘ਮੇਡ ਇਨ ਇੰਡੀਆ’ ਉਤਪਾਦਾਂ ਨੂੰ ਤਰਜੀਹ ਦੇਣ ਦੀ ਅਪੀਲ ਕੀਤੀ ਹੈ। ਸਰਕਾਰ ਦੇਸ਼ ਭਰ ਵਿੱਚ ਵਸਤੂਆਂ ਅਤੇ ਸੇਵਾਵਾਂ ਟੈਕਸ (GST) ਦੀਆਂ ਦਰਾਂ ਘਟਾ ਕੇ ਖਰਚ ਨੂੰ ਉਤਸ਼ਾਹਿਤ ਕਰਨ ਦੀ ਯੋਜਨਾ ਬਣਾ ਰਹੀ ਹੈ।
2. **ਨਿਰਯਾਤਕਾਂ ਨੂੰ ਰਾਹਤ:** ਸਰਕਾਰ ਨਿਰਯਾਤਕਾਂ ਲਈ ਇੱਕ ਬਹੁ-ਅਰਬ ਡਾਲਰ ਦਾ ਵਿੱਤੀ ਪੈਕੇਜ ਤਿਆਰ ਕਰ ਰਹੀ ਹੈ। ਨਿਰਯਾਤ ਸੰਗਠਨਾਂ ਨੇ ਸਰਕਾਰ ਨੂੰ ਕਰਜ਼ੇ ਦੀ ਅਦਾਇਗੀ ’ਤੇ ਇੱਕ ਸਾਲ ਦੀ ਰੋਕ ਲਗਾਉਣ ਦੀ ਮੰਗ ਕੀਤੀ ਹੈ।
3. **ਬਾਜ਼ਾਰਾਂ ਦਾ ਵਿਭਿੰਨਤਾ:** ਭਾਰਤ ਯੂਕੇ ਵਰਗੇ ਦੇਸ਼ਾਂ ਨਾਲ ਮੁਕਤ ਵਪਾਰ ਸਮਝੌਤਿਆਂ ਰਾਹੀਂ ਆਪਣੇ ਨਿਰਯਾਤ ਲਈ ਨਵੇਂ ਬਾਜ਼ਾਰ ਲੱਭ ਰਿਹਾ ਹੈ।
4. **ਰਣਨੀਤਕ ਧੁਰੀ ਬਦਲਾਅ:** ਅਮਰੀਕੀ ਦਬਾਅ ਦੇ ਜਵਾਬ ਵਿੱਚ, ਭਾਰਤ ਚੀਨੀ ਨਿਵੇਸ਼ ਪ੍ਰਤੀ ਸਾਵਧਾਨੀ ਨਾਲ ਆਪਣੇ ਦਰਵਾਜ਼ੇ ਖੋਲ੍ਹ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ 2020 ਦੇ ਸਰਹੱਦੀ ਟਕਰਾਅ ਤੋਂ ਬਾਅਦ ਪਹਿਲੀ ਵਾਰ ਚੀਨ ਦਾ ਦੌਰਾ ਕਰਕੇ ਸ਼ੰਘਾਈ ਸਹਿਯੋਗ ਸੰਗਠਨ (SCO) ਸੰਮੇਲਨ ਵਿੱਚ ਹਿੱਸਾ ਲੈ ਰਹੇ ਹਨ।

ਪ੍ਰਧਾਨ ਮੰਤਰੀ ਮੋਦੀ ਨੇ ਸਪੱਸ਼ਟ ਕੀਤਾ ਹੈ ਕਿ ਦੁਨੀਆ ‘ਆਰਥਿਕ ਸਵਾਰਥ’ ਦੇ ਦੌਰ ਵਿੱਚੋਂ ਲੰਘ ਰਹੀ ਹੈ ਅਤੇ ‘ਭਾਰਤ ਆਪਣੇ ਹਿੱਤਾਂ ਦੀ ਰਾਖੀ ਲਈ ਬਹੁਤ ਭਾਰੀ ਕੀਮਤ ਚੁਕਾਉਣ ਲਈ ਤਿਆਰ ਹੈ।’

# ਮਨੁੱਖੀ ਜੀਵਨ ਦੇ ਰਾਹ ਦਸੇਰਾ : ਸ੍ਰੀ ਗੁਰੂ ਗ੍ਰੰਥ ਸਾਹਿਬ

ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ। ਇਸ ਵਿਚ ਦਰਜ ਇਲਾਹੀ ਬਾਣੀ ਇੰਨ-ਬਿੰਨ ਉਸੇ ਸ਼ੁੱਧ ਰੂਪ ਵਿਚ ਮੌਜੂਦ ਹੈ, ਜਿਵੇਂ ਇਸ ਨੂੰ ਗੁਰੂ ਸਾਹਿਬਾਨ, ਭਗਤ ਸਾਹਿਬਾਨ, ਭੱਟ ਸਾਹਿਬਾਨ ਨੇ ਉਚਾਰਨ ਕੀਤਾ ਸੀ। ਇਹ ਪਾਵਨ ਗੁਰਬਾਣੀ ਮਨੁੱਖੀ ਜੀਵਨ ਨੂੰ ਹਰ ਪੱਖ ਤੋਂ ਮੁਕੰਮਲ ਬਣਾਉਣ ਲਈ ਰਾਹ ਦਸੇਰਾ ਹੈ। ਵਿਸ਼ਵ ਦੇ ਧਰਮ ਗ੍ਰੰਥਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਾਨਵਤਾ ਨੂੰ ਜੋੜਨ ਵਾਲੇ ਪਾਵਨ ਗ੍ਰੰਥ ਹਨ, ਜਿਸ ਵਿਚ ਹਰ ਧਰਮ, ਵਰਗ, ਫਿਰਕੇ ਦੇ ਲੋਕਾਂ ਲਈ ਸਾਂਝਾ ਉਪਦੇਸ਼ ਦਰਜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਗੁਰਬਾਣੀ ਅੰਦਰ ਮਨੁੱਖ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਮੌਜੂਦ ਹੈ। ਅਧਿਆਤਮਿਕ ਤੇ ਧਾਰਮਿਕ ਸੇਧਾਂ ਦੇ ਨਾਲ-ਨਾਲ ਸਮਾਜਿਕ, ਆਰਥਿਕ, ਵਿਗਿਆਨਕ ਆਦਿ ਹਰ ਤਰ੍ਹਾਂ ਦੀਆਂ ਸੇਧਾਂ ਪਾਵਨ ਗੁਰਬਾਣੀ ਵਿਚੋਂ ਮਿਲਦੀਆਂ ਹਨ। ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਗੁਰੂ ਸਾਹਿਬਾਨ ਨੇ ਜਿਥੇ ਆਪ ਬਾਣੀ ਉਚਾਰਨ ਕੀਤੀ, ਉਥੇ ਆਪਣੀਆਂ ਪ੍ਰਚਾਰ ਯਾਤਰਾਵਾਂ ਦੌਰਾਨ ਵੱਖ-ਵੱਖ ਮਹਾਂਪੁਰਖਾਂ ਦੀ ਰਚਨਾ ਨੂੰ ਵੀ ਪੋਥੀਆਂ ਦੇ ਰੂਪ ਵਿਚ ਆਪਣੇ ਪਾਸ ਸੰਭਾਲਿਆ। ਇਹ ਬਾਣੀ ਪੀੜ੍ਹੀ-ਦਰ-ਪੀੜ੍ਹੀ ਅਗਲੇ ਗੁਰੂ ਸਾਹਿਬਾਨ ਪਾਸ ਪਹੁੰਚੀ। ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਪਾਵਨ ਬਾਣੀ ਨੂੰ ਸੰਪਾਦਿਤ ਕਰਨ ਲਈ ਸ੍ਰੀ ਅੰਮ੍ਰਿਤਸਰ ਵਿਖੇ ਜਿਸ ਰਮਣੀਕ ਥਾਂ ਨੂੰ ਚੁਣਿਆ, ਉਥੇ ਹੁਣ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਸੁਭਾਇਮਾਨ ਹੈ। ਇਸ ਅਸਥਾਨ ’ਤੇ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਨੇ ਕੀਤੀ। ਸੰਮਤ 1661 (1604 ਈ:) ਨੂੰ ਸੰਪਾਦਨਾ ਦਾ ਕਾਰਜ ਸੰਪੂਰਨ ਹੋਇਆ ਅਤੇ ਇਸੇ ਸਾਲ ਹੀ ਭਾਦੋਂ ਸੁਦੀ ਇਕ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ। ਸੇਵਾ-ਸੰਭਾਲ ਕਰਨ ਲਈ ਗੁਰੂ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਪਹਿਲੇ ਮੁੱਖ ਗ੍ਰੰਥੀ ਥਾਪਿਆ। ਇਸ ਤੋਂ ਬਾਅਦ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਦੇ ਸਥਾਨ ’ਤੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਸ਼ਾਮਿਲ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕੀਤੀ ਅਤੇ ਆਪ ਜੀ ਨੇ ਆਪਣੇ ਅੰਤਲੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇ ਕੇ ਸਿੱਖਾਂ ਨੂੰ ਸ਼ਬਦ ਗੁਰੂ ਨਾਲ ਅਮਲੀ ਰੂਪ ਵਿਚ ਜੋੜ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲੇ ਪ੍ਰਕਾਸ਼ ਦਾ ਇਤਿਹਾਸਕ ਹਵਾਲਾ ਇਸ ਦੀ ਵਡਿਆਈ ਨੂੰ ਸਪੱਸ਼ਟ ਕਰਨ ਵਾਲਾ ਹੈ। ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਸੰਪਾਦਨਾ ਦੇ ਕਾਰਜ ਦੀ ਸੰਪੂਰਨਤਾ ਉਪਰੰਤ ਭਾਦੋਂ ਸੁਦੀ ਇਕ ਸੰਮਤ 1661 (1604 ਈ:) ਨੂੰ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਤਾਂ ਇਸ ਮੌਕੇ ਇਕ ਵਿਸ਼ੇਸ਼ ਨਗਰ ਕੀਰਤਨ ਸਜਾਇਆ ਗਿਆ। ਇਸ ਨਗਰ ਕੀਰਤਨ ਵਿਚ ਸੰਗਤਾਂ ਹੁੰਮ-ਹੁਮਾ ਕੇ ਸ਼ਾਮਿਲ ਹੋਈਆਂ। ਇਹ ਦ੍ਰਿਸ਼ ਅਲੌਕਿਕ ਸੀ। ਸੰਗਤਾਂ ਵਿਚ ਸ਼ਰਧਾ ਤੇ ਸਤਿਕਾਰ ਦੀ ਸਿਖ਼ਰ ਸੀ। ਸਾਰਾ ਵਾਤਾਵਰਣ ਰੱਬੀ ਰੰਗ ਵਿਚ ਰੰਗਿਆ ਹੋਇਆ ਸੀ। ਇਹ ਪ੍ਰੰਪਰਾ ਹੁਣ ਵੀ ਬਰਕਰਾਰ ਹੈ ਅਤੇ ਹਰ ਸਾਲ ਪਹਿਲੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਦੇ ਅਸਥਾਨ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਂਦਾ ਹੈ।



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਗਿਆਨ ਦਾ ਅਜਿਹਾ ਸੋਮਾ ਹੈ, ਜੋ ਅਗਿਆਨਤਾ ਦੇ ਹਨੇਰੇ ਤੋਂ ਛੁਟਕਾਰੇ ਦਾ ਮਾਰਗ ਦਰਸਾਉਂਦਾ ਹੈ। ਗੁਰੂ ਸਾਹਿਬ ਨੇ ਗੁਰਬਾਣੀ ਦੇ ਗਿਆਨ ਜ਼ਰੀਏ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਰਾਹ ਦਰਸਾਇਆ ਹੈ। ਗੁਰਬਾਣੀ ਅੰਦਰ ਪਰਮਾਤਮਾ ਦਾ ਹਰ ਥਾਂ ਵਾਸਾ ਦੱਸਦਿਆਂ ਮਨੁੱਖਤਾ ਨੂੰ ਇਕਜੁੱਟ ਰਹਿਣ ਦਾ ਸੰਦੇਸ਼ ਦਿੱਤਾ ਹੈ। ਪਵਿੱਤਰ ਬਾਣੀ ਦਾ ਉਪਦੇਸ਼ ਹੈ ਕਿ ਰੱਬੀ ਭਾਣੇ’ਚ ਰਹਿ ਕੇ ਸਭਨਾਂ ਦਾ ਭਲਾ ਮਨਾਉਂਦਿਆਂ ਬ੍ਰਹਿਮੰਡੀ ਨਿਆਮਤਾਂ ਦੇ ਕਰਤੇ ਨੂੰ ਯਾਦ ਕਰਦਿਆਂ ਸਭ ਦੇ ਭਲੇ ਵਾਲੀ ਬਿਰਤੀ ਅਨੁਸਾਰ ਜੀਵਨ ਬਤੀਤ ਕਰਨਾ ਹੈ। ਪਾਵਨ ਗੁਰਬਾਣੀ ਦੇ ਬਚਨਾਂ ਨੂੰ ਕਮਾਉਣਾ ਹਰ ਸਿੱਖ ਦਾ ਮੁਢਲਾ ਫ਼ਰਜ਼ ਹੈ। ਗੁਰੂ ਸਾਹਿਬਾਨ ਨੇ ਗੁਰਬਾਣੀ ਦੁਆਰਾ ਸਿੱਖ ਨੂੰ ਜੀਵਨ ਜਿਊਣ ਲਈ ਜੋ ਸਿਧਾਂਤ ਬਖ਼ਸ਼ਿਸ਼ ਕੀਤੇ ਹਨ, ਉਨ੍ਹਾਂ ’ਤੇ ਅਮਲ ਕਰਨਾ ਹਰ ਸਿੱਖ ਦਾ ਪਰਮ ਧਰਮ ਕਰਤੱਵ ਹੈ। ਇਹ ਇਲਾਹੀ ਬਚਨ ਪਾਰ ਉਤਾਰਾ ਕਰਨ ਵਾਲੇ ਹਨ। ਪਾਵਨ ਗੁਰਬਾਣੀ ਵਿਚ ਗੁਰੂ ਸਾਹਿਬ ਨੇ ਇਸ ਸੰਬੰਧ ਵਿਚ ਸਪੱਸ਼ਟ ਫ਼ੁਰਮਾਨ ਕੀਤਾ ਹੈ:

**ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ ॥ ਜੋ ਸੁਣੇ ਕਮਾਵੈ ਸੁ ਉਤਰੈ ਪਾਰਿ ॥**
**ਜਨਮਿ ਨ ਮਰੈ ਨ ਆਵੈ ਨ ਜਾਇ ॥ ਹਰਿ ਸੇਤੀ ਓਹੁ ਰਹੈ ਸਮਾਇ ॥**

(**ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ** : 370)

ਅੱਜ ਲੋੜ ਹੈ ਕਿ ਗੁਰਮਤਿ ਦੀ ਵਿਚਾਰਧਾਰਾ ਨੂੰ ਗ੍ਰਹਿਣ ਕਰਦਿਆਂ ਆਪਣੇ ਜੀਵਨ ਨੂੰ ਗੁਰਬਾਣੀ ਅਨੁਸਾਰ ਢਾਲੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਮਨ ਵਿਚ ਵਸਾਇਆਂ ਹੀ ਨਿਰੰਕਾਰ ਨਾਲ ਅਭੇਦਤਾ ਹਾਸਿਲ ਹੋ ਸਕੇਗੀ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸ਼ੁਭ ਅਵਸਰ ’ਤੇ ਮੈਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਮੁਬਾਰਕਬਾਦ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਆਓ, ’ਗੁਰਬਾਣੀ ਇਸੁ ਜਗ ਮਹਿ ਚਾਨਣੁ’ ਨਾਲ ਆਪਣੀਆਂ ਜ਼ਿੰਦਗੀਆਂ ਰੌਸ਼ਨ ਕਰੀਏ।

**-ਹਰਜਿੰਦਰ ਸਿੰਘ ਧਾਮੀ**

# ਇਕ ਬੁਰੇ ਧੰਦੇ ਦੀ ਕੱਸੀ ਗਈ ਲਗਾਮ

ਕੇਂਦਰ ਸਰਕਾਰ ਵੱਲੋਂ ਲੋਕ ਸਭਾ ਅਤੇ ਫਿਰ ਰਾਜ ਸਭਾ ਵਿਚ ਹਫੜਾ-ਦਫੜੀ ਵਿਚ ਪਾਸ ਕਰਵਾਇਆ ਗਿਆ ਪ੍ਰਮੋਸ਼ਨ ਐਂਡ ਰੈਗੂਲੇਸ਼ਨ ਆਫ ਆਨਲਾਈਨ ਗੇਮਿੰਗ ਬਿੱਲ, 2025 ਕਾਨੂੰਨ ਵਿਚ ਬਦਲ ਗਿਆ ਹੈ ਅਤੇ ਇਸੇ ਦੇ ਨਾਲ ਹੀ ਇਸ ’ਤੇ ਅਮਲ ਵੀ ਸ਼ੁਰੂ ਹੋ ਗਿਆ ਹੈ। ਇਸ ਦੇ ਨਤੀਜੇ ਵਜੋਂ ਕਈ ਆਨਲਾਈਨ ਗੇਮਿੰਗ ਕੰਪਨੀਆਂ ਨੇ ਆਪਣੇ ਆਨਲਾਈਨ ਮਨੀ ਗੇਮ ਬੰਦ ਕਰਨੇ ਸ਼ੁਰੂ ਕਰ ਦਿੱਤੇ ਹਨ।

ਜਦੋਂ ਤੋਂ ਇੰਟਰਨੈੱਟ ਦਾ ਪ੍ਰਸਾਰ ਅਤੇ ਉਸ ਦੀ ਉਪਲਬਧਤਾ ਵਧੀ ਹੈ ਅਤੇ ਮੋਬਾਈਲ ਫੋਨ ’ਤੇ ਆਨਲਾਈਨ ਗੇਮਾਂ ਦਾ ਰੁਝਾਨ ਵਧਿਆ ਹੈ ਤਦ ਤੋਂ ਕੁਝ ਅਜਿਹੀਆਂ ਕੰਪਨੀਆਂ ਵੀ ਸਾਹਮਣੇ ਆਈਆਂ ਹਨ ਜਿਨ੍ਹਾਂ ਨੇ ਗੇਮਜ਼ ਦੀ ਆੜ ਵਿਚ ਸੱਟੇਬਾਜ਼ੀ ਅਤੇ ਜੂਏ ਦਾ ਕਾਰੋਬਾਰ ਸ਼ੁਰੂ ਕਰ ਦਿੱਤਾ।

ਪਿਛਲੇ ਕਈ ਸਾਲਾਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਇਸ ਗੱਲ ਦੀ ਪੂਰੀ ਜਾਣਕਾਰੀ ਸੀ ਕਿ ਪੈਸੇ ਦੇ ਲੈਣ-ਦੇਣ ’ਤੇ ਆਧਾਰਤ ਆਨਲਾਈਨ ਗੇਮਜ਼ ਕੰਪਨੀਆਂ ਗੇਮਜ਼ ਦੇ ਨਾਂ ’ਤੇ ਸੱਟੇਬਾਜ਼ੀ ਦੀ ਖੇਡ ਨੂੰ ਖੇਡ ਰਹੀਆਂ ਸਨ। ਇਸ ਸੱਟੇਬਾਜ਼ੀ ਕਾਰਨ ਕਈ ਲੋਕ ਜੂਏ ਦੀ ਲਤ ਵਿਚ ਆਪਣਾ ਨੁਕਸਾਨ ਕਰ ਰਹੇ ਸਨ। ਤਮਿਲਨਾਡੂ, ਆਂਧਰ ਪ੍ਰਦੇਸ਼ ਆਦਿ ਸਰਕਾਰਾਂ ਨੇ ਤਾਂ ਉਨ੍ਹਾਂ ’ਤੇ ਪਾਬੰਦੀ ਵੀ ਲਗਾਈ ਪਰ ਸਬੰਧਤ ਹਾਈ ਕੋਰਟਾਂ ਨੇ ਰਾਜ ਸਰਕਾਰਾਂ ਦੇ ਤਰਕਾਂ ਨੂੰ ਖ਼ਾਰਜ ਕਰ ਦਿੱਤਾ ਅਤੇ ਸੱਟੇਬਾਜ਼ੀ ਵਾਲੀਆਂ ਆਨਲਾਈਨ ਗੇਮਾਂ ਨੂੰ ਹੁਨਰ ਨਾਲ ਜੁੜੀਆਂ ਖੇਡਾਂ ਵਜੋਂ ਮੰਨਿਆ। ਇਸ ਦਾ ਨਤੀਜਾ ਇਹ ਹੋਇਆ ਕਿ ਅਜਿਹੀਆਂ ਕੰਪਨੀਆਂ ਆਪਣਾ ਕਾਰੋਬਾਰ ਖੁੱਲ੍ਹ ਕੇ ਕਰਨ ਲੱਗੀਆਂ ਅਤੇ ਇਨ੍ਹਾਂ ਵਿੱਚੋਂ ਇਕ ਕੰਪਨੀ ਤਾਂ ਭਾਰਤੀ ਕ੍ਰਿਕਟ ਟੀਮ ਦੀ ਸਪਾਂਸਰ ਵੀ ਬਣ ਗਈ ਅਤੇ ਉਸ ਦਾ ਪ੍ਰਚਾਰ ਨਾਮੀ ਕ੍ਰਿਕਟਰ ਕਰਨ ਲੱਗੇ। ਇਹ ਚੰਗੀ ਗੱਲ ਹੈ ਕਿ ਕੇਂਦਰ ਸਰਕਾਰ ਆਨਲਾਈਨ ਗੇਮਿੰਗ ਦੇ ਨਾਂ ’ਤੇ ਚੱਲ ਰਹੀ ਸੱਟੇਬਾਜ਼ੀ ਅਤੇ ਜੂਏ ਖ਼ ?ਲਾਫ਼ ਚੌਕਸ ਹੋਈ ਹੈ।

ਉਸ ਵੱਲੋਂ ਆਨਲਾਈਨ ਮਨੀ ਗੇਮਜ਼ ’ਤੇ ਰੋਕ ਲਗਾਉਣਾ ਜ਼ਰੂਰੀ ਹੋ ਗਿਆ ਸੀ। ਇਸ ਸਿਲਸਿਲੇ ਵਿਚ ਜੋ ਕਾਨੂੰਨ ਬਣਾਇਆ ਗਿਆ ਹੈ, ਉਹ ਆਨਲਾਈਨ ਸੱਟੇਬਾਜ਼ੀ ਅਤੇ ਜੂਏ ’ਤੇ ਨਿਯੰਤਰਣ ਦੀ ਕੋਸ਼ਿਸ਼ ਹੈ ਪਰ ਇਸੇ ਦੇ ਨਾਲ ਹੀ ਇਹ ਹੁਨਰ ਵਾਲੀਆਂ ਆਨਲਾਈਨ ਖੇਡਾਂ ਨੂੰ ਹੁਲਾਰਾ ਦੇਣ ਵਾਲਾ ਵੀ ਹੈ।

ਇਨ੍ਹਾਂ ਦੋਹਾਂ ਵਿਚ ਫ਼ਰਕ ਕਰਨਾ ਜ਼ਰੂਰੀ ਹੈ ਕਿਉਂਕਿ ਜਿੱਥੇ ਆਨਲਾਈਨ ਸੱਟੇਬਾਜ਼ੀ ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਪੈਦਾ ਕਰ ਰਹੀ ਸੀ, ਓਥੇ ਹੀ ਹੁਨਰ ਵਾਲੀਆਂ ਆਨਲਾਈਨ ਗੇਮਜ਼ ਇੰਟਰਨੈੱਟ ਆਧਾਰਤ ਇਕ ਨਵਾਂ ਉੱਦਮ ਹਨ। ਇਨ੍ਹਾਂ ਨੂੰ ਦੁਨੀਆ ਭਰ ਵਿਚ ਹੱਲਾਸ਼ੇਰੀ ਮਿਲ ਰਹੀ ਹੈ ਅਤੇ ਲੋਕ ਆਪਣੇ ਹੁਨਰ ਅਤੇ ਸ਼ੌਕ ਮੁਤਾਬਕ ਇਨ੍ਹਾਂ ਨੂੰ ਖੇਡਦੇ ਹਨ।

ਇਨ੍ਹਾਂ ਦੇ ਮੁਕਾਬਲੇ ਵੀ ਹੋਣ ਲੱਗੇ ਹਨ। ਕਿਉਂਕਿ ਇਨ੍ਹਾਂ ਵਿਚ ਪੈਸੇ ਦਾ ਕੋਈ ਲੈਣ-ਦੇਣ ਨਹੀਂ ਹੁੰਦਾ, ਇਸ ਲਈ ਇਨ੍ਹਾਂ ਦੇ ਪ੍ਰਫੁੱਲਿਤ ਹੋਣ ਵਿਚ ਕੋਈ ਹਰਜ ਨਹੀਂ ਹੈ। ਅੱਜ ਕਰੋੜਾਂ ਲੋਕ ਅਤੇ ਖ਼ਾਸ ਕਰਕੇ ਨੌਜਵਾਨ ਵਰਗ ਆਨਲਾਈਨ ਗੇਮਿੰਗ ਵਿਚ ਰੁਚੀ ਰੱਖਦੇ ਹਨ। ਇਹ ਵੀ ਇਕ ਉਦਯੋਗ ਦਾ ਰੂਪ ਲੈ ਚੁੱਕਾ ਹੈ ਅਤੇ ਲੋਕਾਂ ਨੂੰ ਰੋਜ਼ਗਾਰ ਅਤੇ ਸਰਕਾਰ ਨੂੰ ਮਾਲੀਆ ਪ੍ਰਦਾਨ ਕਰਦਾ ਹੈ।

ਭਾਰਤ ਦਾ ਆਨਲਾਈਨ ਗੇਮਿੰਗ ਬਾਜ਼ਾਰ ਤੇਜ਼ੀ ਨਾਲ ਵਧਿਆ ਹੈ। ਸਾਲ 2023-24 ਵਿਚ ਇਹ 23 ਪ੍ਰਤੀਸ਼ਤ ਦੀ ਦਰ ਨਾਲ ਵਧ ਕੇ 3.8 ਅਰਬ



ਡਾਲਰ ਤੱਕ ਪੁੱਜ ਗਿਆ ਸੀ। ਇਕ ਅੰਕੜੇ ਮੁਤਾਬਕ ਆਪਣੇ ਦੇਸ਼ ਵਿਚ 2024 ਵਿਚ ਆਨਲਾਈਨ ਗੇਮਜ਼ ਖੇਡਣ ਵਾਲਿਆਂ ਦੀ ਗਿਣਤੀ 45 ਕਰੋੜ ਤੋਂ ਵੱਧ ਹੋ ਚੁੱਕੀ ਸੀ ਪਰ ਇਸ ਆਕਰਸ਼ਕ ਤਸਵੀਰ ਦੇ ਪਿੱਛੇ ਉਸ ਬੁਰੇ ਧੰਦੇ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਜੋ ਖ਼ਤਰਾ ਬਣ ਗਿਆ ਸੀ। ਇਹ ਖ਼ਤਰਾ ਸੱਟੇਬਾਜ਼ੀ ਅਤੇ ਜੂਏ ਦੀ ਲਤ ਵਧਣ ਦੇ ਰੂਪ ਵਿਚ ਸੀ। ਇਸ ਲਤ ਦੇ ਕਾਰਨ ਕਈ ਲੋਕਾਂ ਨੇ ਆਪਣੇ ਲੱਖਾਂ ਰੁਪਏ ਗੁਆਏ ਅਤੇ ਹਤਾਸ਼ ਹੋ ਕੇ ਆਤਮਹੱਤਿਆ ਵੀ ਕੀਤੀ। ਆਤਮਹੱਤਿਆ ਦੇ ਅਜਿਹੇ ਕੁਝ ਮਾਮਲਿਆਂ ਦਾ ਜ਼ਿਕਰ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਵੀ ਕੀਤਾ।

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਆਨਲਾਈਨ ਮਨੀ ਗੇਮਜ਼ ਦੀ ਆੜ ਵਿਚ ਹੋ ਰਹੀ ਸੱਟੇਬਾਜ਼ੀ ’ਤੇ ਰੋਕ ਲਗਾਉਣ ਲਈ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਨਾਕਾਮੀ ਮਿਲੀ। ਸੱਟੇਬਾਜ਼ੀ ਵਾਲੀ ਆਨਲਾਈਨ ਗੇਮਿੰਗ ਨੂੰ ਹੁਲਾਰਾ ਦੇ ਕੇ ਆਪਣੀਆਂ ਤਿਜੌਰੀਆਂ ਭਰਨ ਵਾਲੀਆਂ ਗੇਮਿੰਗ

**-ਸੰਜੇ ਗੁਪਤ**

ਕੰਪਨੀਆਂ ਨੇ ਇਕ ਅਨੈਤਿਕ ਸਮਾਨਾਂਤਰ ਆਰਥਿਕਤਾ ਕਾਇਮ ਕਰ ਲਈ ਸੀ।

ਇਸ ਵਿਚ ਉਪਭੋਗਤਾਵਾਂ ਯਾਨੀ ਆਨਲਾਈਨ ਗੇਮਿੰਗ ਜ਼ਰੀਏ ਸੱਟੇਬਾਜ਼ੀ ਕਰਨ ਵਾਲਿਆਂ ਨੂੰ ਨਾ ਤਾਂ ਕਿਸੇ ਤਰ੍ਹਾਂ ਦੀ ਸੁਰੱਖਿਆ ਪ੍ਰਾਪਤ ਸੀ ਅਤੇ ਨਾ ਹੀ ਉਨ੍ਹਾਂ ਦੀਆਂ ਸ਼ਿਕਾਇਤਾਂ-ਸਮੱਸਿਆਵਾਂ ਦੀ ਸੁਣਵਾਈ ਕਰਨ ਦੀ ਕੋਈ ਵਿਵਸਥਾ ਸੀ। ਕੁੱਲ ਮਿਲਾ ਕੇ ਮਨਮਾਨੀ ਹੋ ਰਹੀ ਸੀ। ਹੁਣ ਇਸ ਮਨਮਾਨੀ ’ਤੇ ਇਕ ਵੱਡੀ ਹੱਦ ਤੱਕ ਰੋਕ ਲੱਗੇਗੀ ਕਿਉਂਕਿ ਸੱਟੇਬਾਜ਼ੀ ਵਾਲੀਆਂ ਆਨਲਾਈਨ ਗੇਮਜ਼ ਦਾ ਪ੍ਰਚਾਰ-ਪ੍ਰਸਾਰ ਪਾਬੰਦੀਸ਼ੁਦਾ ਕੀਤਾ ਜਾਵੇਗਾ। ਇਸ ਦੀ ਉਲੰਘਣਾ ਕਰਨ ਵਾਲਿਆਂ ਨੂੰ ਜੁਰਮਾਨੇ ਦੇ ਨਾਲ-ਨਾਲ ਕੈਦ ਵੀ ਹੋ ਸਕਦੀ ਹੈ। ਇਸ ਤੋਂ ਇਲਾਵਾ, ਸੱਟੇਬਾਜ਼ੀ ਕਰਵਾਉਣ ਵਾਲੀਆਂ ਆਨਲਾਈਨ ਕੰਪਨੀਆਂ ਨੂੰ ਬੈਂਕ ਭੁਗਤਾਨ ਪ੍ਰਣਾਲੀ ਤੋਂ ਅਲੱਗ ਕੀਤਾ ਜਾਵੇਗਾ।

ਚੰਗਾ ਹੋਵੇਗਾ ਕਿ ਸਰਕਾਰ ਨਵੇਂ ਕਾਨੂੰਨ ਮੁਤਾਬਕ ਰੈਗੂਲੇਟਰੀ ਅਥਾਰਟੀ ਛੇਤੀ ਬਣਾਏ ਤਾਂ ਜੋ ਆਨਲਾਈਨ ਸੱਟੇਬਾਜ਼ੀ ਅਤੇ ਜੂਏ ’ਤੇ ਰੋਕ ਲੱਗਣ ਦੇ ਨਾਲ-ਨਾਲ ਈ-ਸਪੋਰਟਸ ਅਤੇ ਈ-ਸੋਸ਼ਲ ਜਿਹੀਆਂ ਗੇਮਜ਼ ਦਾ ਬਿਹਤਰ ਨਿਯਮਨ ਹੋਵੇ, ਉਨ੍ਹਾਂ ਦਾ ਬਾਜ਼ਾਰ ਵਧੇ ਅਤੇ ਰੁਜ਼ਗਾਰ ਮਿਲਣ ਦੇ ਨਾਲ-ਨਾਲ ਮਾਲੀਆ ਵੀ ਪ੍ਰਾਪਤ ਹੋਵੇ।

ਸੱਟੇਬਾਜ਼ੀ ਅਤੇ ਜੂਏ ਦੀ ਲਤ ਲੋਕਾਂ ਨੂੰ ਬਰਬਾਦ ਕਰਦੀ ਹੈ। ਇਸ ਕਾਰਨ ਉਨ੍ਹਾਂ ਦੇ ਘਰ-ਪਰਿਵਾਰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ ਅਤੇ ਉਨ੍ਹਾਂ ਦੀ ਬਾਤ ਪੁੱਛਣ ਵਾਲਾ ਕੋਈ ਨਹੀਂ ਹੁੰਦਾ। ਸਮਾਜਿਕ ਤਾਣੇ-ਬਾਣੇ ਦੀ ਸੁਰੱਖਿਆ ਲਈ ਸਰਕਾਰ ਨੂੰ ਉਕਤ ਕਾਨੂੰਨ ਬਣਾਉਣਾ ਪਿਆ। ਜੋ ਕੰਪਨੀਆਂ ਲੋਕਾਂ ਨੂੰ ਆਨਲਾਈਨ ਜੂਆ ਖਿਡਾਉਣ ਦਾ ਕੰਮ ਕਰ ਰਹੀਆਂ ਸਨ, ਉਨ੍ਹਾਂ ਬਾਰੇ ਇਹ ਖ਼ਦਸ਼ਾ ਹੈ ਕਿ ਉਹ ਮਨੀ ਲਾਂਡਰਿੰਗ ਦਾ ਵੀ ਕੰਮ ਕਰਦੀਆਂ ਸਨ ਅਤੇ ਉਨ੍ਹਾਂ ਦਾ ਪੈਸਾ ਦੇਸ਼ ਵਿਰੋਧੀ ਗਤੀਵਿਧੀਆਂ ਵਿਚ ਵੀ ਖਪਾਇਆ ਜਾਂਦਾ ਸੀ। ਅਜਿਹੀਆਂ ਕੰਪਨੀਆਂ ਦੀ ਲਗਾਮ ਕੱਸਣ ਲਈ 2021 ਵਿਚ ਆਈਟੀ ਨਿਯਮਾਂ ਵਿਚ ਸੋਧ ਕੀਤੀ ਗਈ ਪਰ ਗੱਲ ਨਹੀਂ ਬਣੀ। ਇਸ ਦੇ ਬਾਅਦ ਵੀ ਕੁਝ ਲੋਕਾਂ ਦਾ ਤਰਕ ਹੈ ਕਿ ਹੋਰ ਦੇਸ਼ਾਂ ਦੀ ਤਰ੍ਹਾਂ ਭਾਰਤ ਵਿਚ ਵੀ ਆਨਲਾਈਨ ਮਨੀ ਗੇਮਜ਼ ’ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੀ ਬਜਾਏ ਉਨ੍ਹਾਂ ਦਾ ਚੰਗੀ ਤਰ੍ਹਾਂ ਸੰਚਾਲਨ ਕੀਤਾ ਜਾਣਾ ਚਾਹੀਦਾ ਹੈ। ਇਹ ਇਕ ਤਰਕ ਤਾਂ ਹੈ ਪਰ ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਇਹ ਇਕ ਮੁਸ਼ਕਲ ਕੰਮ ਹੈ। ਇਹ ਵੀ ਕਿਸੇ ਤੋਂ ਲੁਕਿਆ ਨਹੀਂ ਕਿ ਇੰਟਰਨੈੱਟ ਆਧਾਰਤ ਕੰਪਨੀਆਂ ਕਿਸ ਤਰ੍ਹਾਂ ਹਰ ਤਰ੍ਹਾਂ ਦੇ ਨਿਯਮਾਂ ਦਾ ਤੋੜ ਕੱਢਣ ਵਿਚ ਸਮਰੱਥ ਹੁੰਦੀਆਂ ਹਨ। ਉਨ੍ਹਾਂ ਦੀ ਲਗਾਮ ਕੱਸਣੀ ਬੇਹੱਦ ਜ਼ਰੂਰੀ ਹੋ ਗਈ ਹੈ।

ਹਾਲੇ ਵੀ ਇਸ ਦੀ ਸ਼ੰਕਾ ਹੈ ਕਿ ਅਜਿਹੀਆਂ ਕੰਪਨੀਆਂ ਛਲ-ਕਪਟ ਨਾਲ ਸਰਗਰਮ ਹੋਣ ਦੀ ਕੋਸ਼ਿਸ਼ ਕਰ ਸਕਦੀਆਂ ਹਨ। ਸਰਕਾਰ ਨੂੰ ਇਸ ਪ੍ਰਤੀ ਬੇਹੱਦ ਚੌਕਸ ਰਹਿਣਾ ਚਾਹੀਦਾ ਹੈ। ਸਰਕਾਰ ਦੀ ਪਹਿਲੀ ਤਰਜੀਹ ਇਕ ਬੁਰੇ ਧੰਦੇ ਤੋਂ ਲੋਕਾਂ ਨੂੰ ਬਚਾਉਣ ਦੀ ਹੋਣੀ ਚਾਹੀਦੀ ਹੈ। ਇਸ ਧੰਦੇ ਦੀ ਬੁਰਾਈ ਨੂੰ ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਇਕ ਅਨੁਮਾਨ ਮੁਤਾਬਕ ਆਪਣੇ ਦੇਸ਼ ਵਿਚ ਲੋਕਾਂ ਨੂੰ ਸੱਟੇਬਾਜ਼ੀ ਵਾਲੀਆਂ ਆਨਲਾਈਨ ਗੇਮਜ਼ ਕਾਰਨ ਸਾਲਾਨਾ 20 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਉਠਾਉਣਾ ਪੈ ਰਿਹਾ ਸੀ।

ਇਹ ਸਰਕਾਰ ਦੀ ਵੱਡੀ ਨਾਕਾਮੀ ਗਿਣੀ ਜਾ ਰਹੀ ਸੀ ਕਿ ਉਸ ਦੇ ਨੱਕ ਹੇਠ ਆਰਥਿਕ ਬੇਨਿਯਮੀਆਂ ਹੋ ਰਹੀਆਂ ਸਨ। ਇਨ੍ਹਾਂ ਹਾਲਾਤ ਵਿਚ ਇਸ ’ਤੇ ਜ਼ੋਰ ਦੇਣਾ ਠੀਕ ਨਹੀਂ ਕਿ ਆਨਲਾਈਨ ਮਨੀ ਗੇਮਜ਼ ’ਤੇ ਪਾਬੰਦੀ ਲਗਾਉਣ ਨਾਲ ਸਰਕਾਰ ਨੂੰ ਮਾਲੀਏ ਦਾ ਨੁਕਸਾਨ ਹੋਵੇਗਾ ਅਤੇ ਹਜ਼ਾਰਾਂ ਨੌਕਰੀਆਂ ਵੀ ਜਾਣਗੀਆਂ।

ਫੌਰੀ ਤੌਰ ’ਤੇ ਕੁਝ ਨੌਕਰੀਆਂ ਜ਼ਰੂਰ ਜਾਣਗੀਆਂ ਪਰ ਕੀ ਮਾਲੀਏ ਦੇ ਲੋਭ ਵਿਚ ਸਰਕਾਰ ਇਕ ਅਨੈਤਿਕ ਅਤੇ ਹਾਨੀਕਾਰਕ ਧੰਦੇ ਦੀ ਅਣਦੇਖੀ ਕਰ ਦੇਵੇ? ਆਖ਼ਰ ਇਸ ਜ਼ਰੂਰੀ ਪਹਿਲੂ ’ਤੇ ਵਿਚਾਰ ਕਿਉਂ ਨਹੀਂ ਕੀਤਾ ਜਾਂਦਾ ਕਿ ਆਨਲਾਈਨ ਮਨੀ ਗੇਮਜ਼ ਕਾਰਨ ਲੋਕਾਂ ਦੇ ਜੋ ਹਜ਼ਾਰਾਂ ਕਰੋੜ ਰੁਪਏ ਬਰਬਾਦ ਹੋ ਰਹੇ ਸਨ, ਉਹ ਹੁਣ ਉਨ੍ਹਾਂ ਦੇ ਕੰਮ ਆਉਣਗੇ ਅਤੇ ਇਸ ਦਾ ਲਾਭ ਕਿਸੇ ਨਾ ਕਿਸੇ ਰੂਪ ਵਿਚ ਦੇਸ਼ ਦੀ ਆਰਥਿਕਤਾ ਨੂੰ ਵੀ ਮਿਲੇਗਾ।

ਸਾਡੇ ਲੋਕ SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

### ਗਲਤ ਮੋੜ ਕੱਟਣ ਕਾਰਨ ਵਾਪਰੇ ਹਾਦਸੇ ਦਾ ਮਾਮਲਾ

# ਯੂਐਸ ਇਮੀਗ੍ਰੇਸ਼ਨ ਵੱਲੋਂ ਟਰੱਕ ਡਰਾਈਵਰ ਹਰਜਿੰਦਰ ਸਿੰਘ ਦਾ ਭਰਾ ਹਰਨੀਤ ਸਿੰਘ ਵੀ ਗ੍ਰਿਫਤਾਰ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਵੱਲੋਂ ਫਲੋਰਿਡਾ ਵਿੱਚ ਵਾਪਰੇ ਟਰੱਕ ਹਾਦਸੇ ਦੇ ਮਾਮਲੇ ਵਿੱਚ 25 ਸਾਲਾ ਪੰਜਾਬੀ ਨੌਜਵਾਨ ਹਰਨੀਤ ਸਿੰਘ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਇਸ ਹਾਦਸੇ ਵਿੱਚ 3 ਲੋਕ ਮਾਰੇ ਗਏ ਸਨ। ਹਰਨੀਤ ਸਿੰਘ ਟਰੱਕ ਵਿੱਚ ਸਵਾਰ ਸੀ ਤੇ ਟਰੱਕ ਨੂੰ ਉਸ ਦਾ ਭਰਾ ਹਰਜਿੰਦਰ ਸਿੰਘ ਚਲਾ ਰਿਹਾ ਸੀ ਜਿਸ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਤੇ ਉਸ ਵਿਰੁੱਧ ਹੱਤਿਆ ਸਮੇਤ ਹੋਰ ਦੋਸ਼ ਲਾਏ ਗਏ ਹਨ। ਫਲੋਰਿਡਾ ਡਿਪਾਰਟਮੈਂਟ ਆਫ ਹਾਈਵੇਅ ਸੇਫਟੀ ਐਂਡ ਮੋਟਰ ਵੀਹਾਈਕਲਜ ਅਨੁਸਾਰ ਹਾਦਸਾ ਜੋ 12 ਅਗਸਤ ਨੂੰ ਲੂਸੀ ਕਾਊਂਟੀ ਵਿੱਚ ਵਾਪਰਿਆ ਸੀ, ਵਿੱਚ ਹਰਜਿੰਦਰ ਸਿੰਘ ਨੇ ਗਲਤ ਢੰਗ ਨਾਲ ਮੋੜ ਕੱਟਿਆ ਜਿਸ ਕਾਰਨ 3 ਜਾਨਾਂ ਚੱਲੀਆਂ ਗਈਆਂ ਸਨ। ਆਈ ਸੀ ਈ ਅਨੁਸਾਰ ਹਰਨੀਤ ਸਿੰਘ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਰਹਿ ਰਿਹਾ ਸੀ ਤੇ ਉਸ ਵਿਰੁੱਧ ਭਾਰਤ ਵਾਪਿਸ ਭੇਜਣ ਦੀ ਕਾਰਵਾਈ ਚੱਲ ਰਹੀ ਹੈ।

# ਅਦਾਕਾਰ ਮੈਥੀਊ ਪੈਰੀ ਦੀ ਮੌਤ ਦੇ ਮਾਮਲੇ ਵਿੱਚ ਪੰਜਾਬਣ ਜਸਵੀਨ ਸੰਘਾ ਨੇ ਗੁਨਾਹ ਕਬੂਲਿਆ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਤੇ ਬਰਤਾਨੀਆ ਦੀ ਦੋਹਰੀ ਨਾਗਰਿਕਤਾ ਰੱਖਣ ਵਾਲੀ ਪੰਜਾਬਣ 42 ਸਾਲਾ ਜਸਵੀਨ ਸੰਘਾ ਜਿਸ ਨੂੰ ਕੈਟਾਮਾਈਨ ਕੁਈਨ ਵੀ ਕਿਹਾ ਜਾਂਦਾ ਹੈ, ਨੇ 2023 ਵਿੱਚ ਅਦਾਕਾਰ ਮੈਥੀਊ ਪੈਰੀ ਦੀ ਓਵਰਡੋਜ਼ ਕਾਰਨ ਹੋਈ ਮੌਤ ਦੇ ਮਾਮਲੇ ਵਿੱਚ ਆਪਣੇ ਵਿਰੁੱਧ ਲੱਗੇ ਸੰਘੀ ਦੋਸ਼ਾਂ ਨੂੰ ਮੰਨ ਲਿਆ ਹੈ। ਇਹ ਜਾਣਕਾਰੀ ਇਸਤਗਾਸਾ ਪੱਖ ਨੇ ਦਿੱਤੀ ਹੈ। ਸੰਘਾ ਨੇ ਡਰੱਗ ਰੱਖਣ ਤੇ ਕੈਟਾਮਾਈਨ ਵੰਡਣ ਜਿਸ ਕਾਰਨ ਮੌਤ ਹੋਈ, ਸਮੇਤ ਹੋਰ ਦੋਸ਼ਾਂ ਨੂੰ ਕਬੂਲ ਕਰ ਲਿਆ ਹੈ। ਜਾਂਚਕਾਰਾਂ ਅਨੁਸਾਰ ਸੰਘਾ ਨੇ ਪੈਰੀ ਨੂੰ ਕਈ ਵਾਰ ਕੈਟਾਮਾਈਨ ਦੀ ਸਪਲਾਈ ਕੀਤੀ ਹਾਲਾਂ ਕਿ ਉਹ ਜਾਣਦੀ ਸੀ ਕਿ ਅਦਾਕਾਰ ਨੂੰ ਡਰੱਗ ਦੀ ਆਦਤ ਹੈ। ਲਾਸ ਏਂਜਲਸ ਕਾਊਂਟੀ ਜਾਂਚਕਾਰ ਨੇ ਪੁਸ਼ਟੀ ਕੀਤੀ ਸੀ ਕਿ 28ਅਕਤੂਬਰ.2023 ਨੂੰ ਪੈਰੀ ਦੀ ਮੌਤ ਦਾ ਮੁੱਢਲਾ ਕਾਰਨ ਜ਼ਹਿਰੀਲਾ ਕੈਟਾਮਾਈਨ ਸੀ। ਸੰਘਾ ਨੂੰ ਸਜ਼ਾ ਸੁਣਾਉਣ ਦੀ ਤਰੀਕ ਅਜੇ ਤੈਅ ਨਹੀਂ ਹੋਈ ਹੈ। ਇਸਤਗਾਸਾ ਪੱਖ ਅਨੁਸਾਰ ਉਸ ਨੂੰ 45 ਸਾਲ ਤੱਕ ਜੇਲ ਦੀ ਸਜ਼ਾ ਹੋ ਸਕਦੀ ਹੈ।

# ਫਲੋਰਿਡਾ ਹਾਦਸਾ: ਟਰੱਕ ਡਰਾਈਵਰ ਹਰਜਿੰਦਰ ਸਿੰਘ ਲਈ 2.9 ਮਿਲੀਅਨ ਤੋਂ ਵੱਧ ਲੋਕਾਂ ਨੇ ਪਟੀਸ਼ਨ 'ਤੇ ਕੀਤੇ ਦਸਤਖ਼ਤ



ਫਲੋਰਿਡਾ (ਅਮਰੀਕਾ) : ਬੀਤੇ ਦਿਨੀਂ ਫਲੋਰਿਡਾ 'ਚ ਪੰਜਾਬੀ ਟਰੱਕ ਡਰਾਈਵਰ ਹਰਜਿੰਦਰ ਸਿੰਘ ਵੱਲੋਂ ਅਚਾਨਕ ਗਲਤ ਯੂ-ਟਰਨ ਲੈਣ ਕਾਰਨ ਇਕ ਸੜਕ ਹਾਦਸਾ (Florida Accident) ਵਾਪਰ ਗਿਆ ਸੀ। ਇਸ ਹਾਦਸੇ ਦੌਰਾਨ ਵਾਹਨ ਚਾਲਕ ਸਮੇਤ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਜਿਸ ਤੋਂ ਬਾਅਦ ਪੰਜਾਬੀ ਟਰੱਕ ਡਰਾਈਵਰ ਹਰਜਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਟਰੱਕ ਡਰਾਈਵਰ ਹਰਜਿੰਦਰ ਸਿੰਘ ਲਈ ਨਿਰਪੱਖ ਸਜ਼ਾ ਦੀ ਮੰਗ ਕਰਨ ਵਾਲੀ ਇੱਕ ਪਟੀਸ਼ਨ ਨੂੰ ਭਾਰੀ ਹੁੰਗਾਰਾ ਮਿਲਿਆ ਹੈ, ਜਿਸ 'ਤੇ ਕੁਝ ਹੀ ਦਿਨਾਂ ਵਿੱਚ 2.9 ਮਿਲੀਅਨ ਤੋਂ ਵੱਧ ਪ੍ਰਮਾਣਿਤ ਦਸਤਖਤ ਹੋ ਚੁੱਕੇ ਹਨ ਤਾਂ ਜੋ ਉਨ੍ਹਾਂ ਨੂੰ ਬਚਾਇਆ ਜਾ ਸਕੇ।

ਦੱਸ ਦਈਏ ਕਿ ਇਸ ਘਟਨਾ ਤੋਂ ਬਾਅਦ ਹਰਜਿੰਦਰ ਸਿੰਘ ਨੂੰ ਕਈ ਸਾਲਾਂ ਲਈ ਜੇਲ੍ਹ ਦੀ ਸਜ਼ਾ ਹੋਣ ਦਾ ਖ਼ਤਰਾ ਹੈ। ਅਮਰੀਕੀ ਕਾਨੂੰਨ ਅਨੁਸਾਰ, ਉਸਨੂੰ ਹੁਣ ਕਤਲ ਦੇ ਦੋਸ਼ ਵਿੱਚ 45 ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਹਾਦਸੇ ਤੋਂ ਬਾਅਦ ਉੱਥੋਂ ਦੀ ਸਰਕਾਰ ਸਖ਼ਤ ਹੋ ਗਈ ਹੈ। ਸਰਕਾਰ ਨੇ ਵਿਦੇਸ਼ੀ ਟਰੱਕ ਡਰਾਈਵਰਾਂ ਨੂੰ ਵਰਕ ਵੀਜ਼ਾ ਦੇਣ 'ਤੇ ਰੋਕ ਲਾਉਣ ਦੀ ਗੱਲ ਵੀ ਆਖੀ ਹੈ।

ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਵੀ ਇਸ ਮਾਮਲੇ ਵਿੱਚ ਅੱਗੇ ਆਈਆਂ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਮਾਮਲੇ ਨੂੰ ਤੁਰੰਤ ਅਮਰੀਕੀ ਸਰਕਾਰ ਦੇ ਸਾਹਮਣੇ ਪਹਿਲ ਦੇ ਆਧਾਰ 'ਤੇ ਉਠਾਉਣ ਅਤੇ ਇਸ ਪੰਜਾਬੀ ਸਿੱਖ ਨੌਜਵਾਨ ਨੂੰ ਇਨਸਾਫ਼ ਦਿਵਾਉਣ ਲਈ ਠੋਸ ਕਦਮ ਚੁੱਕਣ। ਆਮ ਆਦਮੀ ਪਾਰਟੀ ਦੇ ਮੰਤਰੀ ਸੰਜੀਵ ਅਰੋੜਾ ਨੇ ਵੀ ਵਿਦੇਸ਼ ਮੰਤਰਾਲੇ ਨੂੰ ਦਖਲ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕੀ ਸਰਕਾਰ ਦਾ ਸਾਰੇ ਵਿਦੇਸ਼ੀ ਟਰੱਕ ਡਰਾਈਵਰਾਂ ਲਈ ਵੀਜ਼ਾ 'ਤੇ ਪਾਬੰਦੀ ਲਗਾਉਣ ਦਾ ਫੈਸਲਾ ਅਨੁਚਿਤ ਹੈ, ਕਿਉਂਕਿ ਇਸਦਾ ਹਜ਼ਾਰਾਂ ਮਿਹਨਤੀ ਅਤੇ ਇਮਾਨਦਾਰ ਪ੍ਰਵਾਸੀਆਂ ਦੀ ਰੋਜ਼ੀ-ਰੋਟੀ 'ਤੇ ਡੂੰਘਾ ਪ੍ਰਭਾਵ ਪੈ ਸਕਦਾ ਹੈ। ਭਾਜਪਾ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਵਲੋਂ ਵੀ ਵਿਦੇਸ਼ ਮੰਤਰਾਲੇ ਨੂੰ ਇਕ ਚਿੱਠੀ ਲਿਖੀ ਗਈ ਹੈ, ਜਿਸ ਵਿਚ ਉਨ੍ਹਾਂ ਇਸ ਸਾਰੇ ਮਾਮਲੇ 'ਚ ਕੇਂਦਰ ਸਰਕਾਰ ਵਲੋਂ ਦਖ਼ਲ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਚਿੱਠੀ ਲਿਖ ਕੇ ਮੰਗ ਕੀਤੀ ਕਿ ਅਮਰੀਕਾ ਸਰਕਾਰ ਨਾਲ ਗੱਲਬਾਤ ਕਰ ਕੇ ਇਹ ਯਕੀਨੀ ਬਣਾਇਆ ਜਾਵੇ ਕਿ ਇਸ ਘਟਨਾ ਲਈ ਪੂਰੀ ਕੌਮ ਨੂੰ ਸਜ਼ਾ ਨਾ ਦਿਤੀ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਵਾਸ਼ਿੰਗਟਨ ਡੀ.ਸੀ. ਸਥਿਤ ਭਾਰਤੀ ਦੂਤਾਵਾਸ ਰਾਹੀਂ ਅਮਰੀਕੀ ਅਧਿਕਾਰੀਆਂ ਨਾਲ ਤੁਰਤ ਗੱਲਬਾਤ ਕਰ ਕੇ ਟਰੱਕ ਡਰਾਈਵਰਾਂ ਲਈ ਲਗਾਈਆਂ ਪਾਬੰਦੀਆਂ 'ਤੇ ਮੁੜ ਵਿਚਾਰ ਕਰਵਾਇਆ ਜਾਵੇ।

# ਕੋਲੋਰਾਡੋ 'ਚ ਇੱਕ ਡੇਅਰੀ ਫਾਰਮ 'ਤੇ ਵਾਪਰੇ ਹਾਦਸੇ 'ਚ 6 ਮੌਤਾਂ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੋਲੋਰਾਡੋ ਵਿੱਚ ਡੈਨਵਰ ਦੇ ਉੱਤਰ ਵਿੱਚ ਤਕਰੀਬਨ 30 ਮੀਲ ਦੂਰ ਇੱਕ ਡੇਅਰੀ ਫਾਰਮ 'ਤੇ ਵਾਪਰੇ ਇਕ ਹਾਦਸੇ ਵਿੱਚ 6 ਵਿਅਕਤੀਆਂ ਦੀ ਮੌਤ ਹੋ ਜਾਣ ਦੀ ਖਬਰ ਹੈ। ਦੱਖਣ ਪੂਰਬ ਵੈਲਡ ਫਾਇਰ ਪ੍ਰੋਟੈਕਸ਼ਨ ਡਿਸਟ੍ਰਿਕਟ ਅਧਿਕਾਰੀਆਂ ਅਨੁਸਾਰ ਮੌਕੇ ਤੋਂ 6 ਲਾਸ਼ਾ ਬਰਾਮਦ ਹੋਈਆਂ ਹਨ। ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਕਿ ਇਹ ਮੌਤਾਂ ਕਿਸ ਕਿਸਮ ਦੇ ਹਾਦਸੇ ਕਾਰਨ ਹੋਈਆਂ ਹਨ। ਕੇਵਲ ਏਨਾ ਹੀ ਕਿਹਾ ਹੈ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਜਿਲੇ ਦੇ ਫਾਇਰ ਚੀਫ ਟਾਮ ਬੀਚ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਸ਼ਾਮ 6 ਵਜੇ ਘਟਨਾ ਸਥਾਨ 'ਤੇ ਬਚਾਅ ਟੀਮ ਭੇਜੀ ਗਈ ਸੀ ਪਰੰਤੂ ਮੰਦੇਭਾਗੀ ਟੀਮ ਨੂੰ ਘਟਨਾ ਸਥਾਨ ਤੋਂ 6 ਵਿਅਕਤੀ ਮ੍ਰਿਤਕ ਹਾਲਤ ਵਿੱਚ ਮਿਲੇ ਹਨ। ਉਨਾਂ ਕਿਹਾ ਕਿ ਮੌਕੇ ਉਪਰ ਕਿਸੇ ਕਿਸਮ ਦੀ ਅਪਰਾਧਿਕ ਗਤੀਵਿਧੀ ਦਾ ਸੰਕੇਤ ਨਹੀਂ ਮਿਲਿਆ ਹੈ।


CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

CALIFORNIA DMV LIV. #40524

# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਐਫ ਬੀ ਆਈ ਵੱਲੋਂ ਟਰੰਪ ਦੇ ਸਾਬਕਾ ਸੁਰੱਖਿਆ ਸਲਾਹਕਾਰ ਬੋਲਟਨ ਦੇ ਘਰ ਛਾਪਾ

- **ਬੋਲਟਨ ਨੇ ਭਾਰਤ ਉੱਪਰ ਟੈਰਿ.ਫ ਲਾਉਣ ਦੀ ਕੀਤੀ ਸੀ ਸਖਤ ਨਿੰਦਾ**
- **ਬੋਲਟਨ ਨੇ ਕਿਹਾ ਰੂਸ-ਯੁਕਰੇਨ ਜੰਗ ਖਤਮ ਕਰਨ ਬਾਰੇ ਗੱਲਬਾਤ ਨਹੀਂ ਹੋਵੇਗੀ ਸਫਲ**

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਇੱਕ ਉੱਚ ਪੱਧਰੀ ਜਾਂਚ ਦੇ ਮਾਮਲੇ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਾਬਕਾ ਸੁਰੱਖਿਆ ਸਲਾਹਕਾਰ ਜੌਹਨ ਬੋਲਟਨ ਦੇ ਘਰ ਛਾਪਾ ਮਾਰਿਆ ਹੈ। ਐਫ ਬੀ ਆਈ ਦੀ ਇਸ ਕਾਰਵਾਈ ਨੂੰ ਵਾਸ਼ਿੰਗਟਨ ਦੁਆਰਾ ਰੂਸ ਤੋਂ ਤੇਲ ਦਰਾਮਦ ਕਰਨ ਕਾਰਨ ਭਾਰਤ ਉੱਪਰ ਲਾਏ ਭਾਰੀ ਟੈਰਿ.ਫ ਦੀ ਬੋਲਟਨ ਦੁਆਰਾ ਸਖਤ ਨਿੰਦਾ ਕਰਨ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਨਿਊਯਾਰਕ ਪੋਸਟ ਦੀ ਇੱਕ ਰਿਪੋਰਟ ਅਨੁਸਾਰ ਐਫ ਬੀ ਆਈ ਮੁੱਖੀ ਕਾਸ਼ ਪਟੇਲ ਵੱਲੋਂ ਇੱਕ ਜਾਂਚ ਦੇ ਮਾਮਲੇ ਵਿੱਚ ਦਿੱਤੇ ਗਏ ਹੁਕਮਾਂ ਅਨੁਸਾਰ ਏਜੰਸੀ ਦੇ ਏਜੰਟ ਬੋਲਟਨ ਦੇ ਬੇਥੈਸਡਾ ਵਿੱਚਲੇ ਘਰ ਵਿੱਚ ਪਹੁੰਚੇ ਤੇ ਉਨਾਂ ਨੇ ਘਰ ਦੀ ਤਲਾਸ਼ੀ ਲਈ। ਨਿਊਯਾਰਕ ਪੋਸਟ ਨੇ ਇਹ ਰਿਪੋਰਟ ਟਰੰਪ ਦੇ ਇੱਕ ਅਧਿਕਾਰੀ ਦੇ ਹਵਾਲੇ ਨਾਲ ਪ੍ਰਕਾਸ਼ਿਤ ਕੀਤੀ ਹੈ। ਕਾਸ਼ ਪਟੇਲ ਨੇ ਛਾਪੇ ਦੀ ਕਾਰਵਾਈ ਸ਼ੁਰੂ ਹੋਣ ਤੋਂ ਬਾਅਦ ਐਕਸ ਉੱਪਰ ਲਿੱਖਿਆ ਹੈ ਕਿ "ਕਾਨੂੰਨ ਤੋਂ ਕੋਈ ਵੀ ਉੱਪਰ ਨਹੀਂ ਹੈ ਐਫ ਬੀ ਆਈ ਏਜੰਟ ਆਪਣੇ ਮਿਸ਼ਨ 'ਤੇ ਹਨ।"
ਇਹ ਮਾਮਲਾ ਗੁਪਤ ਦਸਤਾਵੇਜਾਂ ਨਾਲ ਸਬੰਧਿਤ ਹੈ ਜਿਸ ਦੀ ਜਾਂਚ ਕੁਝ ਸਾਲ ਪਹਿਲਾਂ ਸ਼ੁਰੂ ਹੋਈ ਸੀ। ਇਸੇ ਦੌਰਾਨ ਬੋਲਟਨ ਨੇ ਛਾਪੇ ਦੀ ਜਾਣਕਾਰੀ ਐਕਸ ਉੱਪਰ ਸਾਂਝੀ ਕੀਤੀ ਹੈ ਤੇ ਰੂਸ- ਯੁਕਰੇਨ



ਜੌਹਨ ਬੋਲਟਨ

ਜੰਗ ਸਬੰਧੀ ਟਰੰਪ ਪ੍ਰਸ਼ਾਸਨ ਦੀ ਪਹੁੰਚ ਦੀ ਅਲੋਚਨਾ ਕਰਦਿਆਂ ਕਿਹਾ ਹੈ ਕਿ ਚੱਲ ਰਹੀ ਮੌਜੂਦਾ ਗੱਲਬਾਤ ਦਾ ਕੋਈ ਸਿੱਟਾ ਨਹੀਂ ਨਿਕਲੇਗਾ। ਬੋਲਟਨ ਨੇ ਲਿੱਖਿਆ ਹੈ " ਰੂਸ ਨੇ ਯੁਕਰੇਨ ਨੂੰ ਨਵੇਂ ਰੂਸੀ ਸਾਮਰਾਜ ਵਿੱਚ ਸ਼ਾਮਿਲ ਕਰਨ ਬਾਰੇ ਆਪਣਾ ਟੀਚਾ ਨਹੀਂ ਬਦਲਿਆ ਹੈ। ਮਾਸਕੋ ਨੇ ਯੁਕਰੇਨ ਦੇ ਮੱਲੇ ਖੇਤਰ ਰੂਸ ਨੂੰ ਦੇਣ ਦੀ ਮੰਗ ਕੀਤੀ ਹੈ ਜੋ ਕਿ ਜੇਲੈਂਸਕੀ ਕਦੀ ਵੀ ਦੇਣ ਲਈ ਤਿਆਰ ਨਹੀਂ ਹੋਵੇਗਾ। ਟਰੰਪ ਸ਼ਾਂਤੀ ਲਈ ਨੋਬਲ ਪੁਰਸਕਾਰ ਲੈਣਾ ਚਹੁੰਦਾ ਹੈ ਪਰ ਮੈਨੂੰ ਨਹੀਂ ਲੱਗਦਾ ਕਿ ਰੂਸ-ਯੁਕਰੇਨ ਜੰਗ ਖਤਮ ਕਰਨ ਬਾਰੇ ਚੱਲ ਰਹੀ ਗੱਲਬਾਤ ਵਿੱਚ ਕੋਈ ਪ੍ਰਗਤੀ ਹੋਵੇਗੀ।

**ਟਰੰਪ ਦਾ ਵੱਡਾ ਐਲਾਨ**

# ਦੂਜੇ ਦੇਸ਼ਾਂ ਤੋਂ ਅਮਰੀਕਾ ਆਉਣ ਵਾਲੇ ਫਰਨੀਚਰ 'ਤੇ ਲਗਾਇਆ ਜਾਵੇਗਾ ਟੈਰਿਫ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਰਨੀਚਰ ਦੀ ਦਰਾਮਦ 'ਤੇ ਟੈਰਿਫ ਲਗਾਉਣ ਦਾ ਨਵਾਂ ਪ੍ਰਸਤਾਵ ਪੇਸ਼ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੇ 50 ਦਿਨਾਂ ਵਿੱਚ ਜਾਂਚ ਪੂਰੀ ਹੋਵੇਗੀ ਅਤੇ ਉਸ ਤੋਂ ਬਾਅਦ ਇਹ ਫੈਸਲਾ ਕੀਤਾ ਜਾਵੇਗਾ ਕਿ ਦੂਜੇ ਦੇਸ਼ਾਂ ਤੋਂ ਅਮਰੀਕਾ ਆਉਣ ਵਾਲੇ ਫਰਨੀਚਰ 'ਤੇ ਕਿੰਨਾ ਸ਼ੁਲਕ ਲਗਾਇਆ ਜਾਵੇਗਾ। ਟਰੰਪ ਦਾ ਮੰਨਣਾ ਹੈ ਕਿ ਇਹ ਕਦਮ ਅਮਰੀਕੀ ਉਦਯੋਗ ਨੂੰ ਦੁਬਾਰਾ ਮਜ਼ਬੂਤ ਕਰੇਗਾ ਅਤੇ ਦੇਸ਼ ਦੇ ਅੰਦਰ ਉਤਪਾਦਨ ਲਿਆਵੇਗਾ।

ਆਪਣੇ ਬਿਆਨ ਵਿੱਚ, ਟਰੰਪ ਨੇ ਖਾਸ ਤੌਰ 'ਤੇ ਉੱਤਰੀ ਕੈਰੋਲੀਨਾ, ਦੱਖਣੀ ਕੈਰੋਲੀਨਾ ਅਤੇ ਮਿਸ਼ੀਗਨ ਵਰਗੇ ਰਾਜਾਂ ਦਾ ਜ਼ਿਕਰ ਕੀਤਾ। ਇਹ ਰਾਜ ਕਦੇ ਫਰਨੀਚਰ ਉਦਯੋਗ ਦੇ ਵੱਡੇ ਕੇਂਦਰ ਸਨ, ਪਰ ਸਸਤੀ ਕਿਰਤ ਅਤੇ ਘੱਟ ਉਤਪਾਦਨ ਲਾਗਤਾਂ ਕਾਰਨ, ਜ਼ਿਆਦਾਤਰ ਕੰਪਨੀਆਂ ਆਪਣਾ ਕੰਮ ਵਿਦੇਸ਼ਾਂ ਵਿੱਚ ਲੈ ਗਈਆਂ। ਟਰੰਪ ਦਾ ਕਹਿਣਾ ਹੈ ਕਿ ਨਵੇਂ ਟੈਰਿਫ ਕੰਪਨੀਆਂ ਨੂੰ ਦੁਬਾਰਾ ਅਮਰੀਕਾ ਵਿੱਚ ਉਤਪਾਦਨ ਕਰਨ ਲਈ ਮਜਬੂਰ ਹੋਣਗੀਆਂ।

ਇਸ ਐਲਾਨ ਦਾ ਪ੍ਰਭਾਵ ਸਿੱਧੇ ਤੌਰ 'ਤੇ ਅਮਰੀਕੀ ਸਟਾਕ ਮਾਰਕੀਟ ਵਿੱਚ ਦੇਖਿਆ ਗਿਆ। ਵੇਫੇਅਰ, ਆਰਐਚ ਅਤੇ ਵਿਲੀਅਮਜ਼-ਸੋਨੋਮਾ ਵਰਗੀਆਂ ਵੱਡੀਆਂ ਫਰਨੀਚਰ ਅਤੇ ਘਰੇਲੂ ਸਾਮਾਨ ਕੰਪਨੀਆਂ ਦੇ ਸ਼ੇਅਰ ਡਿੱਗ ਗਏ। ਇਸ ਦੇ ਨਾਲ ਹੀ, ਲਾ-ਜ਼ੈਡ-ਬੁਆਏ ਵਰਗੀਆਂ



ਅਮਰੀਕੀ ਨਿਰਮਾਣ ਕੰਪਨੀਆਂ ਦੇ ਸ਼ੇਅਰ ਵਧ ਗਏ, ਜੋ ਅਮਰੀਕਾ ਵਿੱਚ ਜ਼ਿਆਦਾਤਰ ਫਰਨੀਚਰ ਬਣਾਉਂਦੀਆਂ ਹਨ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਟੈਰਿਫ ਲਾਗੂ ਕੀਤਾ ਜਾਂਦਾ ਹੈ, ਤਾਂ ਵਿਦੇਸ਼ੀ ਉਤਪਾਦ ਮਹਿੰਗੇ ਹੋ ਜਾਣਗੇ ਅਤੇ ਘਰੇਲੂ ਕੰਪਨੀਆਂ ਨੂੰ ਫਾਇਦਾ ਹੋਵੇਗਾ।

ਅਮਰੀਕਾ ਦਾ ਵਣਜ ਵਿਭਾਗ ਇਸ ਸਮੇਂ ਜਾਂਚ ਕਰ ਰਿਹਾ ਹੈ। ਇਹ ਜਾਂਚ ਵਪਾਰ ਵਿਸਥਾਰ ਐਕਟ, 1962 ਦੀ ਧਾਰਾ 232 ਦੇ ਤਹਿਤ ਕੀਤੀ ਜਾ ਰਹੀ ਹੈ। ਇਹ ਕਾਨੂੰਨ ਅਮਰੀਕੀ ਸਰਕਾਰ ਨੂੰ ਉਨ੍ਹਾਂ ਉਤਪਾਦਾਂ 'ਤੇ ਟੈਰਿਫ ਲਗਾਉਣ ਦੀ ਆਗਿਆ ਦਿੰਦਾ ਹੈ, ਜੋ ਰਾਸ਼ਟਰੀ ਸੁਰੱਖਿਆ ਲਈ ਜ਼ਰੂਰੀ ਮੰਨੇ ਜਾਂਦੇ ਹਨ। ਹਾਲਾਂਕਿ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਇਹ ਟੈਰਿਫ ਮੌਜੂਦਾ ਡਿਊਟੀ ਤੋਂ ਇਲਾਵਾ ਹੋਵੇਗਾ ਜਾਂ ਇਸਦੀ ਥਾਂ ਲਵੇਗਾ।

ਇੱਕ ਸਮਾਂ ਸੀ ਜਦੋਂ ਅਮਰੀਕਾ ਦਾ ਫਰਨੀਚਰ ਉਦਯੋਗ ਬਹੁਤ ਮਜ਼ਬੂਤ ਸੀ। 1979 ਵਿੱਚ, ਲਗਭਗ 12 ਲੱਖ ਲੋਕ ਇਸ ਉਦਯੋਗ ਵਿੱਚ ਕੰਮ ਕਰਦੇ ਸਨ। 2023 ਤੱਕ, ਇਹ ਗਿਣਤੀ ਘੱਟ ਕੇ ਸਿਰਫ 3.4 ਲੱਖ ਰਹਿ ਗਈ ਹੈ। ਇਸ ਗਿਰਾਵਟ ਦਾ ਮੁੱਖ ਕਾਰਨ ਵਿਦੇਸ਼ਾਂ ਵਿੱਚ ਸਸਤਾ ਉਤਪਾਦਨ ਅਤੇ ਵੱਡੇ ਪੱਧਰ 'ਤੇ ਆਊਟਸੋਰਸਿੰਗ ਮੰਨਿਆ ਜਾ ਰਿਹਾ ਹੈ। ਟਰੰਪ ਦਾ ਕਹਿਣਾ ਹੈ ਕਿ ਨਵਾਂ ਟੈਰਿਫ ਨਾ ਸਿਰਫ਼ ਅਮਰੀਕੀ ਉਦਯੋਗ ਨੂੰ ਹੁਲਾਰਾ ਦੇਵੇਗਾ ਬਲਕਿ ਹਜ਼ਾਰਾਂ ਲੋਕਾਂ ਲਈ ਰੁਜ਼ਗਾਰ ਵੀ ਵਾਪਸ ਲਿਆਏਗਾ।

ਫਰਨੀਚਰ ਦੀ ਦਰਾਮਦ 'ਤੇ ਟੈਰਿਫ ਲਗਾਉਣ ਦਾ ਪ੍ਰਸਤਾਵ ਟਰੰਪ ਪ੍ਰਸ਼ਾਸਨ ਦੀ ਵਿਆਪਕ ਰਣਨੀਤੀ ਦਾ ਹਿੱਸਾ ਹੈ। ਸਰਕਾਰ ਪਹਿਲਾਂ ਹੀ ਹੋਰ ਉਤਪਾਦਾਂ 'ਤੇ ਵੀ ਟੈਰਿਫ ਲਗਾਉਣ 'ਤੇ ਵਿਚਾਰ ਕਰ ਰਹੀ ਹੈ। ਇਨ੍ਹਾਂ ਵਿੱਚ ਤਾਂਬਾ, ਸੈਮੀਕੰਡਕਟਰ ਅਤੇ ਦਵਾਈਆਂ (ਫਾਰਮਾਸਿਊਟੀਕਲ) ਸ਼ਾਮਲ ਹਨ। ਇਸ ਰਣਨੀਤੀ ਦਾ ਟੀਚਾ ਘਰੇਲੂ ਉਤਪਾਦਨ ਨੂੰ ਉਤਸ਼ਾਹਿਤ ਕਰਨਾ, ਵਿਦੇਸ਼ੀ ਨਿਰਭਰਤਾ ਘਟਾਉਣਾ ਅਤੇ ਅਮਰੀਕਾ ਵਿੱਚ ਉਦਯੋਗ ਅਤੇ ਰੁਜ਼ਗਾਰ ਨੂੰ ਮੁੜ ਮਜ਼ਬੂਤ ਕਰਨਾ ਹੈ। ਦੱਸ ਦੇਈਏ ਕਿ ਟਰੰਪ ਦੇ ਇਸ ਐਲਾਨ ਦਾ ਭਾਰਤ 'ਤੇ ਵੀ ਅਸਰ ਪੈਣ ਵਾਲਾ ਹੈ ਕਿਉਂਕਿ ਭਾਰਤ ਅਮਰੀਕਾ ਨੂੰ ਵੱਡੀ ਮਾਤਰਾ ਵਿੱਚ ਫਰਨੀਚਰ ਵੀ ਨਿਰਯਾਤ ਕਰਦਾ ਹੈ।

# ਸੋਕੇ ਦੇ ਖ਼ਤਰੇ ਦੇ ਮੱਦੇਨਜ਼ਰ ਪਾਣੀ ਦੀ ਵਰਤੋਂ 'ਤੇ ਨਵੀਆਂ ਪਾਬੰਦੀਆਂ ਦਾ ਐਲਾਨ

ਕੈਲੀਫੋਰਨੀਆ, (ਸਾਡੇ ਲੋਕ) : ਕੈਲੀਫੋਰਨੀਆ ਦੇ ਗਵਰਨਰ ਨੇ ਇਸ ਸਾਲ ਔਸਤ ਤੋਂ ਘੱਟ ਬਾਰਿਸ਼ ਹੋਣ ਕਾਰਨ ਪਾਣੀ ਦੀ ਸੰਭਾਵੀ ਕਮੀ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ ਹੈ। ਅੱਜ ਰਾਜ ਦੇ ਵੱਡੇ ਸ਼ਹਿਰਾਂ ਅਤੇ ਕਸਬਿਆਂ ਲਈ ਪਾਣੀ ਦੀ ਵਰਤੋਂ 'ਤੇ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਗਿਆ। ਇਨ੍ਹਾਂ ਵਿੱਚ ਹਫ਼ਤੇ ਵਿੱਚ ਸਿਰਫ਼ ਦੋ ਦਿਨ ਬਾਗਬਾਨੀ ਲਈ ਪਾਣੀ ਦੇਣ ਅਤੇ ਗੱਡੀਆਂ ਧੋਣ 'ਤੇ ਰੋਕ ਵਰਗੇ ਕਦਮ ਸ਼ਾਮਲ ਹਨ, ਤਾਂ ਜੋ ਸਰਦੀਆਂ ਤੋਂ ਪਹਿਲਾਂ ਜਲ ਭੰਡਾਰਾਂ ਦੇ ਪੱਧਰ ਨੂੰ ਬਰਕਰਾਰ ਰੱਖਿਆ ਜਾ ਸਕੇ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਇਤਿਹਾਸ ਦੇ ਝਰੋਖੇ ਵਿਚੋਂ

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਵਿਆਖਿਆ**

ਅੰਮ੍ਰਿਤ ਦੀ ਦਾਤ ਚਵਰ ਛਤਰ ਨਾਲ ਸੁਸ਼ੋਭਿਤ ਪ੍ਰਕਾਸ਼ਮਾਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਅਤੇ ਹਜ਼ੂਰੀ ਵਿਚ ਹੀ ਦਿੱਤੀ ਅਤੇ ਪ੍ਰਾਪਤ ਕੀਤੀ ਜਾ ਸਕਦੀ ਹੈ। ਅੰਮ੍ਰਿਤ ਛਕਾਣ ਲਈ ਛੇ ਸਿੰਘ (ਜਾਂ ਸਿੰਘਣੀਆਂ) ਚਾਹੀਦੇ ਹਨ। ਪੰਜ ਪਿਆਰੇ ਅੰਮ੍ਰਿਤ ਦੀ ਦਾਤ ਦੇਣ ਵਾਲੇ ਅਤੇ ਇਕ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ। ਸਾਰੇ ਹੀ ਅੰਮ੍ਰਿਤ ਅਭਿਲਾਖੀਆਂ ਨੇ ਕੇਸੀ ਇਸ਼ਨਾਨ ਕੀਤਾ ਹੋਣਾ ਚਾਹੀਦਾ ਹੈ।

ੲ) ਇਨ੍ਹਾਂ ਪੰਜਾਂ ਪਿਆਰਿਆਂ ਵਿਚ ਕੋਈ ਅੰਗ-ਹੀਣ (ਅੰਨ੍ਹਾਂ, ਕਾਣਾ, ਲੰਙਾ, ਲੂਲ੍ਹਾ ਜਾਂ ਦੀਰਘ ਰੋਗ ਵਾਲਾ) ਨਾ ਹੋਵੇ। ਕੋਈ ਤਨਖਾਹੀਆ ਨਾ ਹੋਵੇ। ਸਾਰੇ ਤਿਆਰ-ਬਰ-ਤਿਆਰ ਦਰਸ਼ਨੀ ਸਿੰਘ ਹੋਣਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੭-੨੮)

**ਵਿਆਖਿਆ**

ਅੰਮ੍ਰਿਤ ਦੀ ਦਾਤ ਪ੍ਰਦਾਨ ਕਰਨ ਵਾਲੇ ਪੰਜ ਪਿਆਰੇ ਤਿਆਰ-ਬਰ-ਤਿਆਰ, ਦੀਦਾਰੀ ਅਤੇ ਸਰੀਰਕ ਤੌਰ 'ਤੇ ਸਵਸੱਥ ਹੋਣੇ ਚਾਹੀਦੇ ਹਨ। ਇਨ੍ਹਾਂ ਦੇ ਸਰੀਰ ਕਿਸੇ ਕਿਸਮ ਦੇ ਅੰਗ ਭੰਗ ਤੋਂ ਰਹਿਤ ਹੋਣੇ ਚਾਹੀਦੇ ਹਨ। ਇਹ ਕਿਸੇ ਵਿਤਕਰੇ ਕਾਰਨ ਨਹੀਂ ਬਲਕਿ ਅੰਮ੍ਰਿਤ ਬਖਸ਼ਣ ਦੀ ਮਰਯਾਦਾ ਨਿਭਾਉਣ ਲਈ ਇਹ ਜ਼ਰੂਰੀ ਹੈ। ਇਨ੍ਹਾਂ ਪੰਜ ਪਿਆਰਿਆਂ ਨੇ ਬੀਰ ਆਸਨ ਲਗਾਉਣਾ ਹੈ, ਦੋਨੋਂ ਹੱਥ ਅੰਮ੍ਰਿਤ ਦੇ ਬਾਟੇ ਦੇ ਕੰਢਿਆਂ 'ਤੇ ਰੱਖਣੇ ਹਨ, ਦੋਨੋਂ ਨੇਤ੍ਰ ਅੰਮ੍ਰਿਤ 'ਤੇ ਟਿਕਾਣੇ ਹਨ ਅਤੇ ਇਕ ਹੱਥ ਬਾਟੇ ਦੇ ਕੰਢੇ 'ਤੇ ਰੱਖ ਕੇ ਦੂਸਰੇ ਹੱਥ ਨਾਲ ਖੰਡਾ ਫੇਰਨਾ ਹੈ, ਦੋਨੋਂ ਹੱਥਾਂ ਵਿਚ ਬਾਟਾ ਚੁੱਕ ਕੇ ਅੰਮ੍ਰਿਤ ਦੀ ਦਾਤ ਦੇਣੀ ਹੈ। ਇਹ ਸ਼ਰਤ ਅੰਮ੍ਰਿਤ ਅਭਿਲਾਖੀਆਂ ਲਈ ਨਹੀਂ ਹੈ।

ਸ) ਹਰ ਦੇਸ਼, ਹਰ ਮਜ਼੍ਹਬ ਤੇ ਜਾਤੀ ਦੇ ਹਰ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ 'ਤੇ ਉਸ ਦੇ ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ।

ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ, ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ, ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ, ਸਿਰ ਨੰਗਾ ਜਾਂ ਟੋਪੀ ਨਾ ਹੋਵੇ, ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜ੍ਹੇ ਹੋਣ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੮)

ਸਿੱਖ ਰਹਿਤ ਮਰਯਾਦਾ, 1936 ਵਿਚ ਇਹ ਮੱਦ (ਸ) ਇਸ ਤਰ੍ਹਾਂ ਸੀ :

ਸ) ਹਰ ਦੇਸ਼, ਕੌਮ, ਮਜ਼੍ਹਬ ਤੇ ਜਾਤੀ ਦੇ ਹਰ ਇਕ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖੀ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਚਾਹਵਾਨ ਹੋਵੇ।

ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵਾਲੇ ਹਰ ਇਕ ਪ੍ਰਾਣੀ ਨੇ ਸਕੇਸੀ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ। ਸਿਰ ਨੰਗਾ ਜਾਂ ਟੋਪੀ ਨਾ ਹੋਵੇ। ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜ੍ਹੇ ਹੋਣ।




(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੫)

**ਤਬਦੀਲੀ**

1. 'ਹਰ ਦੇਸ, ਕੌਮ, ਮਜ਼੍ਹਬ ਤੇ ਜਾਤੀ' ਵਿਚੋਂ 'ਕੌਮ' ਲਫ਼ਜ਼ ਕੱਟ ਦਿੱਤਾ ਗਿਆ ਹੈ।
2. 'ਜੋ ਸਿੱਖੀ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਚਾਹਵਾਨ ਹੋਵੇ', ਦੀ ਥਾਵੇਂ 'ਜੋ ਸਿੱਖ ਧਰਮ ਗ੍ਰਹਿਣ ਕਰਨ 'ਤੇ ਉਸ ਦੇ ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ।' ਕੀਤਾ ਗਿਆ ਹੈ, ਅਤੇ
3. 'ਕ੍ਰਿਪਾਨ ਗਾਤਰੇ ਵਾਲੀ' ਦੀ ਥਾਵੇਂ 'ਕ੍ਰਿਪਾਨ ਗਾਤਰੇ' ਕੀਤਾ ਗਿਆ।

1936 ਵਿਚ ਪ੍ਰਵਾਨ ਕੀਤੀ ਗਈ ਸਿੱਖ ਰਹਿਤ ਮਰਯਾਦਾ ਵਿਚ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਰਾਹੀਂ ਇਹ ਤਿੰਨ ਤਬਦੀਲੀਆਂ ਕੀਤੀਆਂ ਗਈਆਂ। ਇਹ ਮਤਾ ਇਸ ਤਰ੍ਹਾਂ ਸੀ:

13. ਹੈਡਿੰਗ ਅੰਮ੍ਰਿਤ ਸੰਸਕਾਰ ਦੇ ਅੰਕ (ਸ) ਦੀ ਤੀਜੀ ਲਾਈਨ ਵਿਚ ਲਫ਼ਜ਼ 'ਜੋ ਸਿੱਖੀ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚੱਲਣ ਦਾ ਚਾਹਵਾਨ ਹੋਵੇ' ਦੀ ਥਾਂ 'ਜੋ ਸਿੱਖ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ' ਕਰ ਦਿੱਤੇ ਜਾਣ। ਇਸ ਅੰਕ ਵਿਚ ਲਫ਼ਜ਼ 'ਕਿਰਪਾਨ ਗਾਤਰੇ ਵਾਲੀ' ਵਿਚੋਂ ਲਫ਼ਜ਼ 'ਵਾਲੀ' ਕਟ ਦਿੱਤੇ ਜਾਣ।

**ਵਿਆਖਿਆ**

1. ਹਰ ਦੇਸ, ਕੌਮ, ਮਜ਼੍ਹਬ ਤੇ ਜਾਤੀ ਦੇ....

ਅੰਮ੍ਰਿਤ ਦੀ ਦਾਤ ਪ੍ਰਾਣੀ ਮਾਤਰ ਲਈ ਹੈ। ਇਸ ਵਿਚ ਰੰਗ, ਨਸਲ, ਜਾਤ ਪਾਤ, ਕੌਮੀਅਤ, ਦੇਸ਼ ਆਦਿ ਕਿਸੇ ਵੀ ਬਿਨਾਂ 'ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕਿਸੇ ਨੂੰ ਇਸ ਤੋਂ ਵਾਂਝਿਆ ਹੀ ਰੱਖਿਆ ਜਾ ਸਕਦਾ ਹੈ।

ਇਸ ਮੱਦ ਵਿਚੋਂ 'ਕੌਮ' ਲਫ਼ਜ਼ ਹਟਾ ਦਿੱਤਾ ਗਿਆ ਹੈ। 'ਸਿੱਖ ਕੌਮ' ਦੇ ਸੰਘਰਸ਼ਮਈ ਇਤਿਹਾਸ ਵਿਚ ਲਫ਼ਜ਼ 'ਕੌਮ' ਬਹੁਤ ਮਹੱਤਵਪੂਰਨ ਹੈ। ਸ਼ੁਰੂ ਤੋਂ ਹੀ ਇਸ ਦੇ ਕੌਮੀ ਦਰਜੇ ਨੂੰ ਖੋਰਾ ਲਗਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਪਰ ਕਦਮ-ਬਾ-ਕਦਮ ਇਹ ਸੰਕਲਪ ਦ੍ਰਿੜ੍ਹ ਹੁੰਦਾ ਗਿਆ ਹੈ।

(ਚਲਦਾ)

# ਪੁਲਿਸ ਮੁਕਾਬਲੇ ਤੋਂ ਬਾਅਦ ਔਰਤ ਨਾਲ ਲੁੱਟ-ਖੋਹ ਕਰਨ ਵਾਲੇ 2 ਲੁਟੇਰੇ ਕਾਬੂ, ਇੱਕ ਦੀ ਲੱਤ 'ਚ ਲੱਗੀ ਗੋਲੀ

ਬਠਿੰਡਾ (ਪੰਜਾਬ) : ਬਠਿੰਡਾ ਪੁਲਿਸ ਨੇ ਬੀਤੀ 19 ਨਵੰਬਰ ਨੂੰ ਇੱਕ ਔਰਤ ਨਾਲ ਹੋਈ ਲੁੱਟ-ਖੋਹ ਦੀ ਵਾਰਦਾਤ ਨੂੰ ਸੁਲਝਾਉਂਦਿਆਂ ਦੋ ਮੁਲਜ਼ਮਾਂ ਨੂੰ ਇੱਕ ਪੁਲਿਸ ਮੁਕਾਬਲੇ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਹੈ। ਮੁਕਾਬਲੇ ਦੌਰਾਨ ਇੱਕ ਮੁਲਜ਼ਮ ਦੀ ਲੱਤ ਵਿੱਚ ਗੋਲੀ ਲੱਗੀ, ਜਿਸਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।




ਜਾਣਕਾਰੀ ਅਨੁਸਾਰ, ਬੇਮਾਨ ਦੀਵਾਨਾ ਰੋਡ 'ਤੇ ਮੋਟਰਸਾਈਕਲ ਸਵਾਰ ਦੋ ਲੁਟੇਰਿਆਂ ਨੇ ਐਕਟਿਵਾ 'ਤੇ ਪਿੱਛੇ ਬੈਠੀ ਔਰਤ ਦਾ ਪਰਸ ਖੋਹ ਲਿਆ ਸੀ। ਜਦੋਂ ਔਰਤ ਨੇ ਵਿਰੋਧ ਕੀਤਾ ਤਾਂ ਮੁਲਜ਼ਮਾਂ ਨੇ ਉਸਨੂੰ ਧੱਕਾ ਮਾਰ ਕੇ ਸੁੱਟ ਦਿੱਤਾ ਸੀ, ਜਿਸ ਕਾਰਨ ਉਸਦੇ ਸਿਰ ਅਤੇ ਪਿੱਠ 'ਤੇ ਗੰਭੀਰ ਸੱਟਾਂ ਲੱਗੀਆਂ ਸਨ।

ਥਾਣਾ ਕੋਤਵਾਲੀ ਦੀ ਪੁਲਿਸ ਨੇ ਸੀਸੀਟੀਵੀ ਫੁਟੇਜ ਨਾ ਹੋਣ ਦੇ ਬਾਵਜੂਦ ਸਥਾਨਕ ਸੂਹਾਂ ਦੇ ਆਧਾਰ 'ਤੇ ਮੁਲਜ਼ਮਾਂ ਦੀ ਪਛਾਣ ਊਧਮ ਸਿੰਘ ਨਗਰ ਦੇ ਅਮਨਦੀਪ ਸਿੰਘ ਅਤੇ ਫੂੱਲੋ ਮਿੱਟੀ ਦੇ ਅਮਨਪ੍ਰੀਤ ਸਿੰਘ ਵਜੋਂ ਕੀਤੀ। ਜਦੋਂ ਪੁਲਿਸ ਨੂੰ ਉਨ੍ਹਾਂ ਦੇ ਇਲਾਕੇ ਵਿੱਚ ਹੋਣ ਦੀ ਸੂਚਨਾ ਮਿਲੀ ਤਾਂ ਨਾਕਾਬੰਦੀ ਕੀਤੀ ਗਈ। ਇਸ ਦੌਰਾਨ ਮੁਲਜ਼ਮਾਂ ਨੇ ਪੁਲਿਸ 'ਤੇ ਗੋਲੀਆਂ ਚਲਾ ਦਿੱਤੀਆਂ। ਪੁਲਿਸ ਵੱਲੋਂ ਕੀਤੀ ਜਵਾਬੀ ਕਾਰਵਾਈ ਵਿੱਚ ਅਮਨਪ੍ਰੀਤ ਦੀ ਖੱਬੀ ਲੱਤ 'ਚ ਗੋਲੀ ਲੱਗੀ, ਜਦਕਿ ਦੂਜੇ ਮੁਲਜ਼ਮ ਨੂੰ ਕਾਬੂ ਕਰ ਲਿਆ ਗਿਆ।

ਪੁਲਿਸ ਅਨੁਸਾਰ ਮੁਲਜ਼ਮਾਂ ਦਾ ਪਹਿਲਾਂ ਵੀ ਫਿਰੌਤੀ ਅਤੇ ਨਸ਼ਾ ਤਸਕਰੀ ਦਾ ਅਪਰਾਧਿਕ ਰਿਕਾਰਡ ਹੈ ਅਤੇ ਵਾਰਦਾਤ ਵਿੱਚ ਵਰਤਿਆ ਗਿਆ ਮੋਟਰਸਾਈਕਲ ਵੀ ਚੋਰੀ ਦਾ ਹੋਣ ਦਾ ਸ਼ੱਕ ਹੈ। ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਟਰੰਪ ਟੈਰਿਫਾਂ ਵਿਚਕਾਰ ਅਮਰੀਕਾ ਨੂੰ ਵੱਡਾ ਝਟਕਾ, US ਲਈ ਡਾਕ ਸੇਵਾਵਾਂ ਅਸਥਾਈ ਤੌਰ 'ਤੇ ਬੰਦ

ਨਵੀਂ ਦਿੱਲੀ : ਡਾਕ ਵਿਭਾਗ ਨੇ ਅਮਰੀਕੀ ਸਰਕਾਰ ਵੱਲੋਂ 30 ਜੁਲਾਈ ਨੂੰ ਜਾਰੀ ਕੀਤੇ ਗਏ ਕਾਰਜਕਾਰੀ ਆਦੇਸ਼ ਨੰਬਰ 14324 ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਵੱਡਾ ਫੈਸਲਾ ਲਿਆ ਹੈ। ਇਸ ਆਦੇਸ਼ ਦੇ ਤਹਿਤ, ਅਮਰੀਕਾ ਭੇਜੇ ਜਾਣ ਵਾਲੇ ਸਮਾਨ 'ਤੇ 800 ਅਮਰੀਕੀ ਡਾਲਰ ਤੱਕ ਦੀ ਡਿਊਟੀ-ਮੁਕਤ ਛੋਟ 29 ਅਗਸਤ ਤੋਂ ਖਤਮ ਹੋ ਜਾਵੇਗੀ।

ਇਸਦਾ ਮਤਲਬ ਹੈ ਕਿ ਹੁਣ ਭਾਰਤ ਤੋਂ ਅਮਰੀਕਾ ਭੇਜੇ ਜਾਣ ਵਾਲੇ ਹਰ ਪਾਰਸਲ 'ਤੇ, ਉਸਦੀ ਕੀਮਤ ਭਾਵੇਂ ਕੋਈ ਵੀ ਹੋਵੇ, ਕਸਟਮ ਡਿਊਟੀ ਲਗਾਈ ਜਾਵੇਗੀ। ਹਾਲਾਂਕਿ, ਇਹ ਛੋਟ $100 ਤੱਕ ਦੀਆਂ ਤੋਹਫ਼ੇ ਵਾਲੀਆਂ ਚੀਜ਼ਾਂ 'ਤੇ ਜਾਰੀ ਰਹੇਗੀ।

ਅਮਰੀਕੀ ਨਿਯਮਾਂ ਦੇ ਅਨੁਸਾਰ, ਡਾਕ ਨੈੱਟਵਰਕ ਰਾਹੀਂ ਭੇਜੇ ਜਾਣ ਵਾਲੇ ਸਮਾਨ 'ਤੇ ਡਿਊਟੀ ਹੁਣ ਟਰਾਂਸਪੋਰਟ ਕੈਰੀਅਰਾਂ ਜਾਂ US Customs and Border Protection (CBP) ਦੁਆਰਾ ਮਾਨਤਾ ਪ੍ਰਾਪਤ ਏਜੰਸੀਆਂ ਦੁਆਰਾ ਇਕੱਠੀ ਅਤੇ ਜਮ੍ਹਾ ਕੀਤੀ ਜਾਵੇਗੀ।




ਸਮੱਸਿਆ ਇਹ ਹੈ ਕਿ ਹੁਣ ਤੱਕ CBP ਨੇ "ਯੋਗ ਧਿਰ" ਨਿਰਧਾਰਤ ਕਰਨ ਅਤੇ ਡਿਊਟੀ ਇਕੱਠੀ ਕਰਨ ਦੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਕੀਤਾ ਹੈ। ਇਹੀ ਕਾਰਨ ਹੈ ਕਿ ਅਮਰੀਕਾ ਜਾਣ ਵਾਲੀਆਂ ਏਅਰਲਾਈਨਾਂ ਨੇ 25 ਅਗਸਤ ਤੋਂ ਬਾਅਦ ਭਾਰਤੀ ਡਾਕ ਤੋਂ ਪਾਰਸਲ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਕਿਉਂਕਿ ਉਹ ਤਕਨੀਕੀ ਅਤੇ ਕਾਰਜਸ਼ੀਲ ਤੌਰ 'ਤੇ ਤਿਆਰ ਨਹੀਂ ਹਨ।

ਨਿਊਜ਼ ਏਜੰਸੀ ਅਨੁਸਾਰ, ਇਸ ਸਥਿਤੀ ਨੂੰ ਦੇਖਦੇ ਹੋਏ, ਭਾਰਤੀ ਡਾਕ ਵਿਭਾਗ ਨੇ ਫੈਸਲਾ ਕੀਤਾ ਹੈ ਕਿ 25 ਅਗਸਤ ਤੋਂ, ਅਮਰੀਕਾ ਲਈ ਹਰ ਤਰ੍ਹਾਂ ਦੇ ਡਾਕ ਲੇਖਾਂ ਦੀ ਬੁਕਿੰਗ ਅਸਥਾਈ ਤੌਰ 'ਤੇ ਬੰਦ ਕਰ ਦਿੱਤੀ ਜਾਵੇਗੀ। ਹਾਲਾਂਕਿ, 100 ਡਾਲਰ ਤੱਕ ਦੇ ਪੱਤਰ/ਦਸਤਾਵੇਜ਼ ਅਤੇ ਤੋਹਫ਼ੇ ਅਜੇ ਵੀ ਸਵੀਕਾਰ ਕੀਤੇ ਅਤੇ ਭੇਜੇ ਜਾਣਗੇ।

ਡਾਕ ਵਿਭਾਗ ਨੇ ਕਿਹਾ ਹੈ ਕਿ ਉਹ ਪੂਰੇ ਮਾਮਲੇ ਦੀ ਨਿਗਰਾਨੀ ਕਰ ਰਿਹਾ ਹੈ ਅਤੇ ਸਾਰੀਆਂ ਸਬੰਧਤ ਏਜੰਸੀਆਂ ਦੇ ਸਹਿਯੋਗ ਨਾਲ ਜਲਦੀ ਤੋਂ ਜਲਦੀ ਸੇਵਾਵਾਂ ਮੁੜ ਸ਼ੁਰੂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਜਿਨ੍ਹਾਂ ਗਾਹਕਾਂ ਨੇ ਪਹਿਲਾਂ ਹੀ ਪਾਰਸਲ ਬੁੱਕ ਕੀਤੇ ਹਨ ਜੋ ਹੁਣ ਅਮਰੀਕਾ ਨਹੀਂ ਭੇਜੇ ਜਾ ਸਕਦੇ, ਉਹ ਡਾਕ ਖਰਚ ਦੀ ਵਾਪਸੀ ਪ੍ਰਾਪਤ ਕਰ ਸਕਦੇ ਹਨ। ਡਾਕ ਵਿਭਾਗ ਨੇ ਅਸੁਵਿਧਾ ਲਈ ਗਾਹਕਾਂ ਤੋਂ ਮੁਆਫੀ ਮੰਗੀ ਹੈ ਅਤੇ ਭਰੋਸਾ ਦਿੱਤਾ ਹੈ ਕਿ ਪੂਰੀਆਂ ਸੇਵਾਵਾਂ ਜਲਦੀ ਤੋਂ ਜਲਦੀ ਬਹਾਲ ਕਰ ਦਿੱਤੀਆਂ ਜਾਣਗੀਆਂ।

# BASRA
## Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377


Jai Mata Di
Jai Mata Di
ॐ
Hindu Temple & Community Center, Sunnyvale
(A Non Profit, Tax Exempt Religious Organization)
Invites all devotees to
Vishal Bhagwati Jagran
Performed by
Lakhbir Singh Lakha
Devotional Singer from India
Aug. 29, 2025
Friday from 7:30 PM
450 Persian Drive
Sunnyvale, CA 94089
Priti Bhoj
Served
5:30 PM
For Sponsorship Information:
Balwant Birla
(510) 750-8640
Raj Bhanot
(408) 687-1955
Supporting Organizations:
• Maa Durga Parivar
• Hindu Swayamsevak Sangh
• Dadi Pariwar USA
• Association of Indo-Americans

### ਦਿੱਲੀ 'ਚ 'ਆਪ' ਨੂੰ ਵੱਡਾ ਝਟਕਾ

# ਸਾਬਕਾ ਮੰਤਰੀ ਸੌਰਭ ਭਾਰਦਵਾਜ ਦੇ ਘਰ ਈਡੀ ਦੇ ਛਾਪੇ, ਹਸਪਤਾਲ ਘੁਟਾਲੇ ਦਾ ਮਾਮਲਾ



ਨਵੀਂ ਦਿੱਲੀ : ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਅੱਜ ਸਵੇਰੇ ਦਿੱਲੀ ਵਿੱਚ ਇੱਕ ਵੱਡੀ ਕਾਰਵਾਈ ਕਰਦਿਆਂ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਸਾਬਕਾ ਸਿਹਤ ਮੰਤਰੀ ਸੌਰਭ ਭਾਰਦਵਾਜ ਦੇ ਘਰ ਛਾਪੇਮਾਰੀ ਕੀਤੀ ਹੈ। ਈਡੀ ਦੀ ਟੀਮ ਭਾਰਦਵਾਜ ਦੇ ਚਿਰਾਗ ਦਿੱਲੀ ਸਥਿਤ ਘਰ ਮੌਜੂਦ ਹੈ ਅਤੇ ਜਾਂਚ ਕਰ ਰਹੀ ਹੈ।

ਸੂਤਰਾਂ ਅਨੁਸਾਰ, ਇਹ ਛਾਪੇਮਾਰੀ ਦਿੱਲੀ ਦੇ ਹਸਪਤਾਲਾਂ ਦੇ ਨਿਰਮਾਣ ਵਿੱਚ ਕਥਿਤ ਘੁਟਾਲੇ ਦੇ ਸਬੰਧ ਵਿੱਚ ਕੀਤੀ ਜਾ ਰਹੀ ਹੈ। ਈਡੀ ਦੀਆਂ ਟੀਮਾਂ ਸੌਰਭ ਭਾਰਦਵਾਜ ਦੇ ਘਰ ਤੋਂ ਇਲਾਵਾ ਦਿੱਲੀ-ਐਨਸੀਆਰ ਵਿੱਚ 12 ਹੋਰ ਟਿਕਾਣਿਆਂ 'ਤੇ ਵੀ ਤਲਾਸ਼ੀ ਮੁਹਿੰਮ ਚਲਾ ਰਹੀਆਂ ਹਨ। ਇਹ ਮਾਮਲਾ ਦਿੱਲੀ ਸਰਕਾਰ ਦੇ ਹਸਪਤਾਲਾਂ ਦੇ ਨਿਰਮਾਣ ਪ੍ਰਾਜੈਕਟਾਂ ਵਿੱਚ ਕਥਿਤ ਵਿੱਤੀ ਬੇਨਿਯਮੀਆਂ ਅਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਨਾਲ ਜੁੜਿਆ ਹੋਇਆ



ਹੈ। ਸੌਰਭ ਭਾਰਦਵਾਜ ਪਿਛਲੀ ਸਰਕਾਰ ਵਿੱਚ ਦਿੱਲੀ ਦੇ ਸਿਹਤ ਮੰਤਰੀ ਸਨ, ਜਿਸ ਕਾਰਨ ਉਹ ਜਾਂਚ ਏਜੰਸੀ ਦੇ ਘੇਰੇ ਵਿੱਚ ਆ ਗਏ ਹਨ। 'ਆਪ' ਨੇ ਇਸ ਕਾਰਵਾਈ ਨੂੰ ਰਾਜਨੀਤਿਕ ਬਦਲਾਖੋਰੀ ਕਰਾਰ ਦਿੱਤਾ ਹੈ। ਪਾਰਟੀ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਚੋਣਾਂ ਤੋਂ ਪਹਿਲਾਂ ਜਾਣਬੁੱਝ ਕੇ ਉਨ੍ਹਾਂ ਦੇ ਆਗੂਆਂ ਨੂੰ ਨਿਸ਼ਾਨਾ ਬਣਾ ਰਹੀ ਹੈ। ਫਿਲਹਾਲ ਈਡੀ ਵੱਲੋਂ ਇਸ ਮਾਮਲੇ ਵਿੱਚ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।

# ਮੁੱਖ ਮੰਤਰੀ ਨਾਸ਼ਤਾ ਯੋਜਨਾ ਪੰਜਾਬ 'ਚ ਲਾਗੂ ਕਰਾਂਗੇ: ਭਗਵੰਤ ਮਾਨ

### ਪੰਜਾਬ ਦੇ ਮੁੱਖ ਮੰਤਰੀ ਵੱਲੋਂ ਚੇਨਈ 'ਚ ਤਾਮਿਲਨਾਡੂ ਸਰਕਾਰ ਦੀ 'ਮੁੱਖ ਮੰਤਰੀ ਬਰੇਕਫਾਸਟ ਸਕੀਮ' ਦੀ ਸ਼ੁਰੂਆਤ

ਚੰਡੀਗੜ੍ਹ /ਚੇਨਈ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਤਾਮਿਲਨਾਡੂ ਸਰਕਾਰ ਵੱਲੋਂ ਸ਼ੁਰੂ ਕੀਤੀ 'ਮੁੱਖ ਮੰਤਰੀ ਬਰੇਕਫਾਸਟ ਸਕੀਮ' ਦਾ ਚੇਨਈ ਤੋਂ ਆਗਾਜ਼ ਕੀਤਾ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਤਾਮਿਲਨਾਡੂ ਦੀ 'ਮੁੱਖ ਮੰਤਰੀ ਬਰੇਕਫਾਸਟ ਸਕੀਮ' ਨੂੰ ਪੰਜਾਬ ਵਿੱਚ ਲਾਗੂ ਕਰਨ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾਣਗੀਆਂ। ਇਸ ਸਕੀਮ ਨੂੰ ਉਨ੍ਹਾਂ ਵੱਲੋਂ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਵੀ ਵਿਚਾਰਿਆ ਜਾਵੇਗਾ ਅਤੇ ਸੂਬੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਵੀ ਗੱਲਬਾਤ ਕਰ ਕੇ ਰਣਨੀਤੀ ਤਿਆਰ ਕੀਤੀ ਜਾਵੇਗੀ। ਇਸ ਮੌਕੇ ਮੁੱਖ ਮੰਤਰੀ ਨੇ ਤਾਮਿਲਨਾਡੂ ਦੇ ਸਾਬਕਾ ਮੁੱਖ ਮੰਤਰੀ ਐਮ. ਕਰੁਨਾਨਿਧੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਆਪਣੇ ਪਿਤਾ ਦੀ ਵਿਰਾਸਤ ਨੂੰ ਅੱਗੇ ਲੈ ਕੇ ਜਾ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਤਾਮਿਲਨਾਡੂ ਦੇ ਸ਼ਹਿਰੀ ਖ਼ੇਤਰਾਂ ਦੇ ਸਾਰੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਹੁਣ ਤੋਂ ਸਵੇਰ ਦਾ ਖਾਣਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਯੋਜਨਾ ਸਤੰਬਰ 2022 ਵਿੱਚ ਪੇਂਡੂ ਪ੍ਰਾਇਮਰੀ ਸਕੂਲਾਂ ਵਿੱਚ ਸ਼ੁਰੂ ਕੀਤੀ ਗਈ ਸੀ, ਜਿਸ ਨਾਲ 34,987 ਸਕੂਲਾਂ ਦੇ 17 ਲੱਖ ਤੋਂ ਵੱਧ



ਵਿਦਿਆਰਥੀਆਂ ਨੂੰ ਲਾਭ ਮਿਲਿਆ। ਅੱਜ ਤੋਂ ਸ਼ਹਿਰੀ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਇਸ ਸਕੀਮ ਦਾ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨੇ ਤਾਮਿਲਨਾਡੂ ਵਿੱਚ ਸ਼ਾਨਦਾਰ ਨਤੀਜੇ ਦਿੱਤੇ ਹਨ, ਜਿਸ ਨਾਲ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਸੁਧਾਰ, ਸਿੱਖਣ ਵਿੱਚ ਸੁਧਾਰ, ਕੁਪੋਸ਼ਣ ਵਿੱਚ ਕਮੀ ਅਤੇ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਵਿੱਚ ਬਿਮਾਰੀ ਦਰ ਵਿੱਚ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਲੋਕ ਭਲਾਈ ਪਹਿਲਕਦਮੀਆਂ ਸਮੇਂ ਦੀ ਲੋੜ ਹਨ, ਖ਼ਾਸ ਕਰ ਕੇ ਦੱਬੇ-ਕੁਚਲੇ ਅਤੇ ਹਾਸ਼ੀਏ ਉੱਤੇ ਧੱਕੇ ਲੋਕਾਂ ਲਈ ਅਜਿਹੀਆਂ ਸਕੀਮਾਂ ਦੀ ਜ਼ਰੂਰਤ ਹੈ।

**ਹਾਲੇ ਤਕ 'ਅੱਛੇ ਦਿਨ' ਨਹੀਂ ਆਏ: ਭਗਵੰਤ ਮਾਨ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰ ਸਰਕਾਰ ਵੱਲੋਂ ਦੇਸ਼ ਦੇ ਲੋਕਾਂ ਨਾਲ ਮਤਰੇਆ ਸਲੂਕ ਕੀਤੇ ਜਾਣ ਦੀ ਆਲੋਚਨਾ ਕੀਤੀ। ਉਨ੍ਹਾਂ ਪ੍ਰਧਾਨ ਮੰਤਰੀ 'ਤੇ ਤਨਜ਼ ਕੱਸਦਿਆਂ ਕਿਹਾ ਕਿ ਉਨ੍ਹਾਂ ਵੱਲੋਂ 'ਅੱਛੇ ਦਿਨ' ਲਿਆਉਣ ਅਤੇ ਹਰੇਕ ਦੇ ਖਾਤੇ ਵਿੱਚ 15 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਗਿਆ ਸੀ ਤੇ ਇਹ ਵਾਅਦੇ ਹਾਲੇ ਤੱਕ ਪੂਰੇ ਨਹੀਂ ਕੀਤੇ ਗਏ।

# ਸਰਕਾਰ ਉਦਯੋਗਾਂ ਦੇ ਮਸਲੇ ਹੱਲ ਕਰਨ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਵਚਨਬੱਧ : ਸੰਜੀਵ ਅਰੋੜਾ




ਬਠਿੰਡਾ, (ਸਾਡੇ ਲੋਕ) : ਪੰਜਾਬ ਸਰਕਾਰ ਦੇ ਮੰਤਰੀ ਸੰਜੀਵ ਅਰੋੜਾ ਨੇ ਅੱਜ ਇੱਥੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਸਰਕਾਰ ਸੂਬੇ ਵਿੱਚ ਉਦਯੋਗਿਕ ਮਸਲਿਆਂ ਨੂੰ ਹੱਲ ਕਰਨ, ਨਸ਼ਿਆਂ 'ਤੇ ਕਾਬੂ ਪਾਉਣ ਅਤੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨਸ਼ਿਆਂ ਨੂੰ ਅਪਰਾਧ ਦਾ ਵੱਡਾ ਕਾਰਨ ਮੰਨਦੀ ਹੈ ਅਤੇ ਇਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਨਾਲ ਅਪਰਾਧਾਂ ਵਿੱਚ ਕਮੀ ਆਈ ਹੈ। ਉਦਯੋਗਾਂ ਦੀਆਂ ਸਮੱਸਿਆਵਾਂ 'ਤੇ ਗੱਲ ਕਰਦਿਆਂ ਮੰਤਰੀ ਅਰੋੜਾ ਨੇ ਕਿਹਾ ਕਿ ਪ੍ਰਦੂਸ਼ਣ ਅਤੇ ਬਿਜਲੀ ਦੀ ਘਾਟ ਵਰਗੇ ਮੁੱਦਿਆਂ ਨੂੰ ਗੰਭੀਰਤਾ ਨਾਲ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪ੍ਰਦੂਸ਼ਣ ਸੰਬੰਧੀ ਕੇਂਦਰੀ ਕਾਨੂੰਨਾਂ ਦੀਆਂ ਸੀਮਾਵਾਂ ਬਾਰੇ ਉਦਯੋਗਪਤੀਆਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਬਿਜਲੀ ਦੀ ਸਪਲਾਈ ਨੂੰ ਬਿਹਤਰ ਬਣਾਉਣ ਲਈ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਸਰਕਾਰ ਉਦਯੋਗਾਂ ਨੂੰ ਹਰ ਸੰਭਵ ਸਹਿਯੋਗ ਦੇਵੇਗੀ ਅਤੇ ਬਦਲਦੀਆਂ ਬਾਜ਼ਾਰੀ ਲੋੜਾਂ ਅਨੁਸਾਰ ਉਨ੍ਹਾਂ ਦੇ ਆਧੁਨਿਕੀਕਰਨ ਵਿੱਚ ਮਦਦ ਕਰੇਗੀ।

# ਸੇਵਾ ਕੈਂਪਾਂ ਦੀ ਆੜ ਹੇਠ ਲੋਕਾਂ ਦਾ ਡਾਟਾ ਚੋਰੀ ਕਰਕੇ ਵੋਟਾਂ ਕੱਟਣ ਦੀ ਸਾਜ਼ਿਸ਼ : ਚੀਮਾ

ਪਟਿਆਲਾ, (ਸਾਡੇ ਲੋਕ) ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਸੇਵਾ ਕੈਂਪਾਂ ਦੇ ਨਾਂ 'ਤੇ ਪੰਜਾਬ ਦੇ ਲੋਕਾਂ ਦਾ ਨਿੱਜੀ ਡਾਟਾ ਇਕੱਠਾ ਕਰਨ ਦੇ ਗੰਭੀਰ ਦੋਸ਼ ਲਗਾਏ ਹਨ। ਪਟਿਆਲਾ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਚੀਮਾ ਨੇ ਕਿਹਾ ਕਿ ਭਾਜਪਾ ਇਹ ਕੈਂਪ ਲੋਕਾਂ ਦੀ ਭਲਾਈ ਲਈ ਨਹੀਂ, ਬਲਕਿ ਉਨ੍ਹਾਂ ਦੇ ਆਧਾਰ ਕਾਰਡ, ਬੈਂਕ ਖਾਤਿਆਂ ਅਤੇ ਹੋਰ ਨਿੱਜੀ ਜਾਣਕਾਰੀ ਨੂੰ ਗੈਰ-ਕਾਨੂੰਨੀ ਢੰਗ ਨਾਲ ਹਾਸਲ ਕਰਕੇ ਵੋਟਰ ਸੂਚੀਆਂ ਵਿੱਚੋਂ ਵੋਟਾਂ ਕਟਵਾਉਣ ਅਤੇ ਡਿਜੀਟਲ ਧੋਖਾਧੜੀ ਕਰਨ ਦੀ ਨੀਅਤ ਨਾਲ ਲਗਾ ਰਹੀ ਹੈ। ਵਿੱਤ ਮੰਤਰੀ ਨੇ ਭਾਜਪਾ ਵੱਲੋਂ ਲਗਾਏ ਜਾ ਰਹੇ ਉਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ 'ਆਪ' ਸਰਕਾਰ ਉਨ੍ਹਾਂ ਦੇ ਕੈਂਪਾਂ ਨੂੰ ਬੰਦ ਕਰਵਾ ਰਹੀ ਹੈ। ਚੀਮਾ ਨੇ ਸਪੱਸ਼ਟ ਕੀਤਾ ਕਿ ਸਰਕਾਰ ਕਿਸੇ ਦੀ ਸੇਵਾ ਦੇ ਖਿਲਾਫ਼ ਨਹੀਂ ਹੈ, ਪਰ ਕਿਸੇ ਵੀ ਪਾਰਟੀ ਨੂੰ 'ਡਿਜੀਟਲ ਪਰਸਨਲ ਡਾਟਾ ਪ੍ਰੋਟੈਕਸ਼ਨ ਐਕਟ, 2023' ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ



ਦਿੱਤੀ ਜਾਵੇਗੀ। ਉਨ੍ਹਾਂ ਕਿਹਾ, 'ਭਾਜਪਾ ਦਾ ਅਸਲ ਮਕਸਦ ਕੇਂਦਰੀ ਯੋਜਨਾਵਾਂ ਦਾ ਲਾਭ ਪਹੁੰਚਾਉਣਾ ਨਹੀਂ, ਸਗੋਂ ਡਾਟਾ ਚੋਰੀ ਕਰਕੇ ਲੋਕਤੰਤਰ ਨੂੰ ਕਮਜ਼ੋਰ ਕਰਨਾ ਹੈ।' ਹਰਪਾਲ ਸਿੰਘ ਚੀਮਾ ਨੇ ਚੰਡੀਗੜ੍ਹ ਮੇਅਰ ਚੋਣਾਂ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਭਾਜਪਾ ਪਹਿਲਾਂ ਵੀ ਵੋਟਾਂ ਚੋਰੀ ਕਰਨ ਦੀ ਕੋਸ਼ਿਸ਼ ਵਿੱਚ ਫੜੀ ਜਾ ਚੁੱਕੀ ਹੈ ਅਤੇ ਹੁਣ ਪੰਜਾਬ ਵਿੱਚ ਵੀ ਉਹੀ ਤਰੀਕਾ ਅਪਣਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਸੱਚਮੁੱਚ ਪੰਜਾਬ ਦੇ ਲੋਕਾਂ ਦੀ ਹਿਤੈਸ਼ੀ ਹੈ ਤਾਂ ਉਸਨੂੰ ਕੇਂਦਰ ਸਰਕਾਰ ਤੋਂ ਪੰਜਾਬ ਦਾ ਰੁਕਿਆ ਹੋਇਆ 8,000 ਕਰੋੜ ਰੁਪਏ ਦਾ ਪੇਂਡੂ ਵਿਕਾਸ ਫੰਡ (RDF) ਅਤੇ ਜੀਐਸਟੀ ਦਾ ਬਕਾਇਆ ਤੁਰੰਤ ਜਾਰੀ ਕਰਵਾਉਣਾ ਚਾਹੀਦਾ ਹੈ। ਵਿੱਤ ਮੰਤਰੀ ਨੇ ਚੇਤਾਵਨੀ ਦਿੱਤੀ ਕਿ ਜੇਕਰ ਭਾਜਪਾ ਨੇ ਗੈਰ-ਕਾਨੂੰਨੀ ਤਰੀਕਿਆਂ ਨਾਲ ਲੋਕਾਂ ਦਾ ਡਾਟਾ ਇਕੱਠਾ ਕਰਨਾ ਬੰਦ ਨਾ ਕੀਤਾ ਤਾਂ ਸਰਕਾਰ ਨੂੰ ਮਜਬੂਰਨ ਉਨ੍ਹਾਂ ਖਿਲਾਫ਼ ਐਫਆਈਆਰ ਦਰਜ ਕਰਕੇ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਪਵੇਗੀ।

# ਮਜੀਠੀਆ ਵਲੋਂ ਅੰਮ੍ਰਿਤਸਰ ਅਦਾਲਤ 'ਚ ਲਾਈ ਜ਼ਮਾਨਤ ਅਰਜ਼ੀ ਰੱਦ

ਅੰਮ੍ਰਿਤਸਰ : ਵਿਜੀਲੈਂਸ ਟੀਮ ਵਲੋਂ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੇ ਘਰ ਛਾਪੇਮਾਰੀ ਤੇ ਗ੍ਰਿਫ਼ਤਾਰੀ ਵੇਲੇ ਵਿਜੀਲੈਂਸ ਟੀਮ ਦੀ ਸਰਕਾਰੀ ਡਿਊਟੀ 'ਚ ਵਿਘਨ ਪਾਉਣ ਤੇ ਟੀਮ ਨਾਲ ਦੁਰਵਿਹਾਰ ਕਰਨ ਦੇ ਚਰਚਿਤ ਮਾਮਲੇ 'ਚ ਮਜੀਠੀਆ ਵਲੋਂ ਲਾਈ ਜਮਾਨਤੀ ਅਰਜ਼ੀ ਇਥੇ ਵਧੀਕ ਜ਼ਿਲ੍ਹਾ ਸ਼ੈਸ਼ਨ ਜੱਜ ਗੁਰਬੀਰ ਸਿੰਘ ਦੀ ਅਦਾਲਤ ਵਲੋਂ ਖਾਰਜ਼ ਕਰ ਦਿੱਤੀ ਗਈ ਹੈ। ਇਹ ਮਾਮਲਾ ਐੱਸ.ਐੱਸ.ਪੀ. ਵਿਜੀਲੈਂਸ ਦੀ ਸ਼ਿਕਾਇਤ 'ਤੇ ਥਾਣਾ ਸਿਵਲ ਲਾਈਨ ਦੀ ਪੁਲਿਸ ਵਲੋਂ ਦਰਜ ਕੀਤਾ ਗਿਆ ਸੀ, ਜਿਸ ਵਲੋਂ ਪੁਲਿਸ ਕਮਿਸ਼ਨਰ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਸੀ ਕਿ 26 ਜੂਨ ਨੂੰ ਵਿਜੀਲੈਂਸ ਫਲਾਇੰਗ ਸਕੂਐਡ ਟੀਮ ਮੁਹਾਲੀ ਵਲੋਂ ਭਿ੍ਰਸ਼ਟਾਚਾਰ ਕਰਨ ਤੇ ਆਮਦਨ ਨਾਲੋਂ ਵੱਧ ਜਾਇਦਾਦ ਦੇ ਮਾਮਲੇ ਦੇ ਸੰਬੰਧ 'ਚ ਉਨ੍ਹਾਂ ਦੇ ਘਰ ਗਰੀਨ ਐਵੀਨਿਊ ਵਿਖੇ ਛਾਪੇਮਾਰੀ ਕੀਤੀ ਗਈ ਤਾਂ ਉਸ ਸਮੇਂ



ਬਿਕਰਮ ਸਿੰਘ ਮਜੀਠੀਆ ਕੋਲ 30-40 ਸਮਰਥਕ ਸਨ, ਜਦੋਂ ਉਕਤ ਮਾਮਲੇ ਸੰਬੰਧੀ ਮਜੀਠੀਆ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਤੈਸ਼ 'ਚ ਆ ਕੇ ਤਫ਼ਤੀਸ਼ੀ ਅਫਸਰਾਂ ਨਾਲ ਬਹਿਸਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਮੋਬਾਈਲ ਫੋਨ ਨਾਲ ਵੀਡੀਓ ਬਣਾਉਣ ਲਗ ਪਿਆ। ਉਸ ਨੇ ਸਾਰੇ ਚੈਨਲਾਂ ਤੇ ਮੀਡੀਆ ਨੂੰ ਬਲਾਉਣ ਲਈ ਕਿਹਾ ਤੇ ਸਾਰੇ ਹਾਲਾਤ ਦਸੇ ਜਾਣ ਦੇ ਬਾਵਜੂਦ ਵੀ ਮੁੱਛਾਂ ਨੂੰ ਤਾਅ ਦੇ ਕੇ ਧਮਕਾਉਣ ਲੱਗਾ। ਇਸ ਮਾਮਲੇ 'ਚ ਮਜੀਠੀਆ ਵਲੋਂ ਇਥੇ ਆਪਣੇ ਵਕੀਲਾਂ ਰਾਹੀਂ ਆਪਣੇ ਆਪ ਨੂੰ ਬੇਕਸੂਰ ਦਸਦਿਆਂ ਜ਼ਮਾਨਤੀ ਅਰਜ਼ੀ ਦਾਇਰ ਕੀਤੀ ਗਈ ਸੀ।

# ਨਵੇਂ ਕਾਨੂੰਨ ਅਤੇ ਦਿੱਲੀ CM 'ਤੇ ਹਮਲੇ ਨੂੰ ਲੈ ਕੇ ਭਾਜਪਾ 'ਤੇ ਵਰ੍ਹੇ ਕੁਲਦੀਪ ਧਾਲੀਵਾਲ, ਕਿਹਾ - ਵਿਰੋਧੀਆਂ ਨੂੰ ਕੁਚਲਣ ਦੀ ਸਾਜ਼ਿਸ਼

ਚੰਡੀਗੜ੍ਹ: ਪੰਜਾਬ ਦੇ ਸਾਬਕਾ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਸਿਆਸੀ ਵਿਰੋਧੀਆਂ ਨੂੰ ਦਬਾਉਣ ਲਈ ÷ਕਾਲੇ ਕਾਨੂੰਨ÷ ਲਿਆਉਣ ਅਤੇ ਹਮਲੇ ਕਰਵਾਉਣ ਦੇ ਗੰਭੀਰ ਦੋਸ਼ ਲਗਾਏ ਹਨ। ਉਨ੍ਹਾਂ ਨੇ ਭਾਜਪਾ ਵੱਲੋਂ ਗੰਭੀਰ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਪ੍ਰਧਾਨ ਮੰਤਰੀ, ਮੁੱਖ ਮੰਤਰੀਆਂ ਅਤੇ ਮੰਤਰੀਆਂ ਨੂੰ ਹਟਾਉਣ ਸਬੰਧੀ ਬਿੱਲ ਦੀ ਸਖ਼ਤ ਨਿੰਦਾ ਕੀਤੀ ਹੈ।

ਇੱਥੇ ਇੱਕ ਬਿਆਨ ਜਾਰੀ ਕਰਦਿਆਂ ਧਾਲੀਵਾਲ ਨੇ ਕਿਹਾ, 'ਭਾਜਪਾ ਵਿਰੋਧੀ ਧਿਰ ਨੂੰ ਖ਼ਤਮ ਕਰਨ ਲਈ ਤਾਨਾਸ਼ਾਹੀ ਕਾਨੂੰਨ ਲਿਆ ਰਹੀ ਹੈ। ਪਹਿਲਾਂ ਉਹ ਝੂਠੇ ਕੇਸ ਦਰਜ ਕਰਵਾਉਂਦੇ ਹਨ ਅਤੇ ਫਿਰ ਅਜਿਹੇ ਕਾਨੂੰਨਾਂ ਦੀ ਵਰਤੋਂ ਕਰਕੇ ਚੁਣੇ ਹੋਏ ਨੁਮਾਇੰਦਿਆਂ ਨੂੰ ਹਟਾਉਣਾ ਚਾਹੁੰਦੇ ਹਨ। ਇਹ ਲੋਕਤੰਤਰ ਦਾ ਘਾਣ ਹੈ ਅਤੇ ਇਸਨੂੰ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ।'



ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਇੱਕ ਜਨ ਸੁਣਵਾਈ ਦੌਰਾਨ ਹੋਏ ਕਥਿਤ ਹਮਲੇ 'ਤੇ ਬੋਲਦਿਆਂ ਧਾਲੀਵਾਲ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਬਿਲਕੁਲ ਵੀ ਬਰਦਾਸ਼ਤਯੋਗ ਨਹੀਂ ਹਨ। ਉਨ੍ਹਾਂ ਨੇ ਸ਼ੱਕ ਜ਼ਾਹਰ ਕਰਦਿਆਂ ਕਿਹਾ, 'ਇੰਝ ਲੱਗਦਾ ਹੈ ਕਿ ਹਮਲਾਵਰ ਕੋਈ ਅੰਦਰੂਨੀ ਵਿਅਕਤੀ ਹੋ ਸਕਦਾ ਹੈ ਜੋ ਕਿਸੇ ਗੱਲ ਤੋਂ ਨਾਰਾਜ਼ ਸੀ, ਸੰਭਵ ਹੈ ਕਿ ਇਹ ਮਾਮਲਾ ਜੇਲ੍ਹ ਵਿੱਚ ਬੰਦ ਕਿਸੇ ਵਿਅਕਤੀ ਨਾਲ ਜੁੜਿਆ ਹੋਵੇ।'

ਉਨ੍ਹਾਂ ਕਿਹਾ ਕਿ ਚੁਣੇ ਹੋਏ ਆਗੂਆਂ 'ਤੇ ਇਸ ਤਰ੍ਹਾਂ ਦੇ ਹਮਲੇ ਭਾਜਪਾ ਦੇ ਸ਼ਾਸਨ ਅਧੀਨ ਵਿਗੜ ਰਹੀ ਕਾਨੂੰਨ ਵਿਵਸਥਾ ਨੂੰ ਦਰਸਾਉਂਦੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਅਜਿਹੀਆਂ ਦਮਨਕਾਰੀ ਨੀਤੀਆਂ ਤੋਂ ਡਰਨ ਵਾਲੀ ਨਹੀਂ ਹੈ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

**ਪ੍ਰੀਤ ਭੋਜਨ :** ਸ੍ਰੀ ਗੁਰੂ ਸਿੰਘ ਸਭਾ ਲਾਹੌਰ ਨੇ ਡਾਕਟਰ ਕੁਰਤਾਕੋਟੀ ਜੀ ਨੂੰ ਪ੍ਰੀਤੀ ਭੋਜਨ ਦਿੱਤਾ ਜਿਸ ਵਿਚ ਕਈ ਹਿੰਦੂਆਂ ਤੇ ਸਿੱਖ ਪਤਵੰਤੇ ਸ਼ਾਮਲ ਸਨ। ਸਿੱਖ ਮੁਖੀਆਂ ਵਲੋਂ ਤਕਰੀਰਾਂ ਹੋਈਆਂ। ਡਾਕਟਰ ਕੁਰਤਾਕੋਟੀ ਜੀ ਨੇ ਪ੍ਰਭਾਵਸ਼ਾਲੀ ਕਥਨ ਕੀਤਾ ਜਿਸ ਦੇ ਵਿਚ ਦੱਸਿਆ ਹੈ ਕਿ ਬਰਤਾਨਵੀ ਨੌਕਰਸ਼ਾਹੀ ਦੂਰ ਹੋ ਸਕਦੀ ਹੈ ਪਰ ਸਨਾਤਨੀਆਂ ਦੀ ਨੌਕਰਸ਼ਾਹੀ ਨੂੰ ਦੂਰ ਕਰਨਾ ਬੜਾ ਕਠਨ ਹੈ। ਇਨ੍ਹਾਂ ਤੇ ਦਲੀਲਾਂ ਦਾ ਕੋਈ ਅਸਰ ਨਹੀਂ ਹੁੰਦਾ। ਇਹ ਆਖਣ ਨੂੰ ਤਾਂ ਮੈਨੂੰ ਜਗਤ ਗੁਰੂ ਕਹਿੰਦੇ ਹਨ ਪਰ ਜਦ ਮੈਂ ਇਨ੍ਹਾਂ ਦੀ ਭਲਾਈ ਦੀ ਕੋਈ ਗੱਲ ਆਖਾਂ ਤਾਂ ਇਹ ਨਹੀਂ ਮੰਨਦੇ। ਹਿੰਦੂ ਆਪੋ ਵਿਚ ਈਰਖਾ ਦੇ ਨਾਲ ਲੜ ਰਹੇ ਹਨ।

ਮੈਂ ਪੂਨੇ ਤੇ ਬੰਬਈ ਵਿਚ ਸਿੱਖ ਗੁਰਦੁਆਰਿਆਂ ਵਿਚ ਜਾ ਕੇ ਵੇਖਿਆ ਹੈ, ਮੈਨੂੰ ਸਿੱਖਾਂ ਦੇ ਵਿਚ ਡਿਸਿਪਲਿਨ ਤੇ ਦਿਲ ਦੀ ਸਫ਼ਾਈ ਦਿਸਦੀ ਹੈ, ਇਸ ਵਾਸਤੇ ਮੈਂ ਇਨ੍ਹਾਂ ਦੀ ਵ੍ਰਿਧੀ ਦਾ ਚਾਹਵਾਨ ਹਾਂ ਤੇ ਜੋ ਕੁਛ ਮੈਥੋਂ ਬਣ ਪਏ ਇਨ੍ਹਾਂ ਲਈ ਕਰਨ ਨੂੰ ਤਿਆਰ ਹਾਂ।

ਕਿਹਾ ਜਾਂਦਾ ਹੈ ਕਿ ਮੈਂ ਦੂਜਿਆਂ ਨੂੰ ਸਿੱਖ ਬਣਨ ਲਈ ਪ੍ਰੇਰਣਾ ਕਰਦਾ ਹਾਂ। ਪਰ ਮੈਂ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਸਮਾਂ ਆਉਣ 'ਤੇ ਮੈਂ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖਾਂ ਦੇ ਰੂਪ ਨੂੰ ਧਾਰਨ ਕਰ ਲਵਾਂਗਾ।

**ਮੈਂ ਕਿਉਂ ਸਿੱਖ ਬਣਨ ਲਈ ਕਹਿੰਦਾ ਹਾਂ**

ਅੰਮ੍ਰਿਤਸਰ 26 ਅਕਤੂਬਰ-ਰਾਤ ਦੇ 6 ਵਜੇ ਗੁਰੂ ਦੇ ਬਾਗ਼ ਵਿਚ ਭਾਰੀ ਦੀਵਾਨ ਸਜਿਆ, ਜਿਸ ਵਿਚ ਸ਼ੰਕਰਾਚਾਰੀਆ ਡਾਕਟਰ ਕੁਰਤਾਕੋਟੀ ਨੂੰ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵਲੋਂ ਮਾਣ ਪੱਤਰ ਦਿੱਤਾ ਗਿਆ। ਸਰਦਾਰ ਬਹਾਦਰ ਹੁਕਮ ਸਿੰਘ ਜੀ ਪ੍ਰੈਜ਼ੀਡੈਂਟ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸ ਨੇ ਮਾਣ ਪੱਤਰ ਪੜ੍ਹਿਆ ਫਿਰ ਇਸ ਦਾ ਅੰਗਰੇਜ਼ੀ ਉਲੱਥਾ ਜਿਹੜਾ ਕਿ ਛਪਿਆ ਹੋਇਆ ਸੀ, ਸਰਦਾਰ ਸਾਹਿਬ ਸ੍ਰ. ਸੰਤੋਖ ਸਿੰਘ ਜੀ ਪ੍ਰੈਜ਼ੀਡੈਂਟ ਮਿਉਂਸੀਪਲ ਕਮੇਟੀ ਅੰਮ੍ਰਿਤਸਰ ਨੇ ਪੜ੍ਹ ਕੇ ਸੁਣਾਇਆ, ਫਿਰ ਪ੍ਰੋ. ਗੰਗਾ ਸਿੰਘ ਜੀ ਨੇ ਲਾਹੌਰ ਵਿਚ ਹਿੰਦੂ ਮਹਾਂ ਸਭਾ ਵਲੋਂ ਸ੍ਰੀ ਸ਼ੰਕਰਾਚਾਰੀਆ ਜੀ ਨਾਲ ਹੋਏ ਅਯੋਗ ਵਰਤਾਓ ਤੇ




ਸ਼ੰਕਰਾਚਾਰੀਆ ਜੀ ਦੀ ਆਪਣੀ ਸਿਧਾਂਤ ਤੇ ਦ੍ਰਿੜ੍ਹਤਾ ਤੇ ਸਿੱਖ ਧਰਮ ਨਾਲ ਪਿਆਰ ਦਾ ਜ਼ਿਕਰ ਕੀਤਾ।

ਸ਼ੰਕਰਾਚਾਰੀਆ ਜੀ ਨੇ ਉਤਰ ਵਿਚ ਇਕ ਪ੍ਰਭਾਵਸ਼ਾਲੀ ਹਿੰਦੀ ਵਿਚ ਤਕਰੀਰ ਕੀਤੀ, ਜਿਸ ਵਿਚ ਦੱਸਿਆ ਕਿ ਅੱਜ ਮੈਂ ਸ੍ਰੀ ਦਰਬਾਰ ਸਾਹਿਬ ਆ ਕੇ ਬੜਾ ਪ੍ਰਸੰਨ ਹੋਇਆ ਹਾਂ। ਸ਼ਬਦ ਕੀਰਤਨ ਸੁਣਕੇ ਜਿਹੜਾ ਅਨੰਦ ਆਇਆ ਹੈ ਮੇਰਾ ਦਿਲ ਕਰਦਾ ਹੈ ਕਿ ਇਥੇ ਹੀ ਰਵਾ ਸਦਾ ਇਥੇ ਹੀ ਰਹਾਂ ਤੇ ਕੀਰਤਨ ਸੁਣਦਾ ਰਹਾ। ਪੁਰਾਣੇ ਸਮੇਂ ਦੇ ਰਿਸ਼ੀ ਮੁਨੀ ਸਾਰੇ ਕੇਸਾਧਾਰੀ ਸਨ, ਉਨ੍ਹਾਂ ਦੇ ਦਾੜ੍ਹੇ ਤੇ ਮੁੱਛਾਂ ਵੀ ਸਨ। ਮੇਰੀ ਬਾਬਤ ਕਿਹਾ ਜਾਂਦਾ ਹੈ ਕਿ ਮੈਂ ਹਿੰਦੂਆਂ ਨੂੰ ਸਿੱਖ ਬਣਨ ਲਈ ਇਸ ਕਰਕੇ ਪ੍ਰੇਰ ਰਿਹਾ ਹਾਂ ਪਰ ਮੈਂ ਇਸ ਤੋਂ ਵੀ ਵਧੀਕ ਖੁਸ਼ੀ ਉਸ ਦਿਨ ਅਨੁਭਵ ਕਰਾਂਗਾ, ਜਿਸ ਦਿਨ ਡਾਕਟਰ ਅੰਬੇਡਕਰ ਨੂੰ ਸਿੰਘ ਸਜਾਇਆ ਤੁਹਾਡੇ ਵਿਚ ਬੈਠਾ ਵੇਗਾਂ। ਜਦ ਡਾਕਟਰ ਅੰਬੇਡਕਰ ਨੇ ਅੰਮ੍ਰਿਤ ਛਕਿਆ ਮੈਂ ਉਹਦੇ ਨਾਲ ਇਥੇ ਆਵਾਂਗਾ। ਦਿਲ ਦੇ ਵਿਚ ਭਗਤੀ ਤੇ ਬਾਹਾਂ ਵਿਚ ਸ਼ਕਤੀ ਇਹ ਦੋ ਹੀ ਚੀਜ਼ਾਂ ਸੰਸਾਰ ਦਾ ਕਲਿਆਣ ਕਰਦੀਆਂ ਹਨ, ਹਿਹ ਦੋ ਤ੍ਰੈ ਚੀਜ਼ਾਂ ਤੁਹਾਡੇ ਪਾਸ ਹਨ ਇਸ ਕਰਕੇ ਸੰਸਾਰ ਦਾ ਕਲਿਆਣ ਤੁਸੀਂ ਹੀ ਕਰ ਸਕਦੇ ਹੋ।

ਸ਼ੰਕਰਾਚਾਰੀਆ ਡਾ. ਕੁਰਤਾਕੋਟੀ
ਖ਼ਾਲਸਾ ਸਮਾਚਾਰ, 29 ਅਕਤੂਬਰ 1936, ਅੰਕ 50, ਜਿਲਦ 37, ਪੰਨਾ 11-12

ਖ਼ਾਲਸਾ ਸਮਾਚਾਰ 5 ਨਵੰਬਰ 1936, ਜਿਲਦ 37, ਅੰਕ 50, ਪੰਨਾ-5

ਸਰਬ-ਹਿੰਦ ਸਿੱਖ ਮਿਸ਼ਨ ਤੇ ਖ਼ਾਲਸਾ ਸਮਾਚਾਰ

ਮੁਢਲੀਆਂ ਗੱਲਾਂ

14 ਅਕਤੂਬਰ 1936 ਦੀ ਅਕਾਲੀ ਪੱਤ੍ਰਿਕਾ ਦੇ ਸਫ਼ੇ 5 ਕਾਲਮ ਵਿਚ ਇਹ ਚਿੱਠੀ ਛਪੀ ਹੈ,

"ਖ਼ਾਲਸਾ ਸਮਾਚਾਰ ਅੰਮ੍ਰਿਤਸਰ ਦੇ 1 ਅਕਤੂਬਰ 1936 ਦੀ ਇਸ਼ਾਇਤ ਵਿਚ ਸਫ਼ਾ 2 ਕਾਲਮ 1 ਦੇ ਅੱਧ ਵਿਚ ਪਤਿਤ ਹੋ ਗਿਆ ਦੀ ਸੁਖ਼ੀ ਹੇਠਾਂ ਇਕ ਲੰਮਾ ਲੇਖ ਪ੍ਰਕਾਸ਼ਿਤ ਹੋਇਆ ਹੈ ਜਿਸ ਵਿਚ ਸਰਬ-ਹਿੰਦ ਸਿੱਖ ਮਿਸ਼ਨ ਨੂੰ ਭੀ ਕੁਝ ਸੂਚਨਾਵਾਂ ਕੀਤੀਆਂ ਹੋਈਆਂ ਹਨ।

**(ਚਲਦਾ)**

## ਵਿਧਾਨ ਸਭਾ 'ਚ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਸਨਮਾਨ 'ਚ ਮਤਾ ਪਾਸ

ਚੰਡੀਗੜ੍ਹ : ਹਰਿਆਣਾ ਵਿਧਾਨ ਸਭਾ ਨੇ ਅੱਜ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਕ ਪ੍ਰਸਤਾਵ ਪਾਸ ਕੀਤਾ। ਇਹ ਪ੍ਰਸਤਾਵ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੌਰਾਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਲੋਂ ਪੇਸ਼ ਕੀਤਾ ਗਿਆ। ਪ੍ਰਸਤਾਵ ਪੜ੍ਹਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਦਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਵਲੋਂ ਵਿਸ਼ਵਾਸ ਅਤੇ ਜ਼ਮੀਰ ਦੀ ਸੁਤੰਤਰਤਾ ਦੇ ਅਧਿਕਾਰ ਦੀ ਰੱਖਿਆ ਲਈ ਨਵੰਬਰ 1675 'ਚ ਦਿੱਲੀ ਦੇ ਚਾਂਦਨੀ ਚੌਕ 'ਚ ਦਿੱਤੇ ਗਏ ਜੀਵਨ ਦੇ ਸਰਬਉਚ ਬਲੀਦਾਨ ਨੂੰ ਯਾਦ ਕਰਦਾ ਹੈ। ਉਨ੍ਹਾਂ ਦੇ ਸਮਰਪਿਤ ਸਿੱਖ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ, ਭਾਈ ਸਤੀ ਦਾਸ ਨੂੰ ਰੂੰਅ 'ਚ ਲਪੇਟ ਕੇ ਸਾੜ ਦਿੱਤਾ ਗਿਆ ਅਤੇ ਭਾਈ ਦਿਆਲਾ ਨੂੰ ਗਰਮ ਪਾਣੀ ਦੀ ਕੜ੍ਹਾਈ 'ਚ ਉਬਾਲਿਆ ਗਿਆ। ਇਨ੍ਹਾਂ ਨੇ ਅਟੁੱਟ ਭਰੋਸੇ ਦੇ ਨਾਲ ਸ਼ਹਾਦਤ ਨੂੰ ਗਲੇ ਲਗਾਇਆ। ਇਹ ਉਨ੍ਹਾਂ ਦੇ ਬਲੀਦਾਨ, ਹਿੰਮਤ, ਧਾਰਮਿਕਤਾ ਅਤੇ ਅਡੋਲ ਵਫ਼ਾਦਾਰੀ ਦਾ ਪ੍ਰਤੀਕ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਦਨ ਇਹ ਵੀ ਯਾਦ ਕਰਦਾ ਹੈ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਜਾਨ ਮਨੁੱਖਤਾ ਦੇ ਮਾਣ-ਸਨਮਾਨ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਕੁਰਬਾਨ ਕੀਤੀ ਸੀ। ਗੁਰੂ ਜੀ ਦਾ ਹਰਿਆਣਾ ਨਾਲ ਡੂੰਘਾ ਜੁੜਾਵ ਰਿਹਾ। ਆਪਣੀ ਯਾਤਰਾਵਾਂ ਦੌਰਾਨ ਗੁਰੂ ਸਾਹਿਬ ਨੇ ਕੁਰੂਕਸ਼ੇਤਰ, ਪਿਹੋਵਾ, ਕੈਥਲ, ਜੀਂਦ, ਅੰਬਾਲਾ, ਚੀਕਾ ਅਤੇ ਰੋਹਤਕ 'ਚ ਆ ਕੇ ਇਸ ਧਰਤੀ ਨੂੰ ਪਵਿੱਤਰ ਕੀਤਾ ਅਤੇ ਸੱਚਾਈ, ਸਹਿਣਸ਼ੀਲਤਾ ਤੇ ਨਿਡਰਤਾ ਦਾ ਸੰਦੇਸ਼ ਫੈਲਾਇਆ। ਇਨ੍ਹਾਂ ਥਾਵਾਂ 'ਤੇ ਸਥਾਪਿਤ ਗੁਰਦੁਆਰੇ ਸਾਨੂੰ ਗੁਰੂ ਜੀ ਦੇ ਆਸ਼ੀਰਵਾਦ ਦੀ ਯਾਦ ਦਿਵਾਉਂਦੇ ਹਨ। ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਸਦਨ ਭਾਈ ਜੈਤਾ ਦੀ ਵਿਸ਼ੇਸ਼ ਭੂਮਿਕਾ ਨੂੰ ਸ਼ੁਕਰਗੁਜ਼ਾਰੀ ਨਾਲ ਯਾਦ ਕਰਦਾ ਹੈ, ਜਿਨ੍ਹਾਂ ਨੇ ਬੇਮਿਸਾਲ ਹਿੰਮਤ ਨਾਲ ਗੁਰੂ ਜੀ ਦੇ ਸੀਸ ਨੂੰ ਦਿੱਲੀ ਤੋਂ ਅਨੰਦਪੁਰ ਸਾਹਿਬ ਤੱਕ ਪਹੁੰਚਾਇਆ ਸੀ। ਉਨ੍ਹਾਂ ਨੇ ਕਿਹਾ ਕਿ ਇਹ ਸਦਨ ਸੋਨੀਪਤ ਜ਼ਿਲ੍ਹੇ ਦੇ ਪਿੰਡ ਬੜਖਾਲਸਾ ਦੇ ਸ਼ਹੀਦ ਕੁਸ਼ਾਲ ਸਿੰਘ ਦਹੀਆ ਦੀ ਕੁਰਬਾਨੀ ਨੂੰ ਵੀ ਯਾਦ ਕਰਦਾ ਹੈ। ਇਤਿਹਾਸਿਕ ਵੇਰਵੇ ਅਨੁਸਾਰ ਗੁਰੂ ਜੀ ਦੇ ਸੀਸ ਨੂੰ ਲੈ ਕੇ ਜਾਂਦੇ ਹੋਏ ਭਾਈ ਜੈਤਾ ਨੂੰ ਜਦੋਂ ਬੜਖਾਲਸਾ ਪਿੰਡ 'ਚ ਮੁਗ਼ਲ ਸੈਨਾ ਨੇ ਘੇਰ ਲਿਆ ਸੀ, ਉਦੋਂ ਕੁਸ਼ਾਲ ਸਿੰਘ ਦਹੀਆ ਨੇ ਕੁਰਬਾਨੀ ਦਿੱਤੀ ਸੀ। ਇਹ ਸਦਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਨਮਾਨਪੂਰਵਕ ਢੰਗ ਨਾਲ ਮਨਾਉਣ ਦਾ ਪ੍ਰਣ ਕਰਦਾ ਹੈ।

## ਹਰਿਆਣਾ ਦੇ ਮੁੱਖ ਮੰਤਰੀ ਵਲੋਂ 1984 'ਚ ਮਾਰੇ ਗਏ ਸੈਂਕੜੇ ਸਿੱਖ ਪਰਿਵਾਰਾਂ ਦੇ ਮੈਂਬਰਾਂ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ

ਚੰਡੀਗੜ੍ਹ : ਹਰਿਆਣਾ ਸਰਕਾਰ ਵਲੋਂ 1984 ਵਿਚ ਸਿੱਖ ਵਿਰੋਧੀ ਦੰਗਿਆਂ ਦੌਰਾਨ ਸੂਬੇ ਦੇ ਮਾਰੇ ਗਏ 121 ਵਿਅਕਤੀਆਂ ਦੇ ਪਰਿਵਾਰਾਂ ਦੇ ਇੱਕ-ਇੱਕ ਮੈਂਬਰ ਨੂੰ ਪਹਿਲ ਦੇ ਆਧਾਰ 'ਤੇ ਸਰਕਾਰੀ ਨੌਕਰੀ ਪ੍ਰਦਾਨ ਕੀਤੀ ਜਾਵੇਗੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੱਜ ਹਰਿਆਣਾ ਵਿਧਾਨ ਸਭਾ ਵਿਚ ਚੱਲ ਰਹੇ ਮੌਨਸੂਨ ਇਜਲਾਸ ਦੌਰਾਨ ਇਹ ਐਲਾਨ ਕੀਤਾ। ਉਨ੍ਹਾਂ ਨੇ ਸਦਨ ਨੂੰ ਜਾਣੂ ਕਰਾਇਆ ਕਿ 1984 ਵਿਚ ਹੋਏ ਸਿੱਖ ਵਿਰੋਧੀ ਦੰਗਿਆਂ ਵਿਚ ਸੂਬੇ ਵਿਚ ਲਗਭਗ 20 ਗੁਰਦੁਆਰਿਆਂ, 221 ਮਕਾਨਾਂ, 154 ਦੁਕਾਨਾਂ, 57 ਫ਼ੈਕਟਰੀਆਂ, 3 ਰੇਲ ਡੱਬਿਆਂ ਅਤੇ 85 ਵਾਹਨਾਂ ਨੂੰ ਸਾੜ ਦਿੱਤਾ ਗਿਆ ਸੀ। ਇਨ੍ਹਾਂ ਦੰਗਿਆਂ ਵਿਚ 58 ਵਿਅਕਤੀ ਜ਼ਖ਼ਮੀ ਹੋਏ ਅਤੇ 121 ਵਿਅਕਤੀਆਂ ਦੀ ਮੌਤ ਹੋਈ ਸੀ। ਉਨ੍ਹਾਂ ਨੇ ਪੀੜਤ ਪਰਿਵਾਰਾਂ ਨੂੰ ਆਪਸੀ ਸਹਿਮਤੀ ਨਾਲ ਪਰਿਵਾਰ ਦੇ ਇੱਕ ਮੈਂਬਰ ਦਾ ਨਾਂਅ ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਸਕੱਤਰ, ਹਰਿਆਣਾ ਸਰਕਾਰ ਨੂੰ ਭਿਜਵਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਇਸ ਸੰਬੰਧ ਵਿਚ ਸਰਕਾਰ ਵਲੋਂ ਹਦਾਇਤਾਂ ਜਲਦੀ ਹੀ ਜਾਰੀ ਕਰ ਦਿੱਤੀਆਂ ਜਾਣਗੀਆਂ।

## ਮੁੱਖ ਮੰਤਰੀ ਹਰਿਆਣਾ ਦਾ ਸੁਚੱਜਾ ਯਤਨ

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੌਨਸੂਨ ਦੇ ਵਿਧਾਨ ਸਭਾ ਇਜਲਾਸ ਵਿਚ ਸਾਲ 1984 ਵਿਚ ਹੋਏ ਸਿੱਖ ਵਿਰੋਧੀ ਦੰਗਿਆਂ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਮੈਂਬਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਐਲਾਨ ਕਰ ਕੇ ਇਕ ਵਾਰ ਫਿਰ ਇਨ੍ਹਾਂ ਦੰਗਿਆਂ ਨਾਲ ਹੋਏ ਜ਼ਖ਼ਮਾਂ 'ਤੇ ਮਰਹਮ ਲਗਾਉਣ ਦੀ ਕੋਸ਼ਿਸ਼ ਕੀਤੀ ਹੈ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹਮਲੇ ਵਿਚ ਹੋਈ ਮੌਤ ਤੋਂ ਬਾਅਦ ਦਿੱਲੀ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿਚ ਇਕ ਵਿਸ਼ੇਸ਼ ਸਾਜਿਸ਼ ਤਹਿਤ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਵੱਡੀ ਪੱਧਰ 'ਤੇ ਹਿੰਸਾ ਭੜਕਾਈ ਗਈ ਸੀ, ਜਿਸ ਦਾ ਅਸਰ ਹਰਿਆਣਾ 'ਤੇ ਵੀ ਹੋਇਆ ਸੀ।

ਸ੍ਰੀ ਸੈਣੀ ਨੇ ਹਰਿਆਣਾ ਵਿਧਾਨ ਸਭਾ ਵਿਚ ਇਸ ਦਾ ਵਿਸਥਾਰ ਦਿੰਦਿਆਂ ਦੱਸਿਆ ਕਿ ਸੂਬੇ ਵਿਚ ਲਗਭਗ 20 ਗੁਰਦੁਆਰੇ, 221 ਮਕਾਨਾਂ, 154 ਦੁਕਾਨਾਂ, 57 ਫੈਕਟਰੀਆਂ, 3 ਰੇਲ ਡੱਬਿਆਂ ਅਤੇ 85 ਵਾਹਨਾਂ ਨੂੰ ਸਾੜ ਦਿੱਤਾ ਗਿਆ ਸੀ। ਦਰਜਨਾਂ ਹੀ ਜ਼ਖ਼ਮੀਆਂ ਤੋਂ ਇਲਾਵਾ 121 ਵਿਅਕਤੀਆਂ ਦੀ ਮੌਤ ਹੋਈ ਸੀ। ਸੰਬੰਧਿਤ ਪਰਿਵਾਰਾਂ ਦੇ ਮੈਂਬਰ ਹਾਲੇ ਤੱਕ ਵੀ ਉਸ ਦਰਦ ਨੂੰ ਮਹਿਸੂਸ ਕਰ ਰਹੇ ਹਨ। ਸੂਬੇ ਵਿਚ ਸਮੇਂ-ਸਮੇਂ ਇਸ ਸੰਬੰਧੀ ਆਵਾਜ਼ਾਂ ਉੱਠਦੀਆਂ ਰਹੀਆਂ ਸਨ। ਤਤਕਾਲੀ ਸਰਕਾਰਾਂ ਨੇ ਪ੍ਰਭਾਵਿਤ ਪਰਿਵਾਰਾਂ ਨੂੰ ਕੁਝ ਮਾਲੀ ਸਹਾਇਤਾ ਵੀ ਦਿੱਤੀ ਸੀ, ਪਰ ਪੀੜਤ ਪਰਿਵਾਰਾਂ ਨੂੰ ਹਰਿਆਣੇ ਵਿਚ ਰੁਜ਼ਗਾਰ ਦੇਣ ਦੀ ਪਹਿਲ ਪਹਿਲਾਂ ਨਹੀਂ ਸੀ ਹੋਈ। ਹਰਿਆਣੇ ਵਿਚ ਸਿੱਖਾਂ ਨਾਲ ਹੋਈ ਜ਼ਿਆਦਤੀ ਦਾ ਮਸਲਾ ਸਾਲ 2011 ਵਿਚ ਫਿਰ ਕੁਝ ਸਮਾਜਿਕ ਕਾਰਕੁੰਨਾਂ ਨੇ ਉਠਾਇਆ ਸੀ, ਜਿਸ ਵਿਚ ਜ਼ਿਲ੍ਹਾ ਰੇਵਾੜੀ ਦੇ ਪਿੰਡ ਹੋਂਦ ਚਿੱਲੜ ਅਤੇ ਗੁਰੂਗ੍ਰਾਮ ਦੀਆਂ ਵਹਿਸ਼ੀ ਘਟਨਾਵਾਂ ਨੂੰ ਸਭ ਦੇ ਸਾਹਮਣੇ ਲਿਆਉਣ ਸੰਬੰਧੀ ਆਵਾਜ਼ ਉਠਾਈ ਗਈ ਸੀ। ਇਸ ਤੋਂ ਬਾਅਦ ਜਸਟਿਸ ਟੀ.ਪੀ. ਗਰਗ ਕਮਿਸ਼ਨ ਬਣਾਇਆ ਗਿਆ ਸੀ, ਜਿਸ ਨੇ 240 ਦੇ ਲਗਭਗ ਪਟੀਸ਼ਨਾਂ ਸੁਣੀਆਂ ਸਨ। 80 ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤਾਂ ਵੀ ਕੀਤੀਆਂ ਗਈਆਂ ਸਨ। ਸਾਲ 2015 ਵਿਚ ਕਮਿਸ਼ਨ ਨੇ ਆਪਣੀ ਅੰਤਿਮ ਰਿਪੋਰਟ



ਉਸ ਸਮੇਂ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਸੌਂਪ ਦਿੱਤੀ ਸੀ। ਸਾਲ 2016 ਵਿਚ ਪ੍ਰਭਾਵਿਤ ਪਰਿਵਾਰਾਂ ਨੂੰ ਪਹਿਲਾਂ ਦਿੱਤੀ ਗਈ ਆਰਥਿਕ ਮਦਦ ਤੋਂ ਇਲਾਵਾ 12 ਕਰੋੜ ਦੀ ਰਾਸ਼ੀ ਹੋਰ ਪ੍ਰਦਾਨ ਕੀਤੀ ਗਈ ਸੀ। ਜਿੱਥੋਂ ਤੱਕ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਸੰਬੰਧ ਹੈ, ਉਹ ਹਮੇਸ਼ਾ 40 ਸਾਲ ਪਹਿਲਾਂ ਵਾਪਰੇ ਇਸ ਨਿਰਦਈ ਘਟਨਾ-ਚੱਕਰ ਵਿਰੁੱਧ ਆਵਾਜ਼ ਉਠਾਉਂਦੇ ਰਹੇ ਹਨ। ਹੁਣ ਉਨ੍ਹਾਂ ਨੇ ਬੇਹੱਦ ਭਾਵਪੂਰਤ ਢੰਗ ਨਾਲ ਉਨ੍ਹਾਂ ਦੰਗਿਆਂ ਵਿਚ ਮਾਰੇ ਗਏ 121 ਵਿਅਕਤੀਆਂ ਦੇ ਪਰਿਵਾਰਾਂ ਦੇ 1-1 ਮੈਂਬਰ ਨੂੰ ਪਹਿਲ ਦੇ ਆਧਾਰ 'ਤੇ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਹੈ। ਪ੍ਰਗਟਾਈ ਗਈ ਅਜਿਹੀ ਹਮਦਰਦੀ ਦੇ ਦੂਰਦਰਸ਼ੀ ਸਿੱਟੇ ਨਿਕਲਣਗੇ।

ਸ੍ਰੀ ਸੈਣੀ ਨੇ ਇਸੇ ਹੀ ਸਮੇਂ ਇਹ ਵੀ ਐਲਾਨ ਕੀਤਾ ਹੈ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਮੌਕੇ ਉਨ੍ਹਾਂ ਦੀ ਬੇਮਿਸਾਲ ਕੁਰਬਾਨੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸੂਬੇ ਭਰ ਵਿਚ ਸਮਾਗਮ ਕਰਵਾਏ ਜਾਣਗੇ। ਇਸ ਸੰਬੰਧੀ ਇਜਲਾਸ ਦੌਰਾਨ ਗੁਰੂ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਪ੍ਰਸਤਾਵ ਵੀ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਹੈ। ਸ੍ਰੀ ਸੈਣੀ ਨੇ ਸਦਨ ਵਿਚ ਬੋਲਦਿਆਂ ਕਿਹਾ ਕਿ ਗੁਰੂ ਤੇਗ਼ ਬਾਹਦਰ ਜੀ ਵਲੋਂ ਵਿਸ਼ਵਾਸ ਅਤੇ ਜ਼ਮੀਰ ਦੀ ਸੁਤੰਤਰਤਾ ਦੇ ਅਧਿਕਾਰ ਦੀ ਰੱਖਿਆ ਲਈ ਨਵੰਬਰ 1675 ਵਿਚ ਦਿੱਲੀ ਦੇ ਚਾਂਦਨੀ ਚੌਕ ਵਿਚ ਬਲੀਦਾਨ ਦਿੱਤਾ ਗਿਆ ਸੀ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਨੂੰ ਹਮੇਸ਼ਾ ਯਾਦ ਰੱਖਿਆ ਜਾਏਗਾ। ਅਸੀਂ ਸ੍ਰੀ ਸੈਣੀ ਵਲੋਂ ਉਠਾਏ ਗਏ ਇਸ ਅਹਿਮ ਕਦਮ ਅਤੇ ਪ੍ਰਗਟਾਈਆਂ ਗਈਆਂ ਭਾਵਨਾਵਾਂ ਦੀ ਕਦਰ ਕਰਦੇ ਹਾਂ ਅਤੇ ਉਨ੍ਹਾਂ ਦਾ ਇਸ ਲਈ ਤਹਿ ਦਿਲੋਂ ਧੰਨਵਾਦ ਵੀ ਕਰਦੇ ਹਾਂ। ਬਿਨਾਂ ਸ਼ੱਕ ਉਨ੍ਹਾਂ ਵਲੋਂ ਦਿੱਤੇ ਗਏ ਇਸ ਸੰਦੇਸ਼ ਦੀ ਭਾਵਨਾ ਨੂੰ ਬੜੀ ਉੱਚੀ ਅਤੇ ਸੁੱਚੀ ਕਿਹਾ ਜਾ ਸਕਦਾ ਹੈ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸੰਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸੰਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸੰਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸੰਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸੰਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਰੋਕਥਾਮ/ਬਚਾਅ :

1. ਪਾਸਾ ਲੈ ਕੇ ਸੌਂਵੋਂ, ਨਾ ਕਿ ਸਿੱਧੇ ਲੇਟ ਕੇ।
2. ਜੇਕਰ ਤੁਹਾਡਾ ਭਾਰ ਜ਼ਿਆਦਾ ਹੈ ਤਾਂ ਭਾਰ ਨੂੰ ਘਟਾਓ।
3. ਸਿਗਰਟ ਨੂੰ ਛੱਡੋ ਅਤੇ ਸ਼ਰਾਬ ਨਾ ਪੀਓ।
4. ਨੱਕ ਵਿੱਚ ਸਪ੍ਰੇਅ (ਛਿੜਕਾਅ) ਵਾਲੀ ਦਵਾਈ ਪਾ ਕੇ ਐਲਰਜੀ ਅਤੇ ਜ਼ੁਕਾਮ ਨਾਲ ਨੱਕ ਵਿੱਚੋਂ ਨਿਕਲਣ ਵਾਲੇ ਗਾੜ੍ਹੇ ਪਦਾਰਥ ਦਾ ਇਲਾਜ ਕਰੋ।

**ਇਲਾਜ :**

1. ਇਸਦਾ ਸਭ ਤੋਂ ਵਧੀਆ ਇਲਾਜ ਰੋਕਥਾਮ ਬਚਾਅ ਹੀ ਹੈ।
2. ਡਾਕਟਰ ਦੀ ਸਲਾਹ ਅਨੁਸਾਰ ਗਲੇ ਅਤੇ ਨੱਕ ਦਾ ਅਪ੍ਰੇਸ਼ਨ ਕਰਵਾਓ।
3. ਕੁਝ ਮਸ਼ੀਨਾਂ ਮੌਜੂਦ ਹਨ ਜੋ ਕਿ ਤੁਹਾਡੇ ਸੌਣ ਸਮੇਂ ਤੁਹਾਡੇ ਮੂੰਹ ਅਤੇ ਨੱਕ ਨੂੰ ਖੁੱਲ੍ਹਾ ਰੱਖਦੀਆਂ ਹਨ, ਪਰ ਇਹ ਬਹੁਤ ਜ਼ਿਆਦਾ ਫ਼ਾਇਦੇਮੰਦ ਨਹੀਂ ਹਨ।

**ਸਲੀਪ ਐਪਨੀਆ**

**(ਸੌਣ ਵੇਲੇ ਸਾਹ ਦਾ ਰੁਕਣਾ)**

ਸੌਣ ਵੇਲੇ ਜੇਕਰ ਤੁਹਾਡਾ ਸਾਹ ਰੁਕਦਾ ਹੈ, ਤਾਂ ਤੁਹਾਨੂੰ ਸਲੀਪ ਐਪਨੀਆ ਹੋ ਸਕਦਾ ਹੈ।

**ਕਿਸਮਾਂ :**

**ਸਲੀਪ ਐਪਨੀਆ ਦੋ ਕਿਸਮਾਂ ਦਾ ਹੋ ਸਕਦਾ ਹੈ :**

1. ਔਬਸਟ੍ਰਕਟਿਵ : ਜੋ ਸਾਹ ਦੀ ਨਾਲੀ ਵਿੱਚ ਰੁਕਾਵਟ ਕਾਰਨ ਹੁੰਦਾ ਹੈ।
2. ਸੈਂਟਰਲ : ਜੋ ਦਿਮਾਗ ਅਤੇ ਸਾਹ ਪ੍ਰਣਾਲੀ ਦੇ ਸਿਗਨਲ ਠੀਕ ਨਾ ਹੋਣ ਦੇ ਕਾਰਨ ਹੁੰਦਾ ਹੈ।

**ਕਾਰਨ :**

1. ਮੋਟਾਪਾ।




2. ਪਰਿਵਾਰਕ ਪਿਛੋਕੜ।
3. ਨੱਕ ਦਾ ਬੰਦ ਹੋਣਾ।

ਜੇ ਸਲੀਪ ਐਪਨੀਆ ਦਾ ਇਲਾਜ ਨਾ ਹੋਵੇ, ਤਾਂ :

1. ਦਿਨ ਸਮੇਂ ਥਕਾਵਟ ਰਹਿੰਦੀ ਹੈ।
2. ਸਿਰ ਦਰਦ ਰਹਿੰਦਾ ਹੈ।
3. ਬਲੱਡ ਪ੍ਰੈਸ਼ਰ ਵੱਧ ਜਾਂਦਾ ਹੈ।
4. ਦਿਲ ਫ਼ੇਲ੍ਹ ਵੀ ਹੋ ਸਕਦਾ ਹੈ।

**ਜਾਂਚ :**

ਡਾਕਟਰ ਇਸ ਬਿਮਾਰੀ ਦੀ ਜਾਂਚ ਸਲੀਪ ਸਟੱਡੀ ਟੈਸਟ ਨਾਲ ਕਰਦੇ ਹਨ, ਜੋ ਕਿ ਸੌਣ ਸਮੇਂ ਮਸ਼ੀਨ ਲਾ ਕੇ ਕੀਤਾ ਜਾਂਦਾ ਹੈ।

**ਇਲਾਜ :**

1. ਡਾਕਟਰ ਤੁਹਾਨੂੰ ਸੀਪੈਪ ਨਾਂ ਦੀ ਮਸ਼ੀਨ ਸੌਣ ਸਮੇਂ ਲਾਉਣ ਲਈ ਦੇਣਗੇ।
2. ਸਰਜਰੀ : ਯੁਵੂਲਾ ਦਾ ਅਪ੍ਰੇਸ਼ਨ

**(ਸਾਈਨਸ ਦੀ ਇਨਫ਼ੈਕਸ਼ਨ)**

**ਸਾਈਨਸ ਦੀ ਇਨਫੈਕਸ਼ਨ**

ਨੱਕ ਦੇ ਆਲੇ-ਦੁਆਲੇ, ਗੱਲ੍ਹਾਂ ਦੀ ਹੱਡੀ ਤੋਂ ਲੈ ਕੇ ਮੱਥੇ ਤੱਕ ਜੋ ਅੰਦਰਲੇ ਪਾਸੇ ਖੋਖਲੇ ਸਥਾਨ ਹੁੰਦੇ ਹਨ, ਉਹਨਾਂ ਨੂੰ ਸਾਈਨਸ ਕਿਹਾ ਜਾਂਦਾ ਹੈ। ਸਾਈਨਸ ਦੀ ਸੋਜ਼ਿਸ਼ ਅਤੇ ਇਨਫ਼ੈਕਸ਼ਨ ਨੂੰ ਸਾਈਨੁਸਾਈਟਸ ਕਿਹਾ ਜਾਂਦਾ ਹੈ।

**ਕਾਰਨ :**

1. ਜੀਵਾਣੂ (ਬੈਕਟੀਰੀਅਲ) ਜਾਂ ਵਾਇਰਲ (ਵੀਸ਼ਾਣੂ) ਇਨਫ਼ੈਕਸ਼ਨ।
2. ਜ਼ੁਕਾਮ ਅਤੇ ਐਲਰਜੀ।
3. ਹਵਾ ਦਾ ਦੂਸ਼ਿਤ ਹੋਣਾ ਅਤੇ ਸਿਗਰਟ ਪੀਣਾ।

**ਲੱਛਣ :**

1. ਹਰ ਵੇਲੇ ਸਿਰ ਦਰਦ ਹੋਣਾ (ਸਾਈਨੁਸਾਈਟਸ)।
2. ਗਲੇ ਵਿੱਚ ਬਲਗਮ (ਪੋਸਟਨੇਜਲ ਡਰਿੱਪ)।
3. ਗਲੇ ਵਿੱਚ ਦਰਦ ਜਾਂ ਖ਼ਾਂਸੀ ਹੋਣਾ।
4. ਜ਼ੁਕਾਮ ਦੇ ਨਾਲ ਗਾੜ੍ਹਾ ਮੁਆਦ ਜਾਂ ਪੀਕ ਦਾ ਆਉਣਾ (ਜ਼ਿਆਦਾਤਰ ਬੱਚਿਆਂ ਵਿੱਚ)।

**ਰੋਕਥਾਮ ਬਚਾਅ :**

1. ਜ਼ੁਕਾਮ ਅਤੇ ਐਲਰਜੀ ਨੂੰ ਜਲਦੀ ਠੀਕ ਕਰੋ ਤਾਂ ਜੋ ਸਾਈਨੁਸਾਈਟਸ ਦੀ ਮੁਸ਼ਕਲ ਤੋਂ ਬਚਿਆ ਜਾ ਸਕੇ।
2. ਸਿਗਰਟ ਨਾ ਪੀਓ।
3. ਪਾਣੀ ਜ਼ਿਆਦਾ ਪੀਓ।

**ਘਰੇਲੂ ਇਲਾਜ :**

1. ਨਮਕ ਵਾਲਾ ਪਾਣੀ ਆਪਣੇ ਨੱਕ ਵਿੱਚ ਪਾ ਕੇ ਨੱਕ ਨੂੰ ਖੁੱਲ੍ਹਾ ਰੱਖੋ। ਤੁਸੀਂ 'ਨੇਤੀ' ਜਾਂ ਨੱਕ ਦੀ ਸਪ੍ਰੇਅ ਦਾ ਇਸਤੇਮਾਲ ਵੀ ਕਰ ਸਕਦੇ ਹੋ। ਨੱਕ ਦੀ ਇੱਕ ਨਾਲੀ ਵਿੱਚੋਂ ਨਮਕ ਵਾਲਾ ਪਾਣੀ ਪਾ ਕੇ ਨੱਕ ਦੀ ਦੂਜੀ ਨਾਲੀ ਵਿੱਚੋਂ ਇਸਨੂੰ ਕੱਢ ਦਿਓ। ਇਸ ਨਾਲ ਨੱਕ ਵਿੱਚੋਂ ਸਾਈਨੁਸਾਈਟਸ ਕਰਨ ਵਾਲੇ ਬੈਕਟੀਰੀਆ (ਜੀਵਾਣੂ) ਅਤੇ ਗਾੜ੍ਹਾ ਪਦਾਰਥ (ਮਿਉਕਸ) ਸਾਫ਼ ਹੋ ਜਾਣਗੇ। ਇਸਨੂੰ ਦਿਨ ਵਿੱਚ 3-4 ਵਾਰ ਕਰੋ।
2. ਸਿਰ ਦਰਦ ਤੋਂ ਬਚਾਅ ਕਰਨ ਲਈ ਸੌਣ ਸਮੇਂ ਆਪਣਾ ਸਿਰ ਉੱਚਾ ਰੱਖੋ।
3. ਗਲੇ ਦੇ ਦਰਦ ਤੋਂ ਬਚਾਅ ਲਈ ਨਮਕ ਵਾਲੇ ਕੋਸੇ ਪਾਣੀ ਦੇ ਗਰਾਰੇ ਕਰੋ।
4. ਦਰਦ ਜਾਂ ਬੁਖ਼ਾਰ ਲਈ ਆਈਬੂਪ੍ਰੋਫ਼ਿਨ ਜਾਂ ਅਸੀਟਾਮਿਨੁਫ਼ਿਨ ਦੀ ਦਵਾਈ ਲਵੋ।
5. ਤੁਸੀਂ ਨੱਕ ਨੂੰ ਖੋਲ੍ਹਣ ਵਾਲੀ ਸਪ੍ਰੇਅ ਦੀ ਵਰਤੋਂ ਕਰ ਸਕਦੇ ਹੋ। ਇਨ੍ਹਾਂ ਦਵਾਈਆਂ ਨੂੰ 2-3 ਦਿਨਾਂ ਤੋਂ ਵੱਧ ਨਾ ਵਰਤੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਲੱਛਣ ਘਰੇਲੂ ਇਲਾਜ ਨਾਲ ਬੇਹਤਰ ਨਹੀਂ ਹੁੰਦੇ।
2. ਬਹੁਤ ਜ਼ਿਆਦਾ ਦਰਦ, ਜੋ ਆਈਬੂਪ੍ਰੋਫ਼ਿਨ ਜਾਂ ਅਸੀਟਾਮਿਨੁਫ਼ਿਨ ਨਾਲ ਠੀਕ ਨਾ ਹੋਵੇ।
3. ਨੱਕ ਵਿੱਚੋਂ ਵਹਿਣ ਵਾਲਾ ਗਾੜ੍ਹਾ ਪਦਾਰਥ ਜੇਕਰ ਹਰੇ ਜਾਂ ਪੀਲੇ ਰੰਗ ਦਾ ਹੈ।
4. ਸਾਈਨਸ ਦੀ ਦਰਦ ਦੇ ਨਾਲ ਜੇਕਰ ਤੁਹਾਨੂੰ ਬੁਖ਼ਾਰ ਵੀ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਅਨਿਲ ਅੰਬਾਨੀ ਦੇ ਮੁੰਬਈ ਸਥਿਤ ਅਹਾਤੇ 'ਤੇ ਮਾਰਿਆ ਛਾਪਾ

ਨਵੀਂ ਦਿੱਲੀ : ਉਦਯੋਗਪਤੀ ਅਨਿਲ ਅੰਬਾਨੀ ਦੀਆਂ ਮੁਸ਼ਕਲਾਂ ਇਨ੍ਹੀਂ ਦਿਨੀਂ ਘੱਟ ਹੋਣ ਦਾ ਨਾਮ ਨਹੀਂ ਲੈ ਰਹੀਆਂ ਹਨ। ਕੇਂਦਰੀ ਜਾਂਚ ਬਿਊਰੋ (329) ਨੇ ਸ਼ਨੀਵਾਰ ਸਵੇਰੇ 17,000 ਕਰੋੜ ਰੁਪਏ ਦੇ ਬੈਂਕ ਧੋਖਾਧੜੀ ਮਾਮਲੇ ਦੇ ਸਬੰਧ ਵਿੱਚ RCOM ਅਤੇ ਅਨਿਲ ਅੰਬਾਨੀ ਦੇ ਮੁੰਬਈ ਸਥਿਤ ਅਹਾਤੇ 'ਤੇ ਛਾਪਾ ਮਾਰਿਆ। ਸੀਬੀਆਈ ਅਧਿਕਾਰੀ ਸਵੇਰੇ 7 ਵਜੇ ਦੇ ਕਰੀਬ ਸੀਵਿੰਡ, ਕਫ ਪਰੇਡ ਸਥਿਤ ਅੰਬਾਨੀ ਦੇ ਘਰ ਪਹੁੰਚੇ। ਸੂਤਰਾਂ ਅਨੁਸਾਰ, ਸੱਤ ਤੋਂ ਅੱਠ ਅਧਿਕਾਰੀ ਅਹਾਤੇ 'ਤੇ ਪਹੁੰਚ ਗਏ ਹਨ ਅਤੇ ਉਦੋਂ ਤੋਂ ਤਲਾਸ਼ੀ ਲੈ ਰਹੇ ਹਨ। ਤਲਾਸ਼ੀ ਦੌਰਾਨ ਅੰਬਾਨੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਰਿਹਾਇਸ਼ 'ਤੇ ਮੌਜੂਦ ਸਨ। ਸੀਬੀਆਈ ਦੀ ਇਹ ਕਾਰਵਾਈ ਕਥਿਤ ਕਰਜ਼ਾ ਧੋਖਾਧੜੀ ਮਾਮਲੇ ਦੀ ਜਾਂਚ ਦੇ ਹਿੱਸੇ ਵਜੋਂ ਆਈ ਹੈ, ਜਿਸ ਵਿੱਚ ਏਜੰਸੀ ਰਿਲਾਇੰਸ ਏਡੀਏ ਗਰੁੱਪ ਨਾਲ ਜੁੜੀਆਂ ਕੰਪਨੀਆਂ ਦੀ ਜਾਂਚ ਦਾ ਵਿਸਤਾਰ ਕਰ ਰਹੀ ਹੈ।

ਇਸ ਤੋਂ ਪਹਿਲਾਂ 4 ਅਗਸਤ ਨੂੰ, ਇਨਫੋਰਸਮੈਂਟ ਡਾਇਰੈਕਟੋਰੇਟ (ED) ਨੇ ਅਨਿਲ ਅੰਬਾਨੀ ਦੀਆਂ ਕੰਪਨੀਆਂ ਨਾਲ ਜੁੜੇ 17,000 ਕਰੋੜ ਰੁਪਏ ਦੇ ਕਥਿਤ ਕਰਜ਼ਾ ਧੋਖਾਧੜੀ ਮਾਮਲੇ ਵਿੱਚ ਕਾਰਵਾਈ ਕੀਤੀ ਸੀ। ਅਨਿਲ ਅੰਬਾਨੀ ਨੂੰ ਸੰਮਨ ਕਰਨ ਤੋਂ ਕੁਝ ਦਿਨ ਬਾਅਦ, ਏਜੰਸੀ ਨੇ ਉਨ੍ਹਾਂ ਦੇ ਕਈ ਉੱਚ ਅਧਿਕਾਰੀਆਂ ਨੂੰ ਮਨੀ ਲਾਂਡਰਿੰਗ ਰੋਕਥਾਮ ਐਕਟ (♦$∗1) ਦੇ ਤਹਿਤ ਪੁੱਛਗਿੱਛ ਲਈ ਸੰਮਨ ਜਾਰੀ ਕੀਤੇ।

ਜਾਂਚ ਅਧਿਕਾਰੀ ਯੈੱਸ ਬੈਂਕ ਵੱਲੋਂ ਅਨਿਲ ਅੰਬਾਨੀ ਦੀਆਂ ਕੰਪਨੀਆਂ ਨੂੰ ਦਿੱਤੇ ਗਏ ਵੱਡੇ ਕਰਜ਼ਿਆਂ ਦੀ ਜਾਂਚ ਕਰ ਰਹੇ ਹਨ ਅਤੇ




ਇਹ ਵੀ ਜਾਂਚ ਕਰ ਰਹੇ ਹਨ ਕਿ ਕੀ ਕਰਜ਼ੇ ਦੀ ਰਕਮ ਹੋਰ ਸਮੂਹ ਕੰਪਨੀਆਂ ਜਾਂ ਸ਼ੈੱਲ ਕੰਪਨੀਆਂ ਨੂੰ ਟਰਾਂਸਫਰ ਕੀਤੀ ਗਈ ਸੀ।

ਅਨਿਲ ਅੰਬਾਨੀ ਨੇ ਕਰਜ਼ਾ ਧੋਖਾਧੜੀ ਮਾਮਲੇ ਵਿੱਚ ਦਸਤਾਵੇਜ਼ ਜਮ੍ਹਾਂ ਕਰਾਉਣ ਲਈ ਈਡੀ ਤੋਂ 10 ਦਿਨ ਦਾ ਸਮਾਂ ਮੰਗਿਆ ਸੀ, ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਸ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ ਹੈ। ਜਾਂਚ ਅਧਿਕਾਰੀਆਂ ਨੇ ਬੈਂਕ ਤੋਂ ਲਏ ਗਏ ਕਰਜ਼ਿਆਂ ਦੀ ਦੁਰਵਰਤੋਂ ਦਾ ਪਤਾ ਲਗਾਉਣ ਲਈ ਆਪਣੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਸੀਬੀਆਈ ਅਤੇ ਈਡੀ ਦੋਵੇਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ। ਪੀਟੀਆਈ ਦੀ ਇੱਕ ਰਿਪੋਰਟ ਦੇ ਅਨੁਸਾਰ, ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਸ਼ਨੀਵਾਰ ਨੂੰ ਰਿਲਾਇੰਸ ਕਮਿਊਨੀਕੇਸ਼ਨਜ਼ ਵਿਰੁੱਧ ਕੇਸ ਦਰਜ ਕੀਤਾ ਹੈ ਕਿਉਂਕਿ ਇਸ ਧੋਖਾਧੜੀ ਨਾਲ ਸਟੇਟ ਬੈਂਕ ਆਫ਼ ਇੰਡੀਆ (ਐਸਬੀਆਈ) ਨੂੰ 2,000 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ।

## ਭਾਰਤ ਪਾਕਿਸਤਾਨ ਮੈਚ ਖੇਡਣ ਲਈ ਵੀ ਟਰੰਪ ਨੇ ਕਿਹਾ

# ਅਜੇ ਤਾਂ ਪਹਿਲਗਾਮ ਵਿੱਚ ਮਾਰੇ ਗਏ ਲੋਕਾਂ ਦਾ ਖ਼ੂਨ ਵੀ ਨਹੀਂ ਸੁੱਕਿਆ : ਨਰਿੰਦਰ ਮੋਦੀ

ਨਵੀਂ ਦਿੱਲੀ : ਸ਼ਿਵ ਸੈਨਾ (ਯੂਬੀਟੀ) ਦੇ ਸੰਸਦ ਮੈਂਬਰ ਸੰਜੇ ਰਾਉਤ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਹਾਲ ਹੀ ਵਿੱਚ ਹੋਏ ਅੱਤਵਾਦੀ ਹਮਲੇ ਦਾ ਹਵਾਲਾ ਦਿੰਦੇ ਹੋਏ ਭਾਰਤ ਅਤੇ ਪਾਕਿਸਤਾਨ ਵਿਚਕਾਰ ਏਸ਼ੀਆ ਕੱਪ ਕ੍ਰਿਕਟ ਮੈਚ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖ ਕੇ ਇਸ ਮੁੱਦੇ 'ਤੇ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਹੈ। ਰਾਉਤ ਨੇ ਪੱਤਰ ਵਿੱਚ ਲਿਖਿਆ ਹੈ ਕਿ ਪਹਿਲਗਾਮ ਹਮਲੇ ਵਿੱਚ ਮਾਰੇ ਗਏ ਭਾਰਤੀਆਂ ਦਾ ਖ਼ੂਨ ਅਜੇ ਸੁੱਕਿਆ ਨਹੀਂ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਹੰਝੂ ਅਜੇ ਰੁਕੇ ਨਹੀਂ ਹਨ, ਅਜਿਹੀ ਸਥਿਤੀ ਵਿੱਚ ਪਾਕਿਸਤਾਨ ਨਾਲ ਕ੍ਰਿਕਟ ਮੈਚ ਖੇਡਣਾ ਇੱਕ ਅਣਮਨੁੱਖੀ ਅਤੇ ਅਸੰਵੇਦਨਸ਼ੀਲ ਕਦਮ ਹੋਵੇਗਾ।

ਸ਼ਿਵ ਸੈਨਾ (ਯੂਬੀਟੀ) ਦੇ ਸੰਸਦ ਮੈਂਬਰ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਇੱਕ ਪੱਤਰ ਵਿੱਚ ਕਿਹਾ ਕਿ ਕੇਂਦਰੀ ਖੇਡ ਮੰਤਰਾਲੇ ਵੱਲੋਂ ਏਸ਼ੀਆ ਕੱਪ ਕ੍ਰਿਕਟ ਟੂਰਨਾਮੈਂਟ ਵਿੱਚ ਭਾਰਤ-ਪਾਕਿਸਤਾਨ ਮੈਚਾਂ ਨੂੰ ਹਰੀ ਝੰਡੀ ਦੇਣ ਦੀ ਖ਼ਬਰ ਭਾਰਤੀਆਂ ਲਈ ਬਹੁਤ ਦੁਖਦਾਈ ਹੈ। ਸਪੱਸ਼ਟ ਹੈ ਕਿ ਇਹ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰਾਲੇ ਦੀ ਪ੍ਰਵਾਨਗੀ ਤੋਂ ਬਿਨਾਂ ਸੰਭਵ ਨਹੀਂ ਸੀ। ਮੈਂ ਤੁਹਾਡੇ ਸਾਹਮਣੇ ਦੇਸ਼ ਭਗਤ ਨਾਗਰਿਕਾਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰ ਰਿਹਾ ਹਾਂ। ਸੰਜੇ ਰਾਉਤ ਨੇ ਕਿਹਾ ਕਿ ਤੁਸੀਂ ਕਹਿੰਦੇ ਹੋ ਕਿ ਪਾਕਿਸਤਾਨ ਵਿਰੁੱਧ ਆਪ੍ਰੇਸ਼ਨ ਸਿੰਦੂਰ ਖਤਮ ਨਹੀਂ ਹੋਇਆ ਹੈ। ਜੇ ਟਕਰਾਅ ਅਜੇ ਵੀ ਜਾਰੀ ਹੈ, ਤਾਂ ਅਸੀਂ ਪਾਕਿਸਤਾਨ ਨਾਲ ਕ੍ਰਿਕਟ ਕਿਵੇਂ ਖੇਡ ਸਕਦੇ ਹਾਂ? ਪਹਿਲਗਾਮ ਹਮਲਾ ਇੱਕ ਪਾਕਿਸਤਾਨੀ ਅੱਤਵਾਦੀ ਸਮੂਹ ਦੁਆਰਾ ਕੀਤਾ



ਗਿਆ ਸੀ, ਜਿਸਨੇ 26 ਔਰਤਾਂ ਦੇ ਸਿੰਦੂਰ ਲਾਹ ਦਿੱਤੇ ਸਨ। ਕੀ ਤੁਸੀਂ ਉਨ੍ਹਾਂ ਮਾਵਾਂ ਅਤੇ ਭੈਣਾਂ ਦੀਆਂ ਭਾਵਨਾਵਾਂ 'ਤੇ ਵਿਚਾਰ ਕੀਤਾ ਹੈ? ਕੀ ਰਾਸ਼ਟਰਪਤੀ ਟਰੰਪ ਨੇ ਧਮਕੀ ਦਿੱਤੀ ਹੈ ਕਿ ਜੇ ਅਸੀਂ ਪਾਕਿਸਤਾਨ ਨਾਲ ਕ੍ਰਿਕਟ ਨਹੀਂ ਖੇਡਦੇ ਤਾਂ ਵਪਾਰ ਬੰਦ ਕਰ ਦੇਵਾਂਗੇ? ਤੁਸੀਂ ਕਿਹਾ ਸੀ ਕਿ ਖ਼ੂਨ ਅਤੇ ਪਾਣੀ ਇਕੱਠੇ ਨਹੀਂ ਵਹਿ ਸਕਦੇ। ਹੁਣ, ਕੀ ਖ਼ੂਨ ਅਤੇ ਕ੍ਰਿਕਟ ਇਕੱਠੇ ਵਹਿਣਗੇ?

ਪਾਕਿਸਤਾਨ ਵਿਰੁੱਧ ਮੈਚਾਂ 'ਤੇ ਵੱਡੇ ਪੱਧਰ 'ਤੇ ਸੱਟੇਬਾਜ਼ੀ ਅਤੇ ਔਨਲਾਈਨ ਜੂਆ ਖੇਡਿਆ ਜਾਂਦਾ ਹੈ, ਜਿਸ ਵਿੱਚ ਬਹੁਤ ਸਾਰੇ ਭਾਜਪਾ ਮੈਂਬਰ ਸ਼ਾਮਲ ਦੱਸੇ ਜਾਂਦੇ ਹਨ। ਗੁਜਰਾਤ ਦਾ ਇੱਕ ਪ੍ਰਮੁੱਖ ਵਿਅਕਤੀ, ਜੈ ਸ਼ਾਹ, ਇਸ ਸਮੇਂ ਕ੍ਰਿਕਟ ਮਾਮਲਿਆਂ ਨੂੰ ਸੰਭਾਲ ਰਿਹਾ ਹੈ। ਕੀ ਇਸ ਵਿੱਚ ਭਾਜਪਾ ਨੂੰ ਕੋਈ ਖਾਸ ਵਿੱਤੀ ਲਾਭ ਹੈ? ਉਨ੍ਹਾਂ ਅੱਗੇ ਕਿਹਾ ਕਿ ਪਾਕਿਸਤਾਨ ਨਾਲ ਕ੍ਰਿਕਟ ਖੇਡਣਾ ਨਾ ਸਿਰਫ਼ ਸਾਡੇ ਸੈਨਿਕਾਂ ਦੀ ਬਹਾਦਰੀ ਦਾ ਅਪਮਾਨ ਹੈ, ਸਗੋਂ ਸ਼ਿਆਮਾ ਪ੍ਰਸਾਦ ਮੁਖਰਜੀ ਸਮੇਤ ਕਸ਼ਮੀਰ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਹਰ ਸ਼ਹੀਦ ਦਾ ਅਪਮਾਨ ਹੈ। ਇਹ ਮੈਚ ਦੁਬਈ ਵਿੱਚ ਹੋ ਰਹੇ ਹਨ। ਜੇਕਰ ਇਹ ਮਹਾਰਾਸ਼ਟਰ ਵਿੱਚ ਹੁੰਦਾ, ਤਾਂ ਬਾਲਾ ਸਾਹਿਬ ਠਾਕਰੇ ਦੀ ਸ਼ਿਵ ਸੈਨਾ ਇਸ ਵਿੱਚ ਰੁਕਾਵਟ ਪਾਉਂਦੀ। ਹਿੰਦੂਤਵ ਅਤੇ ਦੇਸ਼ ਭਗਤੀ ਨਾਲੋਂ ਪਾਕਿਸਤਾਨ ਨਾਲ ਕ੍ਰਿਕਟ ਨੂੰ ਤਰਜੀਹ ਦੇ ਕੇ, ਤੁਸੀਂ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਅਣਦੇਖੀ ਕਰ ਰਹੇ ਹੋ। ਸ਼ਿਵ ਸੈਨਾ (ਊਧਵ ਬਾਲਾ ਸਾਹਿਬ ਠਾਕਰੇ) ਤੁਹਾਡੇ ਫੈਸਲੇ ਦੀ ਨਿੰਦਾ ਕਰਦੀ ਹੈ।

# ਗੁਰਾਂ ਦੇ ਨਾਂ ਜਿਊਂਦੇ ਪੰਜਾਬ ਵਿਚ ਛਿੰਝਾਂ ਗੁੱਗੇ ਦੇ ਨਾਂ ?






ਸੌਣ-ਭਾਦੋਂ ਦੀ ਹੁੰਮਹਸ ਭਰੀ ਰੁੱਤੇ ਪਿਛਲੇ ਇੱਕੀ ਸਾਲਾਂ ਵਿਚ ਆਪਣੇ ਪਿੰਡ ਅਮਰੀਕਾ ਤੋਂ ਪਹਿਲੀ ਵਾਰ ਆਇਆ ਹੋਣ ਕਰਕੇ ਐਤਕੀਂ ਆਪਣੇ ਆਂਢ-ਗੁਆਂਢ ਦੇ ਪਿੰਡਾਂ ਵਿਚ ਪਈਆਂ ਦੋ-ਤਿੰਨ ਛਿੰਝਾਂ ਦੇਖੀਆਂ! ਦੁਪਾਲਪੁਰ ਤੇ ਸ਼ੇਖ਼ੂਪੁਰ ਦੀਆਂ ਛਿੰਝਾਂ ਵਿਚ ਤਾਂ ਮੈਂ ਕਹਿਰ ਦੀ ਗਰਮੀਂ ਕਾਰਨ 'ਭਲਵਾਨੀ ਗੇੜਾ' ਜਿਹਾ ਹੀ ਮਾਰ ਕੇ ਅਤੇ ਜਲੇਬੀਆਂ ਲੈ ਕੇ ਘਰੇ ਆ ਗਿਆ ਸਾਂ ਪਰ ਸ਼ਾਮ ਪਈ ਬੇਟ ਤਾਜੋਵਾਲ ਦੀ ਛਿੰਝ ਵਿਚ ਢੋਲ ਵਜਾਉਣ ਵਾਲਿਆਂ ਦੀ ਬੜੀ ਪਿਆਰੀ ਕਲਾਕਾਰੀ ਨੇ ਮੈਨੂੰ ਬੈਠੇ ਰਹਿਣ ਲਈ ਮਜ਼ਬੂਰ ਕਰ ਦਿੱਤਾ! ਦਰਸ਼ਕ ਤਾਂ ਦੇਖ ਰਹੇ ਸਨ ਮਿੱਟੀ ਨਾਲ ਮਿੱਟੀ ਹੋਏ ਘੁਲਦੇ ਭਲਵਾਨਾਂ ਨੂੰ ਪਰ ਮੈਂ ਢੋਲੀਆਂ ਵੱਲ ਟਿਕ-ਟਿਕੀ ਲਾ ਕੇ ਅਨੰਦ ਮਾਣਦਾ ਰਿਹਾ!

ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724



ਇਹ ਤਾਂ ਮੈਨੂੰ ਪਹਿਲਾਂ ਵੀ ਜਾਣਕਾਰੀ ਸੀ ਕਿ ਜਿੱਥੇ ਜਿੱਥੇ ਵੀ ਛਿੰਝ ਪੈਂਦੀ ਹੈ ਉੱਥੇ ਪਿੜ ਵਿਚ ਹਰੇ, ਲਾਲ ਜਾਂ ਭਗਵੇਂ ਪਹਿਰਾਵੇ ਵਾਲਾ ਕੋਈ ਨਾ ਕੋਈ 'ਬਾਬਾ' ਮੋਰ ਦੇ ਖੰਭਾਂ ਵਾਲਾ ਝੰਡਾ ਲੈ ਕੇ 'ਗੁੱਗਾ ਜ਼ਾਹਰ ਪੀਰ' ਦੀ 'ਜੈ-ਜੈ ਕਾਰ' ਬੋਲ ਰਿਹਾ ਹੁੰਦਾ ਐ! ਹੁਣ ਐਤਕੀਂ ਵੀ ਛਿੰਝਾਂ ਵਿਚ ਅਜਿਹਾ ਹੀ ਅਜਬ ਵਰਤਾਰਾ ਦੇਖ ਕੇ ਮੈਂ ਸੋਚ ਰਿਹਾ ਸਾਂ ਕਿ ਵੈਸੇ ਤਾਂ ਅਸੀਂ ਸਾਰੇ ਪੰਜਾਬੀ ਮਾਈ-ਭਾਈ ਭਾਵੇਂ ਕਿਸੇ ਰੂਪ ਵਿਚ ਵੀ ਹੋਈਏ, ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸ਼ਟ ਵਜੋਂ ਮਾਨਤਾ ਕਰਦੇ ਹੋਏ ਸਤਿਕਾਰਦੇ ਹਾਂ। ਕਿਸੇ ਵੀ ਖ਼ੁਸ਼ੀ-ਗਮੀਂ ਮੌਕੇ ਗੁਰੂ ਮਹਾਰਾਜ ਦੇ ਚਰਨ ਪਰਸਦੇ ਹਾਂ। ਪ੍ਰੋਫੈਸਰ ਪੂਰਨ ਸਿੰਘ ਹੁਣਾ ਦੀਆਂ ਲਿਖੀਆਂ ਸਤਰਾਂ ਵੀ ਅਕਸਰ ਬੜੇ ਮਾਣ ਨਾਲ ਗਾਉਂਦੇ ਬੋਲਦੇ ਰਹਿੰਦੇ ਹਾਂ ਪਰ ਗੁਰਬਾਣੀ ਵਿਚ ਛਿੰਝ ਦਾ ਅਲੰਕਾਰ ਵਰਤਦਿਆਂ ਪੰਜਵੇਂ ਪਾਤਸ਼ਾਹ ਜੀ ਦਾ ਜੋ ਸ਼ਬਦ ਹੈ,ਉਹਦੇ ਵੱਲ੍ਹ ਛਿੰਝ ਪਵਾਉਣ ਵਾਲੇ ਪੰਜਾਬੀ ਪਵਿਬੰਧਕ ਸੱਜਣ ਕਦੇ ਧਿਆਨ ਕਿਉਂ ਨਹੀਂ ਦਿੰਦੇ ਹੋਣਗੇ-

**'ਹਉ ਗੋਸਾਈ ਦਾ ਪਹਿਲਵਾਨੜਾ ॥**
**ਮੈ ਗੁਰ ਮਿਲਿ ਉਚ ਦੁਮਾਲੜਾ ॥**
**ਸਭ ਹੋਈ ਛਿੰਝ ਇਕਠੀਆ ॥**
**ਦਯੁ ਬੈਠਾ ਵੇਖੈ ਆਪਿ ਜੀਉ ॥**
**ਵਾਤ ਵਜਨਿ ਟੰਮਕ ਭੇਰੀਆ ॥**
**ਮਲ ਲਥੇ ਲੈਦੇ ਫੇਰੀਆ ॥**
**ਨਿਹਤੇ ਪੰਜਿ ਜੁਆਨ ਮੈ ॥**
**ਗੁਰ ਥਾਪੀ ਦਿਤੀ ਕੰਡਿ ਜੀਉ ॥'**

**(ਸਿਰੀ ਰਾਗੁ ਮਹਲਾ ੫ ਅੰਗ-੭੪)**

ਕਿੰਨਾਂ ਚੰਗਾ ਹੋਵੇ ਜੇ ਛਿੰਝਾਂ ਦੇ ਪਿੜ ਵਿਚ ਇਸ ਸ਼ਬਦ ਦੇ 'ਫਲੈਕਸ' ਲਾਏ ਜਾਣ ਅਤੇ ਨਾਲ ਹੀ ਸ੍ਰੀ ਖਡੂਰ ਸਾਹਬ ਦੇ ਇਤਹਾਸਕ ਗੁਰਦੁਆਰਾ ਮੱਲ ਅਖਾੜਾ ਦੀ ਵੱਡੀ ਤਸਵੀਰ ਵੀ ਲਗਾਈ ਜਾ ਸਕਦੀ ਹੈ! ਨਾਲੇ ਸੰਖੇਪ ਰੂਪ ਵਿਚ ਇਹ ਦਰਸਾਇਆ ਜਾਵੇ ਕਿ ਦੂਸਰੇ ਪਾਤਸ਼ਾਹ ਜੀ ਖਡੂਰ ਸਾਹਬ ਵਾਲੇ ਇਸ ਅਸਥਾਨ 'ਤੇ ਬੱਚਿਆਂ ਨੂੰ ਵਿੱਦਿਆ ਦੇਣ ਦੇ ਨਾਲ ਨਾਲ ਸਰੀਰਕ ਅਰੋਗਤਾ ਵਾਸਤੇ ਕੁਸ਼ਤੀਆਂ ਦੇ ਅਖਾੜੇ ਵੀ ਰਚਾਇਆ ਕਰਦੇ ਸਨ।

ਕਿੰਨਾਂ ਚੰਗਾ ਹੋਵੇ ਜੇ ਪੰਜਾਬ ਵਿਚ ਅੰਧਵਿਸ਼ਵਾਸ਼ੀ ਫੈਲਾਉਂਦੇ ਕਥਿਤ ਰੰਗ-ਬਰੰਗੇ 'ਬਾਬਿਆਂ' ਦੀ ਸਰਪ੍ਰਸਤੀ ਹੇਠ ਛਿੰਝਾਂ ਆਯੋਜਿਤ ਕਰਨ ਦੀ ਬਜਾਏ 'ਗੁਰਦੁਆਰਾ ਮੱਲ ਅਖਾੜਾ ਸ੍ਰੀ ਖਡੂਰ ਸਾਹਿਬ' ਦੀ ਇਤਹਾਸਕ ਸਰਪ੍ਰਸਤੀ ਹੇਠ ਛਿੰਝਾਂ ਪੁਆਈਆਂ ਜਾਣ!!

ਮੈਨੂੰ ਕਿਸੇ ਖਾਸ ਬਾਬੇ ਜਾਂ ਵਿਸ਼ੇਸ਼ ਤੌਰ 'ਤੇ ਗੁੱਗੇ ਦਾ ਵਿਰੋਧੀ ਕਹਿ ਕੇ ਮੇਰੇ ਉਕਤ ਮਸ਼ਵਰੇ ਨੂੰ ਅਣਗੌਲਿਆ ਨਾ ਕੀਤਾ ਜਾਵੇ ਸਗੋਂ ਮੇਰੇ ਸੁਝਾਅ ਦਾ ਅਧਾਰ ਗੁਰਬਾਣੀ ਦਾ ਪ੍ਰਚਾਰ ਪਸਾਰ ਅਤੇ ਗਿਆਨੀ ਦਿੱਤ ਸਿੰਘ ਜੀ ਲਿਖਤ ਬਹੁ ਚਰਚਿਤ ਕਿਤਾਬ 'ਗੁੱਗਾ ਗਪੌੜਾ ਸੁਲਤਾਨ ਪੁਆੜਾ' ਹੈ ਜੋ ਸਦੀਆਂ ਪਹਿਲਾਂ ਗਿਆਨੀ ਜੀ ਨੇ ਲਿਖੀ ਸੀ। ਇਕ ਪਾਸੇ ਅਸੀਂ ਇਹ ਗਿਲਾ ਕਰਦੇ ਰਹਿੰਦੇ ਹਾਂ ਕਿ ਸਾਡੀ ਕੌਮ ਨੇ ਗਿਆਨੀ ਦਿੱਤ ਸਿੰਘ ਹੁਣਾ ਦੀ ਕਦਰ ਨਹੀਂ ਪਾਈ ਪਰ ਉਨ੍ਹਾਂ ਦੀ ਕਦਰ ਕਿਸੇ ਹੋਰ ਟਾਪੂ ਤੋਂ ਆਏ ਹੋਏ ਲੋਕਾਂ ਨੇ ਨਹੀਂ ਕਰਨੀ ਸਗੋਂ ਸਾਡਾ ਹੀ ਫਰਜ਼ ਬਣਦਾ ਹੈ ?

# ਅ.ਫ਼ੀਮ ਦੇ ਰਾਸ਼ਨ ਕਾਰਡ



ਚੰਡੀਗੜ੍ਹ, (ਚਰਨਜੀਤ ਭੁੱਲਰ) : ਪੰਜਾਬੀਆਂ ਨਾਲ ਤਾਂ ਪੈਰ ਪੈਰ 'ਤੇ 'ਧੱਕਾ' ਹੋਇਐ। ਜਿਹੜੇ ਪੰਜਾਬੀ ਵੀਰ ਅਫ਼ੀਮ 'ਤੇ ਲੱਗੇ ਹੋਏ ਸਨ, ਉਨ੍ਹਾਂ ਦੇ ਤਾਂ ਦੁੱਖ ਝੱਲੇ ਹੀ ਨਹੀਂ ਜਾਂਦੇ ਸਨ। ਇਨ੍ਹਾਂ ਪੰਜਾਬੀ ਸੱਜਣਾਂ ਨਾਲ ਜਿਹੜੀ ਜੱਗੋਂ ਤੇਰ੍ਹਵੀਂ ਉਨ੍ਹਾਂ ਵੇਲਿਆਂ 'ਚ ਹੋਈ, ਅੱਜ ਦੱਸਦਿਆਂ ਵੀ ਗੱਚ ਭਰਦੈ। ਸਮਾਂ ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਦਾ ਸੀ। ਆਜ਼ਾਦੀ ਦੇ ਚਾਅ ਹਾਲੇ ਲੱਥੇ ਨਹੀਂ ਸਨ।

ਜਿਵੇਂ ਹੁਣ ਰੌਲਾ ਪਿਐ ਕਿ ਕੇਂਦਰ ਨੇ ਰਾਸ਼ਨ ਕਾਰਡ ਕੱਟ'ਤੇ। ਮੁਫ਼ਤ ਦੀ ਕਣਕ ਦਾ ਪੰਗਾ ਪਿਐ। ਇਵੇਂ ਹੀ ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਜ਼ਿਆਦਤੀ ਹੋਈ ਸੀ, ਉਹ ਅੱਜ ਦੇ ਕਣਕ ਦੇ ਧੱਕੇ ਨਾਲੋਂ ਕਿਤੇ ਵੱਡੀ ਸੀ। ਸਾਲ 1956 ਤੋਂ ਪਹਿਲਾਂ ਸਰਕਾਰ ਨੇ ਅਫ਼ੀਮ ਦੇ ਰਾਸ਼ਨ ਕਾਰਡ ਬਣਾਉਣੇ ਸ਼ੁਰੂ ਕੀਤੇ ਸਨ।

ਸਰਕਾਰੀ ਅੰਕੜਾ ਹੈ ਕਿ ਉਦੋਂ ਸਾਂਝੇ ਪੰਜਾਬ 'ਚ ਅਮਲੀਆਂ ਦੇ ਅਫ਼ੀਮ ਦੇ 71,165 ਰਾਸ਼ਨ ਕਾਰਡ ਬਣਾਏ ਗਏ ਸਨ। ਜਦੋਂ ਰਾਸ਼ਨ ਕਾਰਡ ਬਣਨੇ ਸ਼ੁਰੂ ਹੋਏ, ਕਤਾਰਾਂ ਲੱਗ ਗਈਆਂ। ਬਹੁਤੇ ਅਮਲੀ ਰਾਸ਼ਨ ਕਾਰਡ ਬਣਾਉਣ ਤੋਂ ਖੁੰਝ ਗਏ। ਅਮਲੀਆਂ ਲਈ ਚੌਧਰੀ ਦੇਵੀ ਲਾਲ ਰੱਬ ਬਣ ਕੇ ਬਹੁੜਿਆ, ਉਹਨੇ ਅਮਲੀਆਂ ਦਾ ਮੁੱਦਾ ਚੁੱਕਿਆ।

ਚੌਧਰੀ ਦੇਵੀ ਲਾਲ ਚਾਹੁੰਦਾ ਸੀ ਕਿ 1956 'ਚ ਜਿਹੜੇ ਅਮਲੀ ਕਿਸੇ ਰੁਝੇਵੇਂ ਕਰਕੇ ਅਫ਼ੀਮ ਦੇ ਰਾਸ਼ਨ ਕਾਰਡ ਬਣਾਉਣੋਂ ਖੁੰਝ ਗਏ, ਉਨ੍ਹਾਂ ਨੂੰ 'ਗੋਲਡਨ ਚਾਂਸ' ਦਿੱਤਾ ਜਾਵੇ। ਖ਼ੈਰ ਉਸ ਮਗਰੋਂ ਕੇਂਦਰ ਸਰਕਾਰ ਨੇ 30 ਜੂਨ 1959 ਨੂੰ ਅਫ਼ੀਮ ਖਾਣ ਵਾਲਿਆਂ ਨੂੰ ਪਰਮਿਟ ਦੇਣੇ ਸ਼ੁਰੂ ਕਰ ਦਿੱਤੇ। ਇਹ ਸਿਲਸਿਲਾ ਦਸ ਸਾਲ ਚੱਲਿਆ ਅਤੇ 12 ਅਕਤੂਬਰ 1979 ਨੂੰ ਅਫ਼ੀਮ ਦੇ ਪਰਮਿਟਾਂ ਦੀ ਰਜਿਸਟ੍ਰੇਸ਼ਨ ਬੰਦ ਕਰਤੀ।

ਇੱਕ ਅੰਦਾਜ਼ੇ ਅਨੁਸਾਰ ਸਮੁੱਚੇ ਦੇਸ਼ 'ਚ ਹੁਣ ਪੁਰਾਣੇ ਪਰਮਿਟ ਹੋਲਡਰਾਂ ਦੀ ਗਿਣਤੀ 300 ਤੋਂ ਵੀ ਘੱਟ ਰਹਿ ਗਈ ਹੈ। ਪੰਜਾਬ ਵਿਚ 1995 'ਚ ਅਫ਼ੀਮ ਦੇ ਪਰਮਿਟ ਹੋਲਡਰਾਂ ਦੀ ਗਿਣਤੀ 1200 ਸੀ ਅਤੇ ਹੁਣ ਸਮੁੱਚੇ ਸੂਬੇ 'ਚ ਦੋ ਚਾਰ ਹੀ ਪਰਮਿਟ ਹੋਲਡਰ ਬਚੇ ਹਨ। ਪੁਰਾਣੇ ਬਜ਼ੁਰਗ ਅਮਲੀ ਅੱਜ ਵੀ ਪੁਰਾਣੇ ਰਾਸ਼ਨ ਕਾਰਡਾਂ ਨੂੰ ਚੇਤੇ ਕਰ ਹਉਕਾ ਭਰ ਆਖਦੇ ਨੇ 'ਓਹ ਮੇਰਿਆ ਰੱਬਾ! ਕਿੱਡਾ ਸੁਨਹਿਰੀ ਯੁੱਗ ਸੀ'।

ਪੰਜਾਬ 'ਚ ਅਫ਼ੀਮ ਦੀ ਖੇਤੀ ਦੀ ਚਰਚਾ ਚੱਲਦੀ ਰਹਿੰਦੀ ਹੈ। ਮੱਧ ਪ੍ਰਦੇਸ਼, ਰਾਜਸਥਾਨ ਅਤੇ ਯੂ.ਪੀ 'ਚ ਅਫ਼ੀਮ ਦੀ ਖੇਤੀ ਹੁੰਦੀ ਹੈ। ਪੱਛਮੀ ਬੰਗਾਲ ਅਤੇ ਹਿਮਾਚਲ ਪ੍ਰਦੇਸ਼ ਵੀ ਅਫ਼ੀਮ ਖੇਤੀ ਦੀ ਮੰਗ ਕੇਂਦਰ ਤੋਂ ਕਰ ਚੁੱਕਾ ਹੈ।

# ਜਿਸ ਦੀ ਕੈਂਚੀ, ਉਸ ਦੀ ਭੇਡ..!



ਚੰਡੀਗੜ੍ਹ : ਭਾਈ ਜਾਨ! ਤੁਸੀਂ ਸੋਚਦੇ ਹੋਵੋਗੇ ਕਿ ਜਦੋਂ ਸਿਰਲੇਖ ਹੀ ਗ਼ਲਤ ਕੱਢ'ਤਾ, ਵਿਚ ਵੀ ਇਹੋ ਅੱਗ ਸੁਆਹ ਹੋਊ। ਅੱਛਾ! ਸੱਤਾ 'ਚ ਤਾਂ ਤੁਸੀਂ 'ਬਦਲਾਅ' ਚਾਹੁੰਦੇ ਹੋ, ਸਦੀਆਂ ਪੁਰਾਣੀ ਕਹਾਵਤ 'ਚ ਨਹੀਂ। 'ਜਿਸ ਦੀ ਲਾਠੀ, ਉਸ ਦੀ ਮੱਝ', ਇਹ ਬੀਤੇ ਦੀ ਗੱਲ ਹੈ, ਅੱਜ ਦੇ ਸਮਿਆਂ 'ਚ ਮੱਝ ਅੱਗੇ ਬੀਨ ਵਜਾਉਣ ਦਾ ਕੀ ਫ਼ਾਇਦਾ। ਚਲੋ ਛੱਡੋ, ਨਾ ਮੱਝ ਦੀ ਗੱਲ ਕਰਦੇ ਹਾਂ, ਨਾ ਹੀ ਭੇਡ ਦੀ। ਪਹਿਲੋਂ ਤੁਹਾਡੇ ਮਨ ਦੀ ਗੱਲ ਕਰਦੇ ਹਾਂ। ਅੱਜ ਕੱਲ੍ਹ ਦੋ ਸੁਆਲ ਸੌਣ ਨਹੀਂ ਦਿੰਦੇ। ਪਹਿਲਾ ਇਹ ਕਿ ਲੈਂਡ ਪੂਲਿੰਗ ਨੀਤੀ ਕੀਹਨੇ ਬਣਾਈ, ਦੂਜਾ ਇਹ ਕਿ ਜੰਗ ਕੀਹਨੇ ਰੁਕਵਾਈ।

ਜੁਆਬ ਜਾਣਨਾ ਚਾਹੁੰਦੇ ਹੋ ਤਾਂ ਆਓ ਮਾਨਸਾ ਚੱਲਦੇ ਹਾਂ। ਸੁਣਿਐ, ਅੜੇ ਗੱਡੇ ਮਾਨਸੇ ਆਲੇ ਕੱਢਦੇ ਨੇ। ਦੱਸਦੇ ਹਨ ਕਿ ਮਾਨਸਾ ਦੇ ਟੇਸ਼ਨ 'ਤੇ ਇੱਕ ਪਾਂਧਾ ਬੈਠਦੈ, ਕੋਲ ਪਿੰਜਰੇ 'ਚ ਤੋਤਾ ਰੱਖਦਾ। ਸੌ ਰੋਗਾਂ ਦੀ ਇੱਕ ਦਵਾ। ਪਾਂਧੇ ਅੱਗੇ ਲੋਕ ਦਸ ਦਸ ਦਾ ਮੱਥਾ ਟੇਕਦੇ ਨੇ। ਪਾਂਧਾ, ਪਿੰਜਰੇ ਵਿਚਲੇ ਮਿੱਠੂ ਰਾਮ ਤੋਂ ਪਰਚੀ ਚੁਕਵਾਉਂਦੈ, ਇੰਜ ਦਿਲਾਂ ਦੀਆਂ ਬੁੱਝ ਦਿਖਾਉਂਦੈ। ਘੁੰਮਦਾ ਫਿਰਦਾ ਜੋਗਿੰਦਰ ਉਗਰਾਹਾਂ ਮਿੱਠੂ ਰਾਮ ਕੋਲ ਸੁਭਾਇਮਾਨ ਹੋ ਗਿਆ, ਅਖੇ ਮਿੱਠੂ ਰਾਮਾ! ਲੈਂਡ ਪੂਲਿੰਗ ਨੀਤੀ ਕੀਹਨੇ ਬਣਾਈ।

ਹੱਦ ਉਦੋਂ ਹੋ ਗਈ ਜਦੋਂ ਪਿੰਜਰੇ ਚੋਂ ਮਿੱਠੂ ਰਾਮ ਝੱਟ ਲੰਮੀ ਉਡਾਣ ਭਰ ਗਿਆ। ਕਿਧਰ ਛੂ ਮੰਤਰ ਹੋ ਗਿਆ, ਪਾਂਧੇ ਦੇ ਭਾਅ'ਦੀ ਬਣ ਗਈ। ਜੋਗਿੰਦਰ ਉਗਰਾਹਾਂ ਦਾ ਫ਼ੋਨ ਵੱਜਿਆ। ਅੱਗਿਓਂ ਦਿੱਲੀ ਤੋਂ ਰਾਕੇਸ਼ ਟਿਕੈਤ ਬੋਲ ਰਿਹਾ ਸੀ। ਕਹਿਣ ਲੱਗਿਆ, ਜੋਗਿੰਦਰ ਭਾਈ! ਆਹ ਬੜਾ ਅਜੀਬ ਤੋਤਾ ਦੇਖਿਐ, ਝਾੜੂਆਂ ਦੇ ਢੇਰ 'ਤੇ ਬੈਠਾ, 'ਕੱਲਾ 'ਕੱਲਾ ਤੀਲ੍ਹਾ ਕੱਢੀ ਜਾਂਦੈ। 'ਮਾਨਸਾ 'ਚ ਤਾਂ ਪਰਚੀ ਕੱਢਦਾ ਸੀ, ਦਿੱਲੀ 'ਚ ਤੀਲ੍ਹੇ ਕੱਢ ਰਿਹੈ' ਉਗਰਾਹਾਂ ਦੇ ਕਹਾਣੀ ਸਮਝ ਪੈ ਗਈ। ਉਗਰਾਹਾਂ ਮੁੜਨ ਲੱ ਗਿਆ ਤਾਂ ਦਿੱਲੀ ਆਲੇ ਪਾਸਿਓਂ ਤੋਤਾ ਮਾਨਸਾ 'ਚ ਲੈਂਡ ਕਰ ਰਿਹਾ ਸੀ।

ਮਾਨਸਾਹੀਏ ਦਹਿਲ ਗਏ, ਉਨ੍ਹਾਂ ਨੂੰ ਲੱਗਿਆ ਜਿਵੇਂ ਫਾਈਟਰ ਆ ਰਿਹਾ ਹੋਵੇ। ਫਾਈਟਰਾਂ ਤੋਂ ਯਾਦ ਆਇਆ ਤੁਸਾਂ ਦਾ ਦੂਜਾ ਸੁਆਲ ਕਿ ਬਈ! ਜੰਗ ਕੀਹਨੇ ਰੁਕਵਾਈ। ਮਾਨਸਾ ਆਲੇ ਮਿੱਠੂ ਕਬਾੜੀਏ ਨੂੰ ਤਾਂ ਕੋਈ ਨੀ ਭੁੱਲਿਆ। ਮਿੱਠੂ ਕਬਾੜੀਆਂ ਉਦੋਂ ਮਹਿਮਾ ਖੱਟ ਗਿਆ ਸੀ ਜਦੋਂ ਉਹ ਜਹਾਜ਼ ਵੀ ਕਬਾੜ 'ਚ ਖ਼ਰੀਦ ਲਿਆਇਆ ਸੀ। ਮਿੱਠੂ ਕਬਾੜੀਏ ਨੂੰ ਪੁੱਛ ਲੈਂਦੇ ਹਾਂ ਕਿ ਪਿਆਰੇ ਮਿੱਠੂ, ਜੰਗ ਦੇ ਦਿਨਾਂ 'ਚ ਗੁਆਂਢੀਆਂ ਦਾ ਕੋਈ ਜਹਾਜ਼ ਤਾਂ ਤੇਰੇ ਕਬਾੜ 'ਚ ਨਹੀਂ ਆਇਆ।

ਜਿੰਦਾਂ ਦਾ ਟਰੰਪ ਦਾ ਹਸਮੁਖ ਸੁਭਾਅ ਹੈ, ਉਸ ਨੇ ਜ਼ਰੂਰ ਮਿੱਠੂ ਕਬਾੜੀਏ ਨੂੰ ਕੰਨ 'ਚ ਦੱਸਿਆ ਹੋਊ ਕਿ 'ਦਾਸ ਨੂੰ ਗਲੋਬਲੀ ਵਿਚੋਲਾ ਆਖਦੇ ਨੇ, ਡਾਂਗ ਨਾਲ ਘਰ ਵਸਾਈਦਾ'। ਡਾਂਗ ਤੋਂ ਯਾਦ ਆਇਆ ਕਿ ਜਦ ਸੱਪ ਘਰ 'ਚ ਵੜਿਆ ਹੋਵੇਗਾ ਤਾਂ ਬਾਹਰ ਨਹੀਂ ਭੱਜੀਦਾ। ਖੱਲ ਖੂੰਜੇ 'ਚ ਪਈ ਡਾਂਗ ਲੱਭੋ, ਫਿਰ ਇੰਜ ਇਸਤੇਮਾਲ ਕਰੋ ਕਿ ਸੱਪ ਵੀ ਮਰ ਜਾਏ ਤੇ ਲਾਠੀ ਵੀ ਬਚ ਜਾਏ। ਲੋਕ ਰਾਜ ਦੀ ਇਹੋ ਤਾਂ ਖ਼ੂਬਸੂਰਤੀ ਹੈ। ਖ਼ੈਰ, ਉੱਪਰਲੇ ਦੋਵੇਂ ਸੁਆਲਾਂ 'ਤੇ ਬਹੁਤ ਬੌਂ ਬੌਂ ਹੋਈ ਹੈ। ਮੁਆਫ਼ ਕਰਨਾ, ਬੌਂ ਬੌਂ ਤੋਂ ਮੁੜ ਭੇਡਾਂ ਅੱਖਾਂ ਅੱਗੇ ਘੁੰਮੀਆਂ ਨੇ, ਹੈ ਵੀ ਰੰਗ ਬਰੰਗੀਆਂ। ਮੌਸਮ ਬਦਲਦੇ ਹੀ ਨਵੇਂ ਵਾੜੇ 'ਚ ਤਸ਼ਰੀਫ਼ ਲਿਆਉਂਦੀਆਂ ਨੇ। ਵਾੜੇ ਚਾਹੇ ਲੱਖ ਬਦਲ ਲੈਣ, ਉੱਨ ਤਾਂ ਉਹੀ ਲਾਹੂ, ਜੀਹਦੇ ਕੋਲ ਵੱਡਾ ਕੈਂਚੀ ਭੰਡਾਰ ਹੋਊ। ਜੇ ਗੱਲ ਹਾਲੇ ਵੀ ਗੇੜ 'ਚ ਨਹੀਂ ਆ ਰਹੀ ਤਾਂ ਅਚਾਰੀਆ ਰਜਨੀਸ਼ ਦੇ ਚਰਨੀ ਲੱਗਦੇ ਹਾਂ। ਅਚਾਰੀਆ ਜੀ ਤੋਂ ਪਹਿਲਾਂ ਕਹਾਣੀ ਸੁਣੋ। ਇੱਕ ਜਾਦੂਗਰ ਭੇਡਾਂ ਪਾਲਣ ਦਾ ਸ਼ੌਕੀਨ ਸੀ, ਨਾਲੇ ਭੇਡਾਂ ਖਾਣ ਦਾ ਵੀ। ਜਦੋਂ ਇੱਕ ਭੇਡ ਕੱਟਦਾ, ਦੂਜੀਆਂ ਭੱਜ ਜਾਂਦੀਆਂ। ਹੱਲ ਲਈ ਜਾਦੂਗਰ ਨੇ ਇੱਕ ਤਰਕੀਬ ਖ਼ੋਜੀ।

ਚਰਨਜੀਤ ਭੁੱਲਰ



ਸਭ ਭੇਡਾਂ ਨੂੰ ਸੰਮੋਹਿਤ ਕਰਕੇ ਸਮਝਾ ਦਿੱਤਾ ਕਿ ਤੁਸੀਂ ਭੇਡਾਂ ਨਹੀਂ ਹੋ। ਜੋ ਕੱਟੀਆਂ ਜਾਂਦੀਆਂ ਨੇ, ਉਹ ਭੇਡਾਂ ਹਨ, ਬਾਕੀ ਤੁਸੀਂ ਤਾਂ ਸ਼ੇਰ ਹੋ, ਚੀਤੇ ਹੋ ਤੇ ਇਨਸਾਨ ਵੀ। ਸੰਮੋਹਿਤ ਭੇਡਾਂ ਨੇ ਮੰਨ ਲਿਆ, ਜਾਦੂਗਰ ਦਾ ਕੰਮ ਸੌਖਾ ਹੋ ਗਿਆ। ਜਦੋਂ ਇੱਕ ਭੇਡ ਕੱਟੀ ਜਾ ਰਹੀ ਹੁੰਦੀ ਤਾਂ ਦੂਜੀਆਂ ਭੇਡਾਂ ਚਾਂਬੜਾਂ ਪਾਉਂਦੀਆਂ ਕਿ ਵਿਚਾਰੀ ਭੇਡ ਐ, ਜੋ ਕੱਟੀ ਜਾ ਰਹੀ ਹੈ, ਅਸੀਂ ਤਾਂ ਸ਼ੇਰ ਹਾਂ, ਸਾਨੂੰ ਕੌਣ ਹੱਥ ਪਾਊ। ਜੋ ਭੇਡ ਕੱਟੀ ਜਾ ਰਹੀ ਹੁੰਦੀ ਸੀ, ਉਹੋ ਵੀ ਕੱਲ੍ਹ ਤੱਕ ਇਹੋ ਸੋਚ ਰਹੀ ਹੁੰਦੀ ਸੀ ਕਿ ਮੈਂ ਤਾਂ ਸ਼ੇਰ ਹਾਂ, ਚੀਤਾ ਹਾਂ, ਮੇਰੇ ਕੌਣ ਨੇੜੇ ਲੱਗੂ।

ਸੋ ਮਾਈ-ਭਾਈ ਏਨਾ ਕੁ ਖ਼ਿਆਲ ਰੱਖਣਾ, ਪੰਜਾਬ ਨੂੰ ਜੋਕ ਨਹੀਂ ਲੱਗਣ ਦੇਣੀ। 'ਦੋ ਧੜਿਆਂ 'ਚ ਖ਼ਲਕਤ ਵੰਡੀ, ਇੱਕ ਲੋਕਾਂ ਦਾ ਇੱਕ ਜੋਕਾਂ ਦਾ'। ਧਨੀ ਰਾਮ ਚਾਤ੍ਰਿਕ ਐਵੇਂ ਨੀ ਕਹਿ ਗਿਆ, 'ਪੰਜਾਬ ਕਰਾਂ ਕੀ ਸਿਫ਼ਤ ਤੇਰੀ।' ਧਨੀ ਰਾਮ ਜਾਣੀ ਜਾਣ ਸੀ ਕਿ ਪੰਜਾਬੀ ਹੱਥਾਂ 'ਤੇ ਸਰ੍ਹੋਂ ਵੀ ਜਮਾਉਂਦੇ ਨੇ, ਨਾਲੇ ਤੇਲ ਦੀ ਕੱਢਦੇ ਨੇ। ਜਦੋਂ ਪੰਜਾਬ ਕੁਤਬ ਮੀਨਾਰ ਬਣਦੈ ਤਾਂ ਨੇਤਾ ਜਣਾਂ ਨੂੰ ਚੋਣਾਂ ਮੌਕੇ ਪੀਸਾ ਦੇ ਮੀਨਾਰ ਵਾਂਗੂ ਝੁਕਣਾ ਪੈਂਦੈ। ਜਿਨ੍ਹਾਂ ਨੇ ਪੰਜਾਬ ਦਾ ਹਾਲ ਪੈਂਚਰਾਂ ਆਲੀ ਟਿਊਬ ਵਰਗਾ ਕੀਤੈ, ਉਹ ਆਪਣਾ ਤੇ ਆਪਣੇ ਸਿਆਸੀ ਵਾੜੇ ਦਾ ਖ਼ਿਆਲ ਜ਼ਰੂਰ ਰੱਖਣ। ਬਿਨਾਂ ਮੰਗੀ ਸਲਾਹ ਹੈ..।

# ਸੰਪ੍ਰਦਾਇ ਰਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਲਜਿੰਦਰ ਸਿੰਘ ਸੱਚਖੰਡ ਜਾ ਬਿਰਾਜੇ



ਇਸ ਬਾਬਤ ਸਾਲ 2021 ਵਿੱਚ, ਦਿੱਲੀ ਹਾਈ ਕੋਰਟ ਨੇ ਹੁਕਮ ਦਿੱਤਾ ਸੀ ਕਿ ਅਧਿਆਪਕਾਂ ਦੀਆਂ ਤਨਖਾਹਾਂ ਨੂੰ 6ਵੇਂ ਅਤੇ 7ਵੇਂ ਕੇਂਦਰੀ ਤਨਖਾਹ ਕਮਿਸ਼ਨ ਅਨੁਸਾਰ ਸੋਧਿਆ ਜਾਵੇ ਅਤੇ ਬਕਾਇਆ ਭੁਗਤਾਨ 6% ਵਿਆਜ ਸਮੇਤ ਛੇ ਮਹੀਨਿਆਂ ਦੇ ਅੰਦਰ ਅਦਾ ਕੀਤਾ ਜਾਵੇ. ਹਾਲਾਂਕਿ, ਜਦੋਂ ਗੁਰੂਦੁਆਰਾ ਕਮੇਟੀ ਨੇ ਅਦਾਲਤ ਦੇ ਇਹਨਾਂ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਤਾਂ 2022-2023 ਦੌਰਾਨ ਅਦਾਲਤ ਨੇ ਇਸ ਨੂੰ willful disobedience (ਜਾਣਬੁੱਝ ਕੇ ਕੀਤੀ ਅਣਪਾਲਣਾ) ਮੰਨਿਆ. ਜਿਸ ਤੋਂ ਬਾਅਦ, ਫਰਵਰੀ 2024 ਵਿੱਚ, ਹਾਈ ਕੋਰਟ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿੱਤੀ ਸਥਿਤੀ 'ਤੇ ਸਵਾਲ ਚੁੱਕਦੇ ਹੋਏ ਇੱਕ ਫੋਰੈਂਸਿਕ ਆਡੀਟਰ ਨਿਯੁਕਤ ਕੀਤਾ ਅਤੇ ਸਕੂਲ ਦੀ ਆਮਦਨੀ, ਜਿਵੇਂ ਕਿ ਕਿਰਾਏ ਦੀ ਆਮਦਨ, ਨੂੰ ਬਕਾਇਆ ਭੁਗਤਾਨ ਲਈ ਰੋਕਣ ਦੇ ਆਦੇਸ਼ ਦੇ ਦਿੱਤੇ।

ਪਰ ਮਈ 2025 ਵਿੱਚ, ਇਸ ਮਾਮਲੇ ਨੇ ਨਵਾਂ ਮੋੜ ਲੈ ਲਿਆ ਤੇ ਜਸਟਿਸ ਅਨੀਸ਼ ਦਿਆਲ ਨੇ ਇੱਕ ਮਹੱਤਵਪੂਰਨ ਹੁਕਮ ਜਾਰੀ ਕਰਦੇ ਹੋਏ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਸਾਇਟੀ ਨੂੰ ਹਰਿਆਣਾ ਦੇ ਬਿਗਾਰ ਵਿਖੇ 292 ਏਕੜ ਅਤੇ ਦਿੱਲੀ ਦੇ ਸ਼ਾਹਦਰਾ ਵਿਖੇ 15 ਏਕੜ ਜ਼ਮੀਨ 'ਤੇ ਕਿਸੇ ਵੀ ਤਰ੍ਹਾਂ ਦਾ ਤੀਜਾ ਪੱਖੀ ਹੱਕ ਬਣਾਉਣ, ਤਬਦੀਲ ਕਰਨ ਜਾਂ ਲੀਜ਼ 'ਤੇ ਦੇਣ ਤੋਂ ਰੋਕ ਦਿੱਤਾ. ਅਦਾਲਤ ਨੇ ਇਹ ਵੀ ਕਿਹਾ ਕਿ ਸਰਕਾਰੀ ਮਨਜ਼ੂਰਸ਼ੁਦਾ ਵੈਲਿਊਰ ਨਿਤੇਸ਼ ਸ੍ਰੀਵਾਸਤਵਾ ਇਨ੍ਹਾਂ ਜਾਇਦਾਦਾਂ ਦਾ ਮੁੱਲਾਂਕਣ ਕਰੇਗਾ ਅਤੇ ਆਪਣੀ ਰਿਪੋਰਟ 7 ਸਤੰਬਰ 2025 ਤੱਕ ਅਦਾਲਤ ਵਿੱਚ ਪੇਸ਼ ਕਰੇਗਾ. ਕਿਉਂਕਿ ਅਦਾਲਤ ਦਾ ਮੰਨਣਾ ਹੈ ਕਿ ਇਨ੍ਹਾਂ ਜਾਇਦਾਦਾਂ ਦੀ ਕੀਮਤ ਲਗਭਗ 400 ਕਰੋੜ ਹੋ ਸਕਦੀ ਹੈ, ਜੋ ਬਕਾਇਆ ਅਦਾਇਗੀ ਲਈ ਮਦਦਗਾਰ ਹੋਵੇਗੀ।

ਇਸ ਦੌਰਾਨ ਅਗਸਤ 2025 ਵਿੱਚ ਇਹ ਮਾਮਲਾ ਸਮਾਜਕ ਅਤੇ ਰਾਜਨੀਤਿਕ ਟਕਰਾਅ ਵਿੱਚ ਵੀ ਬਦਲ ਗਿਆ। ਜਦੋਂ ਇਸ ਪੱਖ ਤੋਂ ਕਮੇਟੀ ਨੂੰ ਕਟਿਹਰੇ ਵਿਚ ਖੜ੍ਹਾ ਕਰਨ ਵਾਲੇ ਸਿੱਖ ਪ੍ਰਚਾਰਕ ਅਤੇ ਵਿਦਵਾਨ ਸੱਜਣ ਗਿਆਨੀ ਜਗਤਾਰ ਸਿੰਘ ਜਾਚਕ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਭੇਜੇ ਗਏ ਕਾਨੂੰਨੀ ਨੋਟਿਸ ਨੂੰ 'ਸਿੱਖ ਬੁੱਧੀਜੀਵੀਆਂ ਨੂੰ ਚੁੱਪ ਕਰਾਉਣ ਦੀ ਸ਼ਰਮਨਾਕ ਕੋਸ਼ਿਸ਼' ਦੱਸਿਆ. ਜਾਚਕ ਹੁਰਾਂ ਦਾ ਦਾਅਵਾ ਹੈ ਕਿ ਇਹ ਨੋਟਿਸ ਹਾਈ ਕੋਰਟ ਦੇ 13 ਮਈ 2025 ਦੇ ਹੁਕਮਾਂ ਦੀ ਉਲੰਘਣਾ ਹੈ, ਕਿਉਂਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਜਾਇਦਾਦਾਂ ਦੇ ਤਬਾਦਲੇ 'ਤੇ ਪਹਿਲਾਂ ਹੀ ਰੋਕ ਲੱਗ ਚੁੱਕੀ ਹੈ. ਉਹਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਮਾਮਲੇ ਨੂੰ ਅਗਲੀ ਸੁਣਵਾਈ ਵਿੱਚ ਹਾਈ ਕੋਰਟ ਦੇ ਸਾਹਮਣੇ ਰੱਖਿਆ ਜਾਵੇਗਾ।



ਡਾ. ਪਰਮਿੰਦਰ ਸਿੰਘ ਸ਼ੌਂਕੀ

ਕਿਉਂਕਿ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਇੱਕ ਪਬਲਿਕ ਟਰੱਸਟ ਦੀ ਤਰ੍ਹਾਂ ਕੰਮ ਕਰਦੀਆਂ ਹਨ, ਇਸ ਲਈ ਉਨ੍ਹਾਂ 'ਤੇ ਆਪਣੇ ਕਰਮਚਾਰੀਆਂ ਅਤੇ ਭਾਈਚਾਰੇ ਪ੍ਰਤੀ ਦੋਹਰੀ ਜ਼ਿੰਮੇਵਾਰੀ ਹੁੰਦੀ ਹੈ, ਪਰ ਇੱਥੇ ਮਸਲਾ ਹੁਣ ਇਹ ਬਣ ਗਿਆ ਹੈ ਕੇਂਦਰ ਸਰਕਾਰ ਦੀ ਸ਼ਹਿ ਤੇ ਕੰਮ ਕਰ ਰਹੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸਥਿਤੀ ਇਹ ਬਣ ਗਈ ਹੈ ਕਿ ਗੁਰਦੁਆਰਾ ਸਾਹਿਬ ਅਧੀਨ ਆਉਂਦੀ ਜਾਇਦਾਦ ਨੂੰ ਤਨਖ਼ਾਹਾਂ ਦੇਣ ਹਿਤ ਵੇਚਣ ਤੱਕ ਦੀ ਨੌਬਤ ਬਣ ਚੁੱਕੀ ਹੈ।

ਹਾਲਾਂਕਿ ਇਸ ਸਾਰਾ ਮਾਮਲਾ ਓਪਰੀ ਨਜ਼ਰ ਅਧਿਆਪਕਾਂ ਅਤੇ ਤਨਖਾਹਾਂ ਦਾ ਹੀ ਜਾਪਦਾ ਹੈ, ਪਰ ਇਹ ਸਿਰਫ਼ ਅਧਿਆਪਕਾਂ ਦੀ ਆਰਥਿਕ ਲੜਾਈ ਨਹੀਂ, ਸਗੋਂ ਸਿੱਖ ਸੰਸਥਾਵਾਂ ਵਿਚਲੀ ਪਾਰਦਰਸ਼ਤਾ, ਜਵਾਬਦੇਹੀ ਅਤੇ ਪ੍ਰਬੰਧਕੀ ਸੁਧਾਰਾਂ ਦੀ ਲੋੜ ਨੂੰ ਵੀ ਉਜਾਗਰ ਕਰਦਾ ਹੈ. ਇਸ ਪੱਖ ਤੋਂ ਅਗਲੇ ਮਹੀਨੇ, ਭਾਵ ਕਿ ਸਤੰਬਰ 2025 ਵਿੱਚ ਅਦਾਲਤ ਦੀ ਅਗਲੀ ਸੁਣਵਾਈ ਮਹੱਤਵਪੂਰਨ ਹੋਵੇਗੀ, ਜਿੱਥੇ ਜਾਇਦਾਦ ਮੁੱਲਾਂਕਣ ਰਿਪੋਰਟ ਪੇਸ਼ ਕੀਤੀ ਜਾਵੇਗੀ ਅਤੇ ਬਕਾਇਆ ਅਦਾਇਗੀ ਲਈ ਅਗਲੇ ਕਾਨੂੰਨੀ ਕਦਮ ਨਿਰਧਾਰਤ ਕੀਤੇ ਜਾਣਗੇ। ਨਿਰਸੰਕੋਚ ਇਹ ਕੇਸ ਭਵਿੱਖ ਵਿੱਚ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਨ ਲਈ ਇੱਕ ਮਾਡਲ ਤੈਅ ਕਰ ਸਕਦਾ ਹੈ। ਜਿਸ ਤੋਂ ਬਾਅਦ ਮੈਂ ਸਮਝਦਾ ਹਾਂ ਕਿ ਹੁਣ ਤੱਕ ਇਸ ਮਸਲੇ ਤੇ ਚੁੱਪ ਰਹੀਆਂ ਧਿਰਾਂ ਨੂੰ ਬੋਲਣ ਦਾ ਕੋਈ ਹੱਕ ਨਹੀਂ ਰਹਿ ਜਾਏਗਾ. ਕਿਉਂਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਦਿੱਲੀ ਦੇ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲਾਂ ਦਾ ਜਨਾਜ਼ਾ ਨਿਕਲਦਾ ਅਸੀਂ ਸਾਰੇ ਹੀ ਸਿੱਖ ਕਹਾਉਣ ਵਾਲੇ ਸ਼ਰੇਆਮ ਹੁਣ ਦੇਖ ਰਹੇ ਹਾਂ।

# ਭਾਈ ਗੁਰਮੀਤ ਸਿੰਘ ਸ਼ਾਂਤ ਨੂੰ ਸ਼੍ਰੋਮਣੀ ਕੀਰਤਨੀਏ ਸਨਮਾਨ ਮਿਲਣ 'ਤੇ ਦੇਸ਼ ਵਿਦੇਸ਼ ਤੋਂ ਮਿਲ ਰਹੀਆਂ ਵਧਾਈਆਂ



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ): ਸਿੱਖ ਧਰਮ ਅੰਦਰ ਗੁਰਬਾਣੀ ਕੀਰਤਨ ਵਾਲਿਆਂ ਨੂੰ ਬਹੁਤ ਸਨਮਾਨ ਦਿੱਤਾ ਜਾਂਦਾ ਹੈ। ਇਸੇ ਮਰਿਆਦਾ ਨੂੰ ਸਮਰਪਿਤ "ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ" ਵੱਲੋਂ ਕੁਝ ਦਿਨ ਪਹਿਲਾ ਭਾਈ ਗੁਰਮੀਤ ਸਿੰਘ ਸ਼ਾਂਤ ਨੂੰ ਸ਼੍ਰੋਮਣੀ ਕੀਰਤਨੀਏ ਦੇ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਜਿਸ ਸੰਬੰਧੀ ਭਾਈ ਸਹਿਬ ਨੂੰ ਦੁਨੀਆਂ ਭਰ ਦੀ ਸਿੱਖ ਸੰਗਤ ਅਤੇ ਕੀਰਤਨੀ ਜੱਥਿਆ ਵੱਲੋਂ ਵਧਾਈਆਂ ਮਿਲ ਰਹੀਆਂ ਹਨ। ਜਿਸ ਬਾਰੇ ਫਰਿਜ਼ਨੋ, ਕੈਲੇਫੋਰਨੀਆਂ ਤੋਂ ਭਾਈ ਬਲਵਿੰਦਰ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਸਨਮਾਨ ਉਨ੍ਹਾਂ ਨੂੰ ਸਪੂੰਰਨ ਮਰਿਯਾਦਾ ਅਨੁਸਾਰ ਨਿਯਤ ਰਾਗਾਂ ਦੇ ਵਿੱਚ ਰਹਿੰਦੇ ਹੋਏ ਕੀਰਤਨ ਕਰਨ ਲਈ ਦਿੱਤਾ ਗਿਆ ਹੈ। ਅਜੋਕੇ ਸਮੇਂ ਦੌਰਾਨ ਬਹੁਤ ਸਾਰੇ ਕੀਰਤਨੀ ਜੱਥੇ ਗੁਰਬਾਣੀ ਕੀਰਤਨ ਕਰਦੇ ਹੋਏ ਸਹੀ ਰਾਗਾਂ ਦੀ ਵਰਤੋਂ ਨਹੀਂ ਕਰਦੇ। ਇਸ ਅਵਾਰਡ ਨੂੰ ਦੇਣ ਦਾ ਕਾਰਨ ਵੀ ਇਹੀ ਹੈ ਕਿ ਕੀਰਤਨੀ ਜੱਥਿਆ ਨੂੰ ਸਿੱਖ ਮਰਿਆਦਾ ਅੰਦਰ ਰਹਿੰਦੇ ਹੋਏ ਰਾਗਾਂ ਵਿੱਚ ਕੀਰਤਨ ਕਰਨ ਵਾਲੇ ਜੱਥਿਆਂ ਨੂੰ ਉਤਸਾਹਿਤ ਕੀਤਾ ਜਾ ਸਕੇ। ਜਿਸ ਸੰਬੰਧੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਇਹ ਸਨਮਾਨ ਦੇਣ ਸਮੇਂ, ਇਸ ਨੂੰ ਸਲਾਨਾ ਲਗਾਤਾਰ ਸ਼ੁਰੂ ਕਰਨ ਦੀ ਗੱਲ ਕੀਤੀ। ਇਸ ਸੰਬੰਧੀ ਅਮਰੀਕਾ ਤੋਂ ਭਾਈ ਬਲਵਿੰਦਰ ਸਿੰਘ ਜੀ, ਭਾਈ ਜਸਵੰਤ ਸਿੰਘ ਜ਼ੀਰਾ ਵਾਲੇ, ਭਾਈ ਸਰਬਜੀਤ ਸਿੰਘ ਅਤੇ ਸੰਨਦੀਪ ਸਿੰਘ ਨੂਰਪੁਰੀ ਨੇ ਸਥਾਨਕ ਮੀਡੀਆਂ ਨਾਲ ਗੱਲਬਾਤ ਕਰਦਿਆਂ ਦਿੱਲੀ ਕਮੇਟੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਭਾਈ ਗੁਰਮੀਤ ਸਿੰਘ ਸ਼ਾਂਤ ਜੀ ਅਜਿਹੇ ਕੀਰਤਨੀਏ ਹਨ ਜੋ ਕਿ ਸਾਡੇ ਸਾਰਿਆਂ ਲਈ ਬਤੌਰ ਮਾਰਗ ਦਰਸ਼ਕ ਅਤੇ ਪ੍ਰੇਰਨਾ ਸਰੋਤ ਹਨ। ਸਾਨੂੰ ਉਨ੍ਹਾਂ ਦੀ ਕੀਰਤਨ ਸ਼ੈਲੀ ਅਤੇ ਮਰਿਆਦਾ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।

# ਭਾਜਪਾ ਦਾ ਪੰਜਾਬ ਸਰਕਾਰ ਖਿਲਾਫ਼ ਜ਼ਬਰਦਸਤ ਪ੍ਰਦਰਸ਼ਨ



ਲੁਧਿਆਣਾ (ਪੰਜਾਬ): ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਅੱਜ ਲੁਧਿਆਣਾ ਵਿਖੇ ਪੰਜਾਬ ਦੀ 'ਆਪ' ਸਰਕਾਰ ਦੀਆਂ ਨੀਤੀਆਂ ਖਿਲਾਫ਼ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਸੂਬੇ ਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ, ਨਸ਼ਿਆਂ ਦੇ ਕਾਰੋਬਾਰ ਅਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ 'ਤੇ ਸੈਂਕੜੇ ਭਾਜਪਾ ਵਰਕਰਾਂ ਨੇ ਮਿੰਨੀ ਸਕੱਤਰੇਤ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਦੌਰਾਨ ਉਨ੍ਹਾਂ ਦੀ ਪੁਲਿਸ ਨਾਲ ਝੜਪ ਹੋ ਗਈ।

ਭਾਜਪਾ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ ਅਤੇ ਸੀਨੀਅਰ ਆਗੂ ਪ੍ਰਵੀਨ ਬਾਂਸਲ ਦੀ ਅਗਵਾਈ ਹੇਠ ਭਾਜਪਾ ਵਰਕਰਾਂ ਨੇ ਸਰਕਾਰ ਖਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਜਦੋਂ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਵੱਲੋਂ ਲਗਾਏ ਬੈਰੀਕੇਡ ਤੋੜਨ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਭੀੜ ਨੂੰ ਖਿੰਡਾਉਣ ਲਈ ਪਾਣੀ ਦੀਆਂ ਬੁਛਾੜਾਂ (ਵਾਟਰ ਕੈਨਨ) ਦੀ ਵਰਤੋਂ ਕੀਤੀ। ਇਸ ਤੋਂ ਬਾਅਦ ਪੁਲਿਸ ਨੇ ਕਈ ਭਾਜਪਾ ਆਗੂਆਂ ਅਤੇ ਵਰਕਰਾਂ ਨੂੰ ਹਿਰਾਸਤ ਵਿੱਚ ਲੈ ਲਿਆ।

ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਅਨਿਲ ਸਰੀਨ ਨੇ ਕਿਹਾ, 'ਪੰਜਾਬ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ-ਢੇਰੀ ਹੋ ਚੁੱਕੀ ਹੈ। ਹਰ ਰੋਜ਼ ਕਤਲ, ਲੁੱਟਾਂ-ਖੋਹਾਂ ਹੋ ਰਹੀਆਂ ਹਨ ਅਤੇ ਗੈਂਗਸਟਰ ਰਾਜ ਕਰ ਰਹੇ ਹਨ। 'ਆਪ' ਸਰਕਾਰ ਪੰਜਾਬ ਦੇ ਲੋਕਾਂ ਨੂੰ ਸੁਰੱਖਿਆ ਦੇਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ।' ਸੀਨੀਅਰ ਭਾਜਪਾ ਆਗੂ ਪ੍ਰਵੀਨ ਬਾਂਸਲ ਨੇ ਕਿਹਾ, 'ਇਹ ਸਰਕਾਰ ਹਰ ਮੋਰਚੇ 'ਤੇ ਨਾਕਾਮ ਸਾਬਤ ਹੋਈ ਹੈ। ਨੌਜਵਾਨ ਨਸ਼ਿਆਂ ਨਾਲ ਮਰ ਰਹੇ ਹਨ, ਵਪਾਰੀ ਡਰ ਦੇ ਮਾਹੌਲ ਵਿੱਚ ਜੀਅ ਰਹੇ ਹਨ ਅਤੇ ਔਰਤਾਂ ਨੂੰ 1000 ਰੁਪਏ ਦੇਣ ਦਾ ਵਾਅਦਾ ਝੂਠਾ ਨਿਕਲਿਆ। ਅਸੀਂ ਸਰਕਾਰ ਨੂੰ ਜਗਾਉਣ ਲਈ ਸੜਕਾਂ 'ਤੇ ਉੱਤਰੇ ਹਾਂ ਅਤੇ ਸਾਡਾ ਸੰਘਰਸ਼ ਜਾਰੀ ਰਹੇਗਾ।' ਭਾਜਪਾ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਜਲਦੀ ਹੀ ਇਨ੍ਹਾਂ ਮੁੱਦਿਆਂ ਵੱਲ ਧਿਆਨ ਨਾ ਦਿੱਤਾ ਤਾਂ ਉਹ ਆਪਣਾ ਸੰਘਰਸ਼ ਹੋਰ ਤੇਜ਼ ਕਰਨਗੇ।

# ਸਾਰੀਆਂ ਫ਼ਸਲਾਂ 'ਤੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ : ਡੱਲੇਵਾਲ



ਨਵੀਂ ਦਿੱਲੀ : ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਵਲੋਂ ਭਖਦੇ ਕਿਸਾਨੀ ਮਸਲਿਆਂ ਨੂੰ ਲੈ ਕੇ ਅੱਜ ਦਿੱਲੀ ਦੇ ਜੰਤਰ ਮੰਤਰ ਵਿਖੇ ਮਹਾਂ ਪੰਚਾਇਤ ਕੀਤੀ ਗਈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਵਿਚ ਕੀਤੀ ਗਈ ਮਹਾਂ ਪੰਚਾਇਤ ਵਿਚ ਪੰਜਾਬ ਤੇ ਹਰਿਆਣਾ ਸਮੇਤ ਹੋਰਨਾਂ ਸੂਬਿਆਂ ਤੋਂ ਕਿਸਾਨਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਇਸ ਮਹਾਂ ਪੰਚਾਇਤ ਤੋਂ ਬਾਅਦ ਕਿਸਾਨ ਆਗੂ ਸਤਨਾਮ ਸਿੰਘ ਬਹਿਰੂ ਨੇ ਦੱਸਿਆ ਕਿ ਸਰਕਾਰ ਵਲੋਂ ਸੁਨੇਹਾ ਭੇਜਿਆ ਗਿਆ ਹੈ ਕਿ ਅਗਲੇ 2 ਹਫ਼ਤਿਆਂ ਅੰਦਰ ਗੱਲਬਾਤ ਕਰਨ ਲਈ ਕਿਸਾਨਾਂ ਨੂੰ ਬੁਲਾਇਆ ਜਾਏਗਾ। ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਅਸੀਂ ਕੇਂਦਰ ਸਰਕਾਰ ਤੋਂ ਸਾਰੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ, ਐਮ.ਐਸ.ਪੀ. ਦੀ ਕਾਨੂੰਨੀ ਗਰੰਟੀ ਦੀ ਮੰਗ ਕਰਦੇ ਹਾਂ। ਉਨ੍ਹਾਂ ਕਿਹਾ ਕਿ ਇਹ ਮੰਗ ਸਿਰਫ਼ ਹਰਿਆਣਾ ਤੇ ਪੰਜਾਬ ਦੇ ਕਿਸਾਨਾਂ ਲਈ ਨਹੀਂ ਬਲਕਿ ਪੂਰੇ ਦੇਸ਼ ਦੇ ਕਿਸਾਨਾਂ ਵਾਸਤੇ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਮਹਾਂ ਪੰਚਾਇਤ ਵਿਚ ਅਸੀਂ ਕੋਸ਼ਿਸ਼ ਕੀਤੀ ਹੈ ਕਿ ਦੇਸ਼ ਭਰ ਦੇ ਕਿਸਾਨ ਆਪਣੀ ਮੰਗਾਂ ਰੱਖਣ ਲਈ ਇੱਥੇ ਆਉਣ। ਉਨ੍ਹਾਂ ਕਿਹਾ ਕਿ ਅਸੀਂ ਮੋਦੀ ਸਰਕਾਰ ਨੂੰ ਦੱਸਣਾ ਚਾਹੁੰਦੇ ਹਾਂ ਕਿ ਐਮ.ਐਸ.ਪੀ. ਦੀ ਮੰਗ ਦੇਸ਼ ਭਰ ਦੇ ਕਿਸਾਨਾਂ ਦੀ ਹੈ। ਡੱਲੇਵਾਲ ਸਮੇਤ ਹੋਰਨਾਂ ਕਿਸਾਨ ਆਗੂਆਂ ਨੇ ਐਮ.ਐਸ.ਪੀ. ਦੀ ਮੰਗ ਤੋਂ ਇਲਾਵਾ, ਖੇਤੀਬਾੜੀ, ਡੇਅਰੀ, ਪੋਲਟਰੀ ਅਤੇ ਮੱਛੀ ਪਾਲਣ ਨਾਲ ਸੰਬੰਧਿਤ ਖੇਤਰਾਂ ਨੂੰ ਅਮਰੀਕਾ ਨਾਲ ਕਿਸੇ ਵੀ ਪ੍ਰਸਤਾਵਿਤ ਸਮਝੌਤੇ ਤੋਂ ਬਾਹਰ ਰੱਖਣ ਦੀ ਮੰਗ ਵੀ ਕੀਤੀ। ਇਸ ਤੋਂ ਇਲਾਵਾ ਇਹ ਮੰਗ ਵੀ ਕੀਤੀ ਗਈ ਕਿ 2020-21 ਦੇ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਵਿਰੁੱਧ ਦਰਜ ਕੀਤੇ ਗਏ ਪੁਲਿਸ ਕੇਸ ਤੁਰੰਤ ਵਾਪਸ ਲਏ ਜਾਣ। ਮਹਾਂ ਪੰਚਾਇਤ ਖ਼ਤਮ ਹੋਣ ਤੋਂ ਬਾਅਦ ਸੰਯੁਕਤ ਕਿਸਾਨ ਮੋਰਚੇ ਨਾਲ ਜੁੜੇ ਕਿਸਾਨ ਆਗੂ ਤੇ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਬਹਿਰੂ ਨੇ ਫ਼ੋਨ ਰਾਹੀਂ ਜਾਣਕਾਰੀ ਦਿੱਤੀ ਕਿ ਸਾਨੂੰ ਸਰਕਾਰ ਵਲੋਂ ਇਕ ਚਿੱਠੀ ਮਿਲੀ ਹੈ, ਜਿਸ ਵਿਚ ਸਰਕਾਰ ਨੇ 2 ਹਫ਼ਤਿਆਂ ਅੰਦਰ ਕਿਸਾਨਾਂ ਨਾਲ ਗੱਲਬਾਤ ਕਰਨ ਦਾ ਭਰੋਸਾ ਦਿਵਾਇਆ ਹੈ।



ਪੰਜਾਬ ਦੇ ਮੌਜੂਦਾ ਗਵਰਨਰ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਸਿੰਘ ਸਾਹਿਬ ਜਥੇਦਾਰ ਭਾਈ ਕੁਲਦੀਪ ਸਿੰਘ ਗੜਗੱਜ ਦੇ ਪੈਰਾਂ ਨੂੰ ਹੱਥ ਲਗਾਕੇ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਨੂੰ ਸਿੱਜਦਾ ਕੀਤਾ।

# ਅਲਾਇੰਸ ਕਲੱਬ ਹੁਸ਼ਿਆਰਪੁਰ ਗ੍ਰੇਟਰ ਵੱਲੋਂ 'ਰੁੱਖ ਲਗਾਓ, ਵਾਤਾਵਰਨ ਬਚਾਓ' ਸੰਬੰਧੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਅਲਾਇੰਸ ਕਲੱਬ ਹੁਸ਼ਿਆਰਪੁਰ ਗ੍ਰੇਟਰ ਵੱਲੋਂ ਅਸਲਾਮਾਬਾਦ ਦੇ ਵਾਟਰ ਟੈਂਕ ਅਜੀਤ ਨਗਰ ਵਿਖੇ 'ਰੁੱਖ ਲਗਾਓ, ਵਾਤਾਵਰਣ ਬਚਾਓ' ਸਬੰਧੀ ਇੱਕ ਪ੍ਰੋਗਰਾਮ ਐਲੀ ਰਮੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਇਸ ਮੌਕੇ ਤੇ ਇਲਾਕੇ ਦੇ ਮਿਊਂਸੀਪਲ ਕੌਂਸਲਰ ਮੁੱਖੀ ਰਾਮ, ਅਲਾਇੰਸ ਕਲੱਬ ਦੇ ਇੰਟਰਨੈਸ਼ਨਲ ਡਾਇਰੈਕਟਰ ਐਲੀ ਅਸ਼ੋਕ ਪੁਰੀ, ਕਾਰਗਿਲ ਜੇਤੂ ਕੈਪਟਨ ਕਰਨੈਲ ਸਿੰਘ, ਰਿਟਾਇਰਡ ਕੋਚ ਝਿਰਮਲ ਸਿੰਘ, ਰਿਟਾਇਰਡ ਐਸ.ਡੀ.ਈ. (ਪੀ.ਡਬਲਯੂ.ਡੀ) ਤਰਸੇਮ ਸਿੰਘ ਅਤੇ ਸੁਲੱਖਣ ਸਿੰਘ, ਸਿਹਤ ਵਿਭਾਗ ਦੇ ਰਿਟਾਇਰਡ ਸੁਪਰਡੈਂਟ ਸ਼ ?ਰੀ ਨੱਥੂ ਰਾਮ ਅਤੇ ਪੰਜਾਬੀ ਮਾਂ ਬੋਲੀ ਦੇ 86 ਸਾਲਾਂ ਸਿਪਾਹੀ ਕੁਲਤਾਰ ਸਿੰਘ ਕੁਲਤਾਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

'ਰੁੱਖ ਲਗਾਓ, ਵਾਤਾਵਰਣ ਬਚਾਓ' ਨੂੰ ਸਫਲਤਾਪੂਰਵਕ ਕਰਨ ਲਈ ਸੁਰਿੰਦਰ ਗੁਪਤਾ, ਹਰਜੀਤ ਕੁਮਾਰ, ਦੀਪਕ ਕੁਮਾਰ, ਸ਼ਸ਼ੀ ਬਾਲਾ ਅਤੇ ਯੋਗਾ ਟੀਚਰ ਪੂਰਨੀਮਾ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਤੇ ਹਾਜ਼ਰ ਹੋਏ ਪਤਵੰਤਿਆਂ ਦੀ ਸਵੈ-ਪਹਿਚਾਣ ਹੋਣ ਤੋਂ ਬਾਅਦ ਅੰਬ, ਟਾਹਲੀ ਅਤੇ ਨਿੰਮ ਦੇ ਰੁੱਖਾਂ ਨੂੰ ਵਾਟਰ ਟੈਂਕੀ ਦੇ ਕੋਲ ਲਗਾਇਆ ਗਿਆ। ਇਸ ਮੌਕੇ ਤੇ ਐਮ.ਸੀ. ਮੁੱਖੀ ਰਾਮ ਨੇ ਉਨ੍ਹਾਂ ਦੇ ਵਾਰਡ ਵਿੱਚ ਅਲਾਇੰਸ ਕਲੱਬ ਹੁਸ਼ਿਆਰਪੁਰ ਗੇ ?ਟਰ ਵੱਲੋਂ ਕੀਤੇ ਗਏ ਪ੍ਰੋਗਰਾਮ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਇਸ ਇਲਾਕੇ ਦੇ ਕਾਰਗਿਲ ਜੇਤੂ, ਕੋਚ ਅਤੇ ਰਿਟਾਇਰਡ ਅਧਿਕਾਰੀਆਂ ਵੱਲੋਂ ਸਮਾਜ ਵਿੱਚ ਜਾਗਰੂਕਤਾ ਲਈ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਦੇ ਰਹਿਣ ਲਈ ਪ੍ਰੇਰਿਆ। ਇੰਟਰਨੈਸ਼ਨਲ ਡਾਇਰੈਕਟਰ ਐਲੀ ਅਸ਼ੋਕ ਪੁਰੀ ਨੇ ਦੱਸਿਆ ਕਿ ਦਰੱਖਤ ਲਗਾਉਣਾ ਕੋਈ ਵੱਡਾ ਕੰਮ ਨਹੀ, ਪਰ ਇਨ੍ਹਾਂ ਦੀ ਸੰਭਾਲ ਕਰਨਾ ਸਭ ਤੋਂ ਜ਼ਰੂਰੀ ਕੰਮ ਹੈ ਜੋ ਕਿ ਇਲਾਕੇ ਦੇ ਸੁਚੇਤ ਚਿੰਤਕ ਹੀ ਕਰ ਸਕਦੇ ਹਨ ਜਿਸ ਲਈ ਮੈਂ ਅਜੀਤ ਨਗਰ ਅਤੇ ਯੋਗਾ ਟੀਚਰ ਪੁਰਨਿਮਾ ਅਤੇ ਉਨ੍ਹਾਂ ਦੀ ਟੀਮ ਨੂੰ ਮੁਬਾਰਕਬਾਦ ਦਿੰਦਾ ਹਾਂ। ਉਨ੍ਹਾਂ ਇਹ ਵੀ ਆਖਿਆ ਕਿ ਰੁੱਖ ਲਗਾਉਣਾ ਮਨੁੱਖ ਦੀ ਸਮਾਜਿਕ ਜ਼ਿੰਮੇਵਾਰੀ ਹੈ। ਜੇਕਰ ਅਸੀਂ ਰੁੱਖ ਲਗਾਉਂਦੇ ਹਾਂ ਤਾਂ ਹੀ ਸਾਡੀਆਂ ਅਗਲੀਆਂ ਪੀੜ੍ਹੀਆਂ ਤੰਦਰੁਸਤ ਜੀਵਨ ਜੀਅ ਸਕਦੀਆਂ ਹਨ। ਇਸ ਮੌਕੇ ਤੇ ਅਲਾਇੰਸ ਕਲੱਬ ਵੱਲੋਂ ਕੈਪਟਨ ਕਰਨੈਲ ਸਿੰਘ, ਐਮ.ਸੀ.ਮੁੱਖੀ ਰਾਮ, ਕੋਚ ਝਿਰਮਲ ਸਿੰਘ, ਰਿਟਾਇਰਡ ਸੁਪਰਡੈਂਪ ਨੱਥੂ ਰਾਮ, ਰਿਟਾਇਰਡ ਐਸ.ਈ.ਡੀ. ਤਰਸੇਮ ਸਿੰਘ, ਸੁਲੱਖਣ ਸਿੰਘ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ। ਇਸ ਉਪਰੰਤ ਐਮ.ਸੀ. ਮੁਖੀ ਰਾਮ, ਐਲੀ. ਰਾਜੇਸ਼ ਕੁਮਾਰ ਅਤੇ ਐਲੀ ਅਸ਼ੋਕ ਕੁਮਾਰ ਪੁਰੀ ਨੂੰ ਅੱਜ ਦੇ ਪ੍ਰੋਗਰਾਮ ਨੂੰ ਕਰਨ ਲਈ ਮੁਹੱਲਾ ਨਿਵਾਸੀਆਂ ਵੱਲੋਂ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਕੁਲਤਾਰ ਸਿੰਘ ਕੁਲਤਾਰ ਜੀ ਦੇ ਭਾਂਜੇ ਡਾ.ਪ੍ਰਦੀਪ ਸਿੰਘ ਸੇਠੀ ਐਸੋਸੀਏਟ ਪ੍ਰੋਫੈਸਰ, ਮੈਡੀਕਲ ਕਾੱਲਜ ਅੰਮ੍ਰਿਤਸਰ ਦੀ ਦੁਰਘਟਨਾ ਦੌਰਾਨ ਹੋਈ ਮੌਤ 2 ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ, ਸਮੂਹ ਪਤਵੰਤਿਆਂ ਵੱਲੋਂ ਅੱਜ ਦੇ ਸਮਿਆਂ ਵਿੱਚ ਐਕਸੀਡੈਂਟਾ ਦੇ ਹੋ ਰਹੇ ਵਾਧੇ ਤੇ ਚਿੰਤਾ ਪ੍ਰਗਟ ਕੀਤੀ ਗਈ। ਅੱਜ ਦੇ ਪ੍ਰੋਗਰਾਮ ਦੀ ਪੂਰਨ ਸਫਲਤਾ ਲਈ ਅਜੀਤ ਨਗਰ ਦੀ ਯੋਗਾ ਟੀਮ ਅਤੇ ਉਨ੍ਹਾਂ ਦੀ ਯੋਗਾ ਕੋਚ ਪੁਰਨਿਮਾ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਗੁੱਰਜ਼ਰ (ਗੁੱਜਰ) ਸਮਰਾਟ ਮੇਹਰ ਭੋਜ ਮਹਾਨ ਦੀ 1209 ਵੀਂ ਜੈਅੰਤੀ ਧੂਮਧਾਮ ਨਾਲ ਮਨਾਈ

## ਆਪਣੇ ਸੱਭਿਆਚਾਰ ਅਤੇ ਸੰਸਕ੍ਰਿਤੀ ਨੂੰ ਜਿਉਂਦਾ ਰੱਖਣ ਵਾਲੀਆਂ ਕੌਮਾਂ ਹੀ ਤਰੱਕੀ ਕਰਦੀਆਂ ਹਨ : ਪ੍ਰੋਫੈਸਰ ਨਰਿੰਦਰ ਭੂੰਬਲਾ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਅਖ਼ਿਲ ਭਾਰਤੀਆ ਵੀਰ ਗੁੱਰਜ਼ਰ (ਗੁੱਜਰ) ਮਹਾਂ ਸਭਾ (ਰਜਿ:) ਦੀ ਪੰਜਾਬ ਇਕਾਈ ਵਲੋਂ ਸਥਾਨਕ ਗਰਲਜ਼ ਕਾਲਜ ਰੱਤੇਵਾਲ (ਬਲਾਚੌਰ) ਵਿਖੇ ਚੱਕਰਵਰਤੀ ਗੁੱਰਜ਼ਰ (ਗੁੱਜਰ) ਸਮਰਾਟ ਮੇਹਰ ਭੋਜ ਮਹਾਨ ਦੀ 1209 ਵੀਂ ਜੈਅੰਤੀ ਅਤੇ ਅੰਤਰ ਰਾਸ਼ਟਰੀ ਗੁੱਰਜ਼ਰ ਦਿਵਸ ਧੂਮ ਧਾਮ ਨਾਲ ਮਨਾਇਆ ਗਿਆ। ਇਸ ਸੂਬਾ ਪੱਧਰੀ ਸਮਾਗਮ ਵਿੱਚ ਅਖ਼ਿਲ ਭਾਰਤੀਆ ਵੀਰ ਗੁੱਰਜਰ ਮਹਾਂ ਸਭਾ ਦੇ ਰਾਸ਼ਟਰੀ ਕਾਰਜਕਾਰਨੀ ਮੈਂਬਰ ਪ੍ਰੋਫੈਸਰ ਨਰਿੰਦਰ ਭੂੰਬਲਾ ਅਤੇ ਹੋਰਾਂ ਨੇ ਸ਼ਮਾ ਰੌਸ਼ਨ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਅਤੇ ਸਮਰਾਟ ਮੇਹਰ ਭੋਜ ਜੀ ਦੀ ਜੀਵਨੀ ਤੇ ਚਾਨਣਾ ਪਾਇਆ ਅਤੇ ਕਿਹਾ ਆਪਣੇ ਇਤਿਹਾਸ, ਸੱਭਿਆਚਾਰ ਅਤੇ ਸੰਸਕ੍ਰਿਤੀ ਨੂੰ ਜਿਉਂਦੇ ਰੱਖਣ ਵਾਲੀਆਂ ਅਤੇ ਪਿਆਰ ਕਾਰਨ ਵਾਲੀਆਂ ਕੌਮਾਂ ਹੀ ਤਰੱਕੀ ਕਰਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਇਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਗੁੱਜਰ ਬਰਾਦਰੀ ਸ਼ਾਨਮੱਤਾ ਇਤਿਹਾਸ ਹੈ ਇਸ ਨੂੰ ਹਰ ਕੀਮਤ ਤੇ ਬਰਕਰਾਰ ਰੱਖਿਆ ਜਾਵੇਗਾ। ਇਸ ਮੌਕੇ ਤੇ ਇਕੱਤਰ ਇਲਾਕਾ ਭਰ ਤੋਂ ਭਾਰੀ ਗਿਣਤੀ ਵਿੱਚ ਗੁੱਜਰ ਸਮਾਜ ਨਾਲ ਸਬੰਧਿਤ ਪਤਵੰਤਿਆ, ਬੁੱਧੀਜੀਵੀਆਂ, ਰਾਜਨੀਤਿਕ ਅਤੇ ਸਮਾਜਿਕ ਆਗੂਆਂ ਨੇ ਨੂੰ ਸਮਰਾਟ ਮੇਹਰ ਭੋਜ ਮਹਾਨ ਦੀ ਪ੍ਰਤਿਮਾ ਤੇ ਫੁੱਲ-ਮਾਲਾਵਾਂ ਭੇਟ ਕੀਤੀਆਂ। ਇਸ ਮੌਕੇ ਕਾਬਲ ਸਿੰਘ ਚੇਚੀ ਜਨਰਲ ਸੈਕਟਰੀ, ਮਾ. ਗਿਆਨ ਕਟਾਰੀਆ ਅਧਿਆਪਕ ਆਗੂ ਅਤੇ ਮਾ. ਰਵਿੰਦਰ ਕਸਾਣਾ ਸੂਰਾਪੁਰੀ ਨੇ ਵੀ ਸਮਰਾਟ ਮੇਹਰ ਭੋਜ ਮਹਾਨ ਦੇ ਜੀਵਨ, ਉਨ੍ਹਾਂ ਵੱਲੋਂ ਕੀਤੇ ਗਏ ਬਹਾਦਰੀ ਦੇ ਕਿੱਸਿਆਂ, ਦੇਸ਼ ਭਗਤੀ ਦੀ ਭਾਵਨਾ, ਰਾਜਭਾਗ,ਬਾਰੇ ਭਰਪੂਰ ਚਾਨਣਾ ਪਾਉਂਦਿਆਂ ਧਰਮ ਰੱਖਿਅਕ ਗੁੱਜਰ ਸਮਰਾਟ ਮੇਹਰ ਭੋਜ ਮਹਾਨ ਦੇ ਜਨਮ ਦਿਨ ਅਤੇ ਅੰਤਰ ਰਾਸ਼ਟਰੀ ਗੁੱਰਜਰ (ਗੁੱਜਰ) ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਕਾਬਲ ਚੇਚੀ, ਬਲਵੀਰ ਸਰਪੰਚ ਨਿੱਘੀ, ਮਾ. ਗਿਆਨ ਕਟਾਰੀਆ, ਬਲਰਾਮ ਜੇ ਈ ਰੱਤੇਵਾਲ, ਨਰੇਸ਼ ਸਰਪੰਚ ਬਾਗੋਵਾਲ, ਧਰਮਵੀਰ ਚੇਚੀ ਮਾਲੇਵਾਲ, ਜਸਪਾਲ ਚੇਚੀ ਮਾਲੇਵਾਲ, ਧਰਮਵੀਰ ਬਾਗੋਵਾਲ, ਕਪੂਰ ਚੰਦ ਡਾ. ਜਸਵਿੰਦਰ ਥਾਨਵਾਲਾ, ਧਰਮਿੰਦਰ ਬਜਾੜ, ਗੁਰਸ਼ਕਤੀ ਬਾਗੜੀ ਮੋਹਣ ਮਾਜਰਾ, ਸਮੇਤ ਵੱਡੀ ਗਿਣਤੀ 'ਚ ਇਲਾਕਾ ਨਿਵਾਸੀ ਹਾਜ਼ਰ ਸਨ।

# ਸਾਲ ਦੀ ਤੀਸਰੀ ਕੌਮੀ ਲੋਕ ਅਦਾਲਤ 13 ਸਤੰਬਰ ਨੂੰ : ਜ਼ਿਲ੍ਹਾ ਤੇ ਸੈਸ਼ਨ ਜੱਜ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ13 ਸਤੰਬਰ, 2025 ਨੂੰ ਜ਼ਿਲ੍ਹੇ ਵਿਚ ਸਾਲ ਦੀ ਤੀਸਰੀ ਕੌਮੀ ਲੋਕ ਅਦਾਲਤ ਲਗਾਈ ਜਾ ਰਹੀ ਹੈ।

ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ ਰਜਿੰਦਰ ਅਗਰਵਾਲ ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿਚ ਧਾਰਾ 138 ਅਧੀਨ ਐਨ.ਆਈ ਐਕਟ ਦੇ ਮਾਮਲੇ, (ਲੰਬਿਤ ਅਤੇ ਪ੍ਰੀ-ਮੁਕੱਦਮੇਬਾਜ਼ੀ ਬੈਂਕ ਰਿਕਵਰੀ ਕੇਸ ਅਤੇ ਲੇਬਰ ਵਿਵਾਦ ਦੇ ਮਾਮਲੇ), ਐਮ.ਏ.ਸੀ.ਟੀ ਕੇਸ, ਬਿਜਲੀ ਅਤੇ ਪਾਣੀ ਦੇ ਬਿੱਲ (ਗੈਰ-ਕੰਪਾਊਂਡੇਬਲ ਨੂੰ ਛੱਡ ਕੇ), ਵਿਆਹ ਸੰਬੰਧੀ ਝਗੜੇ, ਟਰੈਫਿਕ ਚਲਾਨ, ਮਾਲੀਆ ਕੇਸ ਅਤੇ ਹੋਰ ਸਿਵਲ, ਘੱਟ ਗੰਭੀਰ ਅਪਰਾਧਿਕ ਮਾਮਲੇ, ਕੰਪਾਊਂਡੇਬਲ ਕੇਸ ਅਤੇ ਘਰੇਲੂ ਝਗੜੇ ਆਦਿ ਦੇ ਕੇਸ ਰੱਖੇ ਜਾਣਗੇ। ਇਸ ਲੋਕ ਅਦਾਲਤ ਵਿਚ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਨ ਲਈ ਜੁਡੀਸ਼ੀਅਲ ਅਫ਼ਸਰਾਂ ਵੱਲੋਂ ਅਦਾਲਤਾਂ ਵਿਚ ਪ੍ਰੀ-ਲੋਕ ਅਦਾਲਤਾਂ ਲਗਾਈਆਂ ਜਾ ਰਹੀਆਂ ਹਨ, ਤਾਂ ਜੋ ਜਿਨ੍ਹਾਂ ਲੋਕਾਂ ਦੇ ਕੇਸ ਅਦਾਲਤਾਂ ਵਿਚ ਚੱਲ ਰਹੇ ਹਨ, ਉਨ੍ਹਾਂ ਨੂੰ ਲੋਕ ਅਦਾਲਤ ਦਾ ਲਾਭ ਮਿਲ ਸਕੇ।



ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਵਿਚ 2017-2018 ਤੋਂ ਲੰਬਿਤ ਅਪੀਲਾਂ, ਜਿਨ੍ਹਾਂ ਵਿਚ ਧਿਰਾਂ ਦੇ ਝਗੜੇ ਸਾਲ 2009-2010 ਤੋਂ ਵੱਖ-ਵੱਖ ਅਦਾਲਤਾਂ ਵਿਚ ਲੰਬਿਤ ਸਨ, ਉਨ੍ਹਾਂ ਅਪੀਲਾਂ ਕੇਸਾਂ ਵਿਚ ਵੀ ਧਿਰਾਂ ਦੇ ਝਗੜਿਆਂ ਦਾ ਨਿਪਟਾਰਾ ਆਪਸੀ ਸਹਿਮਤੀ ਨਾਲ ਕਰਵਾਇਆ ਗਿਆ, ਜਿਸ ਨਾਲ ਦੋਵੇਂ ਧਿਰਾਂ ਨੇ ਅਪਣੇ ਆਪ ਨੂੰ ਜੇਤੂ ਸਮਝਿਆ ਅਤੇ ਖ਼ੁਸ਼ੀ-ਖ਼ੁਸ਼ੀ ਝਗੜੇ ਦਾ ਨਿਪਟਾਰਾ ਕੀਤਾ। ਇੰਝ ਹੀ ਹੁਸ਼ਿਆਰਪੁਰ ਜ਼ਿਲ੍ਹੇ ਦੀ ਬਾਕੀ ਅਦਾਲਤਾ ਵੀ ਪ੍ਰੀ-ਲੋਕ ਅਦਾਲਤਾਂ ਲਗਾ ਕੇ ਝਗੜੇ ਰਾਜ਼ੀਨਾਮੇ ਰਾਹੀਂ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਸਾਰੀਆਂ ਧਿਰਾਂ ਜਿਨ੍ਹਾਂ ਦੇ ਦੀਵਾਨੀ ਮੁਕੱਦਮੇ ਜਾਂ ਕ੍ਰਿਮਨਲ ਕੰਮਪਾਉਂਡੇਬਲ ਕੇਸ ਅਦਾਲਤਾ ਵਿਚ ਲੰਬਿਤ ਹਨ, ਉਹ ਆਪਣੇ-ਆਪਣੇ ਕੇਸਾਂ ਦੀ ਦਰਖ਼ਾਸਤ ਸਬੰਧਤ ਅਦਾਲਤ ਨੂੰ ਦੇ ਕੇ ਪ੍ਰੀ-ਲੋਕ ਅਦਾਲਤ ਜਾ ਕੌਮੀ ਲੋਕ ਅਦਾਲਤ ਵਿਚ ਲਗਵਾ ਸਕਦੇ ਹਨ ਅਤੇ ਆਪਣੇ ਝਗੜੇ ਦਾ ਨਿਪਟਾਰਾ ਲੋਕ ਅਦਾਲਤ ਰਾਹੀ ਆਪਸੀ ਸਹਿਮਤੀ ਨਾਲ ਕਰ ਸਕਦੇ ਹਨ।

ਸੀ.ਜੇ.ਐਮ ਕਮ- ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਲੋਕ ਅਦਾਲਤਾਂ ਵਿਚ ਕੇਸ ਲਗਾ ਕੇ ਵੱਧ ਤੋਂ ਵੱਧ ਲਾਭ ਲੈਣ ਕਿਉਂਕਿ ਇਸ ਨਾਲ ਸਮੇਂ ਅਤੇ ਧਨ ਦੀ ਬੱਚਤ ਹੁੰਦੀ ਹੈ। ਲੋਕ ਅਦਾਲਤ ਵਿਚ ਹੋਏ ਫ਼ੈਸਲੇ ਅੰਤਿਮ ਹੁੰਦੇ ਹਨ ਅਤੇ ਲੋਕ ਅਦਾਲਤ ਵਿਚ ਹੋਏ ਫ਼ੈਸਲੇ ਖ਼ਿਲਾਫ਼ ਕੋਈ ਵੀ ਅਪੀਲ ਨਹੀਂ ਹੁੰਦੀ, ਇਸ ਨਾਲ ਦੋਵੇਂ ਧਿਰਾਂ ਵਿਚਕਾਰ ਪਿਆਰ ਵੱਧਦਾ ਹੈ। ਇਸ ਤੋ ਇਲਾਵਾ ਕੋਈ ਵੀ ਵਿਅਕਤੀ ਆਪਣੀ ਕਿਸੇ ਵੀ ਤਰ੍ਹਾਂ ਦੀ ਘਰੇਲੂ ਸਮੱਸਿਆ, ਜਿਸ ਦਾ ਕੇਸ ਅਦਾਲਤ ਵਿੱਚ ਨਾ ਚੱਲਦਾ ਹੋਵੇ, ਉਸ ਨੂੰ ਹੱਲ ਕਰਵਾਉਣ ਲਈ ਵਿਚੋਲਗਿਰੀ ਦੁਆਰਾ ਉਨ੍ਹਾਂ ਦੇ ਦਫ਼ਤਰ ਕਮਰਾ ਨੰਬਰ 58, ਨਿਊ ਜ਼ਿਲ੍ਹਾ ਤੇ ਸੈਸ਼ਨ ਕੋਰਟ ਕੰਪਲੈਕਸ ਦੇ ਮਿਡੀਏਸ਼ਨ ਅਤੇ ਕੰਸੀਲਿਏਸ਼ਨ ਸੈਂਟਰ, ਹੁਸ਼ਿਆਰਪੁਰ ਵਿਚ ਦਰਖਾਸਤ ਦੇ ਸਕਦਾ ਹੈ, ਜਿਸ ਦੇ ਸਬੰਧ ਵਿਚ ਦੋਵੇ ਧਿਰਾਂ ਨੂੰ ਬੁਲਾ ਕੇ, ਸਹਿਮਤੀ ਨਾਲ ਝਗੜੇ ਦਾ ਨਿਪਟਾਰਾ ਕੀਤਾ ਜਾਵੇਗਾ।

## ਅੰਤਰਰਾਸ਼ਟਰੀ ਖਲੀਆਂ ਡੂ (ਆਧੁਨਿਕ ਮਾਰਸ਼ਲ ਆਰਟਸ) ਸੈਮੀਨਾਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਅਧਿਕਾਰੀਆਂ ਨੂੰ

# ਯੂਥ ਖੇਡ ਭਲਾਈ ਬੋਰਡ ਦੇ ਚੇਅਰਮੈਨ ਰਾਜੀਵ ਵਾਲੀਆ ਵੱਲੋਂ ਕੀਤਾ ਗਿਆ ਸਨਮਾਨਿਤ

ਜਲੰਧਰ, (ਦਲਜੀਤ ਅਜਨੋਹਾ) : ਭਾਰਤ ਵਿੱਚ ਮੇਕ ਇਨ ਇੰਡੀਆ 'ਤੇ ਆਧਾਰਿਤ ਆਧੁਨਿਕ ਮਾਰਸ਼ਲ ਆਰਟਸ ਖਲੀਆਂ ਡੂ ਦੇ ਜਨਮਦਾਤਾ, ਵਿਸ਼ਵ ਵਿਜੇਤਾ ਦਲੀਪ ਸਿੰਘ ਰਾਣਾ (ਦ ਗ੍ਰੇਟ ਖਲੀ), ਪ੍ਰਧਾਨ ਖਲੀਆਂ ਡੂ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਜਾਲੰਧਰ ਵਿੱਚ ਇੱਕ ਦਿਵਸੀਅ ਅੰਤਰਰਾਸ਼ਟਰੀ ਖਲੀਆਂ ਡੂ ਰੈਫਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸਦੀ ਦੇਖ-ਰੇਖ ਡਾ. ਪ੍ਰਦੀਪ ਕੁਮਾਰ ਸਿੰਘ, ਪ੍ਰਧਾਨ ਅਤੇ ਟੈਕਨੀਕਲ ਡਾਇਰੈਕਟਰ ਖਲੀਆਂ ਡੂ ਇੰਡੀਆ ਨੇ ਕੀਤੀ।

ਇਸ ਇੱਕ ਦਿਵਸੀਅ ਅੰਤਰਰਾਸ਼ਟਰੀ ਆਨਲਾਈਨ ਅਤੇ ਆਫਲਾਈਨ ਸੈਮੀਨਾਰ ਵਿੱਚ ਅਮਰੀਕਾ, ਆਸਟ ?ਰੇਲੀਆ, ਕੈਨੇਡਾ, ਦੁਬਈ ਸਮੇਤ ਭਾਰਤ ਦੇ ਮਹਾਰਾਸ਼ਟਰ, ਜੰਮੂ-ਕਸ਼ਮੀਰ, ਲੱਦਾਖ, ਉੱਤਰ ਪ੍ਰਦੇਸ਼, ਹਰਿਆਣਾ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼, ਅਸਾਮ, ਦਿੱਲੀ, ਮੱਧ ਪ੍ਰਦੇਸ਼, ਅੰਡਮਾਨ-ਨਿਕੋਬਾਰ ਅਤੇ ਮੇਜ਼ਬਾਨ ਪੰਜਾਬ ਤੋਂ ਤਕਰੀਬਨ 50 ਸੀਨੀਅਰ ਮਾਰਸ਼ਲ ਆਰਟਸ ਟ ?ਰੇਨਰਾਂ ਨੇ ਭਾਗ ਲਿਆ।

ਸੈਮੀਨਾਰ ਵਿੱਚ ਦ ਗ੍ਰੇਟ ਖਲੀ ਦਲੀਪ ਸਿੰਘ ਰਾਣਾ ਅਤੇ ਟੈਕਨੀਕਲ ਅਧਿਕਾਰੀ ਡਾ. ਪ੍ਰਦੀਪ ਕੁਮਾਰ ਸਿੰਘ ਨੇ ਖਲੀਆਂ ਡੂ ਆਧੁਨਿਕ ਮਾਰਸ਼ਲ ਆਰਟਸ ਨਾਲ ਸੰਬੰਧਤ ਫਿਟਨੈੱਸ ਇਵੈਂਟ, ਪੌਇੰਟ ਫਾਈਟ ਲਾਈਟ ਕਾਂਟੈਕਟ ਇਵੈਂਟ ਅਤੇ ਖਲੀ ਰਾ ਰਿੰਗ ਫਾਈਟ ਇਵੈਂਟ ਦੇ ਖੇਡ ਨਿਯਮਾਂ ਅਤੇ ਪ੍ਰਤੀਯੋਗਿਤਾਵਾਂ ਦੇ ਸੰਚਾਲਨ ਲਈ ਜ਼ਰੂਰੀ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ। ਇਸੇ ਦੌਰਾਨ ਟੈਕਨੀਕਲ ਸਕੱਤਰ ਯਾਦਵਿੰਦਰ ਅਤੇ ਨਰਪਿੰਦਰ ਸਿੰਘ ਨੇ ਡੈਮੋਨਸਟ੍ਰੇਸ਼ਨ ਰਾਹੀਂ ਪ੍ਰਸ਼ਿਕਸ਼ਣ ਦਿੱਤਾ।




ਸੈਮੀਨਾਰ ਵਿੱਚ ਉਤਕ੍ਰਿਸ਼ਟ ਪ੍ਰਦਰਸ਼ਨ ਕਰਨ ਵਾਲੇ ਟੈਕਨੀਕਲ ਅਧਿਕਾਰੀਆਂ ਨੂੰ ਐਸੋਸੀਏਸ਼ਨ ਦੇ ਸਰਪ੍ਰਸਤ ਨਰਿੰਦਰ ਪਾਲ ਸਿੰਘ, ਰਾਜੀਵ ਵਾਲੀਆ (ਚੇਅਰਮੈਨ ਯੂਥ ਖੇਡ ਭਲਾਈ ਬੋਰਡ), ਮਹਾਂਸਚਿਵ ਸਚਿਨ ਪਾਠਕ, ਨਾਲ ਹੀ ਬਸ਼ੀਰ ਅਹਿਮਦ, ਸੁਭਾਸ਼ ਮੋਹਿਤੇ, ਮੁਹੰਮਦ ਰਫੀ ਸ਼ੇਖ, ਸੁਨੀਲ ਕੰਬੋਜ, ਰੋਜ਼ੀ ਬਲਵਿੰਦਰ ਕੌਰ, ਬੰਦਨਾ ਸਿੰਘ ਵੱਲੋਂ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਤੇ ਰਾਜੀਵ ਵਾਲੀਆ ਨੇ ਕਿਹਾ ਕਿ ਇਸ ਸੈਮੀਨਾਰ ਵਿੱਚ ਚੁਣੇ ਗਏ ਸੀਨੀਅਰ ਟੈਕਨੀਕਲ ਅਧਿਕਾਰੀ ਆਉਣ ਵਾਲੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖਲੀਆਂ ਡੂ ਪ੍ਰਤੀਯੋਗਿਤਾਵਾਂ ਵਿੱਚ ਆਪਣੀਆਂ ਸੇਵਾਵਾਂ ਦੇਣਗੇ ਅਤੇ ਖਲੀਆਂ ਡੂ ਨੂੰ ਵਿਸ਼ਵ ਪੱਧਰ 'ਤੇ ਲਿਜਾਣ ਲਈ ਪੂਰਾ ਯੋਗਦਾਨ ਪਾਉਣਗੇ।

ਬਸ਼ੀਰ ਅਹਿਮਦ, ਸੁਭਾਸ਼ ਮੋਹਿਤੇ, ਮੁਹੰਮਦ ਰਫੀ, ਯਾਦਵਿੰਦਰ, ਨਰਪਿੰਦਰ ਸਿੰਘ, ਡਾ. ਸੈਲਵਮ, ਵਿਕਾਸ ਕੰਬੋਜ ਅਤੇ ਸੰਤੋਸ਼ ਕੁਮਾਰ ਸਿੰਘ ਨੂੰ ਅੰਤਰਰਾਸ਼ਟਰੀ ਖਲੀਆਂ ਡੂ ਰੈਫਰੀ ਦਾ ਦਰਜਾ ਮਿਲਿਆ।

# ਦਸੂਹਾ ਦੇ ਵਿਧਾਇਕ ਕਰਮਬੀਰ ਸਿੰਘ ਘੁੰਮਣ ਨੇ ਸਾਂਝਾ ਕੀਤਾ ਸ਼ਹਿਰ ਦੇ ਵਿਕਾਸ ਦਾ ਵਿਜ਼ਨ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਦਸੂਹਾ ਦੇ ਵਿਧਾਇਕ ਅਤੇ ਐਡਵੋਕੇਟ ਕਰਮਬੀਰ ਸਿੰਘ ਘੁੰਮਣ ਨੇ ਸ਼ਹਿਰ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀਆਂ ਮਹੱਤਵਪੂਰਨ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਸੀਨੀਅਰ ਪੱਤਰਕਾਰ ਸੰਜੀਵ ਕੁਮਾਰ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਦੱਸਿਆ ਕਿ 50 ਲੱਖ ਰੁਪਏ ਦੀ ਲਾਗਤ ਨਾਲ ਇੱਕ ਜੇਟੀ ਮਸ਼ੀਨ ਨਗਰ ਕਮੇਟੀ ਨੂੰ ਸੌਂਪੀ ਗਈ ਹੈ, ਜੋ ਸੀਵਰੇਜ ਅਤੇ ਵਰਖਾ ਦੇ ਪਾਣੀ ਦੀ ਨਿਕਾਸੀ ਲਈ ਵਰਤੀ ਜਾਵੇਗੀ। ਇਸ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਦਸੂਹਾ ਚੁੰਗੀ ਤੋਂ ਬਲਗਨ ਚੌਕ ਤੱਕ ਦੀ ਸੜਕ ਦਾ ਸੁੰਦਰਤਾ ਕਰਨ ਦਾ ਕੰਮ ਜਲਦ ਹੀ ਸ਼ੁਰੂ ਕੀਤਾ ਜਾਵੇਗਾ। ਇਸ ਹਿੱਸੇ ਵਿੱਚ ਸੁੰਦਰ ਟਾਇਲਾਂ ਨਾਲ ਪੱਕਾ ਪੇਵਵੇ (ਪੈਦਲ ਰਾਹ) ਬਣਾਇਆ ਜਾਵੇਗਾ, ਜੋ ਸ਼ਹਿਰ ਨੂੰ ਖੂਬਸੂਰਤੀ ਦੇ ਨਾਲ-ਨਾਲ ਸੁਵਿਧਾ ਵੀ ਦੇਵੇਗਾ। ਵਿਧਾਇਕ ਘੁੰਮਣ ਨੇ ਇਹ ਵੀ ਦੱਸਿਆ ਕਿ 35 ਲੱਖ ਰੁਪਏ ਦੀ ਲਾਗਤ ਨਾਲ ਐਸ.ਡੀ.ਐਮ. ਚੌਕ ਤੋਂ ਕਿੰਗ ਵਿਰਾਟ ਹੋਟਲ ਤੱਕ ਦੇ ਰਾਸ਼ਟਰੀ ਹਾਈਵੇ 'ਤੇ ਸੁੰਦਰ ਲਾਈਟਾਂ ਲਗਾਈਆਂ ਜਾਣਗੀਆਂ। ਇਸ ਨਾਲ ਰਾਤ ਦੇ ਸਮੇਂ ਆਵਾਜਾਈ ਹੋਰ ਸੁਰੱਖਿਅਤ ਹੋਵੇਗੀ ਅਤੇ ਸ਼ਹਿਰ ਦੀ ਰੌਣਕ ਵੀ ਵਧੇਗੀ।




ਉਨ੍ਹਾਂ ਕਿਹਾ ਕਿ ਦਸੂਹਾ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਇੱਕ ਆਦਰਸ਼ ਸ਼ਹਿਰ ਬਣਾਉਣ ਲਈ ਉਹ ਵਚਨਬੱਧ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਲੋਕ-ਹਿਤੈਸ਼ੀ ਯੋਜਨਾਵਾਂ ਵੀ ਲਾਗੂ ਕੀਤੀਆਂ ਜਾਣਗੀਆਂ।

# ਖ਼ਾਲਸਾ ਕਾਲਜ ਡੁਮੇਲੀ ਵਿਖੇ ਸੱਭਿਆਚਾਰਕ ਪ੍ਰਦਰਸ਼ਨੀ ਲਗਾਈ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਵਿਦਿਅਕ ਅਦਾਰੇ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ ਡੁਮੇਲੀ ਵਿਖੇ ਸੱਭਿਆਚਾਰਕ ਪ੍ਰੋਗਰਾਮ ਦੇ ਮੌਕੇ ਸੱਭਿਆਚਾਰਕ ਪ੍ਰਦਰਸ਼ਨੀ ਲਗਾਈ ਗਈ । ਪ੍ਰਦਰਸ਼ਨੀ ਦੇ ਮੌਕੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਆਪਣੇ ਆਪਣੇ ਘਰਾਂ ਵਿਚੋਂ ਵੱਖ-ਵੱਖ ਪੁਰਾਤਨ ਵਸਤੂਆਂ ਲਿਆਂਦੀਆਂ ਗਈਆਂ, ਜਿਨ੍ਹਾਂ ਵਿੱਚ ਪਿੱਤਲ ਦੇ ਗੜਵੇ, ਪਿੱਤਲ ਦੇ ਗੜਵੀਆਂ, ਪਿੱਤਲ ਦੇ ਗਲਾਸ, ਕੌਲ, ਕੌਲੀਆਂ, ਬਾਟੇ, ਪਤੀਲੇ ਗਾਗਰਾਂ, ਪਰਾਤ, ਛੱਜ, ਛਾਬੇ, ਸਾਗ ਘੋਟਣਾ, ਪੁਰਾਤਨ ਗਹਿਣੇ, ਪਰਾਂਦੇ, ਚੂੜੇ, ਕਲੀਰੇ, ਕਰੋਸ਼ੀਏ ਨਾਲ ਬਣੇ ਰੁਮਾਲ,ਪੱਖੀਆਂ, ਪੁਰਾਣੀ ਕਢਾਈ ਦੀਆਂ ਚਾਦਰਾਂ, ਫੁਲਕਾਰੀਆਂ ਆਦਿ ਦੀ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ ਅੰਗਰੇਜ਼ੀ ਵਿਭਾਗ ਦੇ ਮੁਖੀ ਮੈਡਮ ਤਰਮਨਦੀਪ ਕੌਰ ਵੱਲੋਂ ਕਿਹਾ ਗਿਆ ਕਿ ਪੰਜਾਬ ਆਪਣੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਰਵਾਇਤੀ ਸਮਾਨ ਲਈ ਜਾਣਿਆ ਜਾਂਦਾ ਹੈ ਅਤੇ ਅੱਜ-ਕੱਲ੍ਹ ਦੀ ਨੌਜਵਾਨ ਪੀੜ੍ਹੀ ਨੂੰ ਇਸ ਬਾਰੇ ਗਿਆਨ ਹੋਣਾ ਚਾਹੀਦਾ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਗੁਰਨਾਮ ਸਿੰਘ ਰਸੂਲਪੁਰ ਜੀ ਵਲੋਂ ਵਿਦਿਆਰਥੀਆਂ ਨੂੰ ਆਪਣੇ ਅਮੀਰ ਸੱਭਿਆਚਾਰਕ ਅਤੇ ਵਿਰਾਸਤ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਕਾਲਜ ਦੇ ਵਿਦਿਆਰਥੀ ਅਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।



# ਗਣੇਸ਼ ਚਤੁਰਥੀ: ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਲਈ ਸਿੱਖਣ ਦਾ ਤਿਉਹਾਰ





ਗਣੇਸ਼ ਚਤੁਰਥੀ ਭਗਵਾਨ ਗਣੇਸ਼, ਬੁੱਧੀ ਦੇ ਦੇਵਤਾ ਅਤੇ ਰੁਕਾਵਟਾਂ ਨੂੰ ਦੂਰ ਕਰਨ ਵਾਲੇ, ਦਾ ਜਸ਼ਨ ਮਨਾਉਣ ਵਾਲਾ ਇੱਕ ਪ੍ਰਮੁੱਖ ਤਿਉਹਾਰ ਹੈ। ਬੱਚਿਆਂ ਲਈ, ਇਹ ਗਿਆਨ, ਸ਼ਰਧਾ ਅਤੇ ਸਾਂਝ ਵਰਗੀਆਂ ਕਦਰਾਂ-ਕੀਮਤਾਂ ਸਿਖਾਉਂਦਾ ਹੈ। ਇਹ ਤਿਉਹਾਰ ਮੂਰਤੀਆਂ ਬਣਾਉਣ, ਸਜਾਵਟ ਕਰਨ ਅਤੇ ਮਠਿਆਈਆਂ ਦਾ ਆਨੰਦ ਲੈਣ ਵਰਗੀਆਂ ਮਨੋਰੰਜਕ ਗਤੀਵਿਧੀਆਂ ਨਾਲ ਭਰਪੂਰ ਹੁੰਦਾ ਹੈ। ਇਹ ਬੱਚਿਆਂ ਨੂੰ ਖੁਸ਼ੀ ਅਤੇ ਰਚਨਾਤਮਕਤਾ ਦੇ ਨਾਲ ਸੱਭਿਆਚਾਰ ਸਿੱਖਣ ਵਿੱਚ ਮਦਦ ਕਰਦਾ ਹੈ।

**ਗਣੇਸ਼ ਚਤੁਰਥੀ 2025 ਦੀ ਮਿਤੀ**

ਗਣੇਸ਼ ਚਤੁਰਥੀ, ਜਿਸਨੂੰ ਵਿਨਾਇਕ ਚਤੁਰਥੀ ਵੀ ਕਿਹਾ ਜਾਂਦਾ ਹੈ, ਭਾਰਤ ਦੇ ਸਭ ਤੋਂ ਵੱਧ ਮਨਾਏ ਜਾਣ ਵਾਲੇ ਤਿਉਹਾਰਾਂ ਵਿੱਚੋਂ ਇੱਕ ਹੈ। ਸਾਲ 2025 ਵਿੱਚ, ਇਹ ਸ਼ੁਭ ਮੌਕਾ ਬੁੱਧਵਾਰ, 27 ਅਗਸਤ ਨੂੰ ਆਇਆ। ਰਵਾਇਤੀ ਤੌਰ ‘ਤੇ, ਇਹ ਤਿਉਹਾਰ ਭਗਵਾਨ ਗਣੇਸ਼ - ਬੁੱਧੀ, ਗਿਆਨ ਅਤੇ ਖੁਸ਼ਹਾਲੀ ਦੇ ਦੇਵਤਾ - ਦੇ ਜਨਮ ਦਿਨ ਵਜੋਂ ਮਨਾਇਆ ਜਾਂਦਾ ਹੈ। ਵਿਦਿਆਰਥੀਆਂ ਦੀ ਨਵੀਂ ਪੀੜ੍ਹੀ ਲਈ, ਗਣੇਸ਼ ਚਤੁਰਥੀ ਸਿਰਫ਼ ਇੱਕ ਧਾਰਮਿਕ ਜਸ਼ਨ ਤੋਂ ਵੱਧ ਹੈ; ਇਹ ਸਿੱਖਣ, ਵਿਕਾਸ ਕਰਨ ਅਤੇ ਉਨ੍ਹਾਂ ਕਦਰਾਂ-ਕੀਮਤਾਂ ਨੂੰ ਅਪਣਾਉਣ ਦਾ ਇੱਕ ਮੌਕਾ ਹੈ ਜੋ ਚਰਿੱਤਰ ਅਤੇ ਬੁੱਧੀ ਨੂੰ ਆਕਾਰ ਦਿੰਦੀਆਂ ਹਨ।

**ਗਣੇਸ਼ ਚਤੁਰਥੀ 10 ਦਿਨਾਂ ਲਈ ਕਿਉਂ ਮਨਾਈ ਜਾਂਦੀ ਹੈ ?**

ਭਾਰਤ ਦੇ ਸਭ ਤੋਂ ਰੰਗੀਨ ਤਿਉਹਾਰਾਂ ਵਿੱਚੋਂ ਇੱਕ, ਗਣੇਸ਼ ਚਤੁਰਥੀ, ਭਗਵਾਨ ਗਣੇਸ਼ ਨੂੰ ਸਮਰਪਿਤ ਹੈ। ਹਾਲਾਂਕਿ ਜਸ਼ਨ ਬਹੁਤ ਖੁਸ਼ੀ ਅਤੇ ਸ਼ਰਧਾ ਨਾਲ ਮਨਾਏ ਜਾਂਦੇ ਹਨ, ਇੱਕ ਆਮ ਸਵਾਲ ਉੱਠਦਾ ਹੈ: ਗਣੇਸ਼ ਚਤੁਰਥੀ 10 ਦਿਨਾਂ ਦੀ ਮਿਆਦ ਲਈ ਕਿਉਂ ਮਨਾਈ ਜਾਂਦੀ ਹੈ ? ਇਸਦੇ ਕਈ ਕਾਰਨ ਹਨ:

**ਪੌਰਾਣਿਕ ਮਹੱਤਵ:** ਹਿੰਦੂ ਗ੍ਰੰਥਾਂ ਅਨੁਸਾਰ, ਭਗਵਾਨ ਗਣੇਸ਼ ਦੀ ਰਚਨਾ ਦੇਵੀ ਪਾਰਵਤੀ ਦੁਆਰਾ ਕੀਤੀ ਗਈ ਸੀ ਅਤੇ ਭਗਵਾਨ ਸ਼ਿਵ ਦੁਆਰਾ ਉਨ੍ਹਾਂ ਨੂੰ ਸਾਰੇ ਰੀਤੀ-ਰਿਵਾਜਾਂ ਵਿੱਚ ਸਭ ਤੋਂ ਪਹਿਲਾਂ ਪੂਜੇ ਜਾਣ ਦਾ ਵਰਦਾਨ ਦਿੱਤਾ ਗਿਆ ਸੀ। 10 ਦਿਨਾਂ ਦਾ ਜਸ਼ਨ ਕਿਸੇ ਵੀ ਨਵੇਂ ਕੰਮ ਦੀ ਸ਼ੁਰੂਆਤ ਤੋਂ ਪਹਿਲਾਂ ਗਣੇਸ਼ ਜੀ ਦਾ ਸਨਮਾਨ ਕਰਨ ਨੂੰ ਦਰਸਾਉਂਦਾ ਹੈ।

**ਹਿੰਦੂ ਕੈਲੰਡਰ ਅਨੁਸਾਰ:** ਇਹ ਤਿਉਹਾਰ ਭਾਦਰਪਦ ਮਹੀਨੇ ਦੀ ਚਤੁਰਥੀ ਤਿਥੀ (ਚੌਥੇ ਦਿਨ) ਨੂੰ ਸ਼ੁਰੂ ਹੁੰਦਾ ਹੈ ਅਤੇ ਅਨੰਤ ਚਤੁਰਦਸ਼ੀ (14ਵੇਂ ਦਿਨ) ਨੂੰ ਸਮਾਪਤ ਹੁੰਦਾ ਹੈ, ਜਿਸ ਨਾਲ ਇਹ 10 ਦਿਨਾਂ ਦਾ ਤਿਉਹਾਰ ਬਣ ਜਾਂਦਾ ਹੈ।

**ਗਣੇਸ਼ ਜੀ ਦੇ 10 ਅਵਤਾਰਾਂ ਦਾ ਪ੍ਰਤੀਕ:** ਕੁਝ ਪ੍ਰੰਪਰਾਵਾਂ ਦਾ ਮੰਨਣਾ ਹੈ ਕਿ 10 ਦਿਨ ਭਗਵਾਨ ਗਣੇਸ਼ ਦੇ 10 ਰੂਪਾਂ ਦਾ ਪ੍ਰਤੀਕ ਹਨ, ਹਰ ਇੱਕ ਜੀਵਨ ਦੇ ਵੱਖ-ਵੱਖ ਪਹਿਲੂਆਂ ਜਿਵੇਂ ਕਿ ਬੁੱਧੀ, ਖੁਸ਼ਹਾਲੀ ਅਤੇ ਰੁਕਾਵਟਾਂ ਨੂੰ ਦੂਰ ਕਰਨ ਵਾਲੇ ਨੂੰ ਦਰਸਾਉਂਦਾ ਹੈ।

**ਭਾਈਚਾਰਕ ਇਕੱਠ ਦਾ ਸਮਾਂ:** ਇਤਿਹਾਸਕ ਤੌਰ ’ਤੇ, ਆਜ਼ਾਦੀ ਦੀ ਲਹਿਰ ਦੌਰਾਨ, ਬਾਲ ਗੰਗਾਧਰ ਤਿਲਕ ਨੇ ਲੋਕਾਂ ਨੂੰ ਸਮਾਜਿਕ ਅਤੇ ਸੱਭਿਆਚਾਰਕ ਤੌਰ ‘ਤੇ ਇਕਜੁੱਟ ਕਰਨ ਲਈ 10 ਦਿਨਾਂ ਦੇ ਜਨਤਕ ਜਸ਼ਨ ਨੂੰ ਪ੍ਰਸਿੱਧ ਕੀਤਾ।

**ਗਿਆਨ ਅਤੇ ਸਿੱਖਿਆ ਦਾ ਪ੍ਰਤੀਕ:** ਹਿੰਦੂ ਧਰਮ ਵਿੱਚ 10 ਨੰਬਰ ਸੰਪੂਰਨਤਾ ਨੂੰ ਦਰਸਾਉਂਦਾ ਹੈ (ਜਿਵੇਂ 10 ਦਿਸ਼ਾਵਾਂ, 10 ਅਵਤਾਰ)। ਇਹ ਗਿਆਨ ਅਤੇ ਬੁੱਧੀ ਦੀ ਸੰਪੂਰਨਤਾ ਨੂੰ ਦਰਸਾਉਂਦਾ ਹੈ, ਜਿਸਦਾ ਪ੍ਰਤੀਕ ਭਗਵਾਨ ਗਣੇਸ਼ ਹਨ।

**ਜੋਤਿਸ਼ ਅਤੇ ਰੀਤੀ-ਰਿਵਾਜਾਂ ਦੇ ਕਾਰਨ:** 10 ਦਿਨਾਂ ਦੀ ਮਿਆਦ ਨੂੰ ਹਿੰਦੂ ਜੋਤਿਸ਼ ਵਿੱਚ ਪੂਜਾ ਅਤੇ ਨਵੀਂ ਸ਼ੁਰੂਆਤ ਲਈ ਬਹੁਤ ਸ਼ੁਭ ਮੰਨਿਆ ਜਾਂਦਾ ਹੈ।

**ਸੱਭਿਆਚਾਰਕ ਪ੍ਰੋਗਰਾਮਾਂ ਦਾ ਸਮਾਂ:** ਰਵਾਇਤੀ ਤੌਰ ‘ਤੇ, ਇਨ੍ਹਾਂ 10 ਦਿਨਾਂ ਵਿੱਚ ਕਲਾ, ਸੰਗੀਤ, ਨਾਚ ਅਤੇ ਸਮਾਜਿਕ ਜਾਗਰੂਕਤਾ ਪ੍ਰੋਗਰਾਮ ਸ਼ਾਮਲ ਹੁੰਦੇ ਹਨ, ਜੋ ਤਿਉਹਾਰ ਨੂੰ ਇੱਕ ਵਿਦਿਅਕ ਅਤੇ ਸੱਭਿਆਚਾਰਕ ਮੰਚ ਬਣਾਉਂਦੇ ਹਨ।

**ਵਾਤਾਵਰਣ-ਅਧਿਆਤਮਿਕ ਅਭਿਆਸ:** 10 ਦਿਨਾਂ ਦੀ ਪੂਜਾ ਕੁਦਰਤ ਦਾ ਸਤਿਕਾਰ ਕਰਨ ‘ਤੇ ਜ਼ੋਰ ਦਿੰਦੀ ਹੈ, ਕਿਉਂਕਿ ਬਹੁਤ ਸਾਰੇ ਰੀਤੀ-ਰਿਵਾਜਾਂ ਵਿੱਚ ਫੁੱਲਾਂ, ਪੱਤਿਆਂ ਅਤੇ ਮਿੱਟੀ ਵਰਗੀਆਂ ਕੁਦਰਤੀ ਚੀਜ਼ਾਂ ਦੀ ਵਰਤੋਂ ਸ਼ਾਮਲ ਹੁੰਦੀ ਹੈ।

**ਵਿਸਰਜਨ ਨਾਲ ਸਮਾਪਤੀ:** ਤਿਉਹਾਰ ਅਨੰਤ ਚਤੁਰਦਸ਼ੀ ਨੂੰ ਮੂਰਤੀ ਦੇ ਵਿਸਰਜਨ (ਜਲ ਪ੍ਰਵਾਹ) ਨਾਲ ਸਮਾਪਤ ਹੁੰਦਾ ਹੈ, ਜੋ ਹਿੰਦੂ ਦਰਸ਼ਨ ਵਿੱਚ ਜੀਵਨ ਦੇ ਬਣਨ ਅਤੇ ਵਿਨਾਸ਼ ਦੇ ਚੱਕਰ ਦਾ ਪ੍ਰਤੀਕ ਹੈ।

**ਨਵੀਂ ਪੀੜ੍ਹੀ ਲਈ ਗਣੇਸ਼ ਚਤੁਰਥੀ ਦਾ ਮਹੱਤਵ**

ਅੱਜ ਦੇ ਤਕਨਾਲੋਜੀ-ਸੰਚਾਲਿਤ ਯੁੱਗ ਵਿੱਚ, ਗਣੇਸ਼ ਚਤੁਰਥੀ ਬੱਚਿਆਂ ਲਈ ਖਾਸ ਮਹੱਤਵ ਰੱਖਦੀ ਹੈ ਕਿਉਂਕਿ ਇਹ ਉਨ੍ਹਾਂ ਨੂੰ ਮਹੱਤਵਪੂਰਨ ਕਦਰਾਂ-ਕੀਮਤਾਂ ਸਿਖਾਉਂਦੀ ਹੈ।

**ਬੁੱਧੀ ਅਤੇ ਸਫਲਤਾ ਦੇ ਪ੍ਰੇਰਕ:** ਗਣੇਸ਼ ਜੀ ਨੂੰ “ਵਿਘਨਹਰਤਾ” (ਰੁਕਾਵਟਾਂ ਨੂੰ ਦੂਰ ਕਰਨ ਵਾਲੇ) ਅਤੇ “ਬੁੱਧੀ ਕੇ ਦੇਵਤਾ” (ਬੁੱਧੀ ਦੇ ਦੇਵਤਾ) ਕਿਹਾ ਜਾਂਦਾ ਹੈ। ਬੱਚਿਆਂ ਲਈ, ਇਸਦਾ ਮਤਲਬ ਹੈ ਕਿ ਗਣੇਸ਼ ਜੀ ਦੀ ਪੂਜਾ ਕਰਨ ਨਾਲ ਉਨ੍ਹਾਂ ਨੂੰ ਪੜ੍ਹਾਈ ਵਿੱਚ ਚੰਗਾ ਪ੍ਰਦਰਸ਼ਨ ਕਰਨ, ਧਿਆਨ ਕੇਂਦਰਿਤ ਕਰਨ ਅਤੇ ਮੁਸ਼ਕਲਾਂ ‘ਤੇ ਕਾਬੂ ਪਾਉਣ ਵਿੱਚ ਮਦਦ ਮਿਲਦੀ ਹੈ।

**ਕਦਰਾਂ-ਕੀਮਤਾਂ ਦੀ ਸਿੱਖਿਆ:** ਬੱਚੇ ਸਫ਼ਾਈ, ਸਾਂਝਾ ਕਰਨ ਅਤੇ ਪਰੰਪਰਾਵਾਂ ਦਾ ਸਤਿਕਾਰ ਕਰਨ ਵਰਗੀਆਂ ਕਦਰਾਂ-ਕੀਮਤਾਂ ਸਿੱਖਦੇ ਹਨ। ਵਾਤਾਵਰਣ-ਪੱਖੀ ਮੂਰਤੀਆਂ ਬਣਾਉਣਾ ਅਤੇ ਸਜਾਵਟ ਵਿੱਚ ਮਾਪਿਆਂ ਦੀ ਮਦਦ ਕਰਨਾ ਉਨ੍ਹਾਂ ਵਿੱਚ ਰਚਨਾਤਮਕਤਾ ਅਤੇ ਜ਼ਿੰਮੇਵਾਰੀ ਪੈਦਾ ਕਰਦਾ ਹੈ।

**ਪ੍ਰੇਰਣਾਦਾਇਕ ਕਹਾਣੀਆਂ:** ਬੱਚੇ ਮਜ਼ੇਦਾਰ ਅਤੇ ਪ੍ਰੇਰਣਾਦਾਇਕ ਕਹਾਣੀਆਂ ਸੁਣਦੇ ਹਨ, ਜਿਵੇਂ ਕਿ ਗਣੇਸ਼ ਜੀ ਨੂੰ ਹਾਥੀ ਦਾ ਸਿਰ ਕਿਵੇਂ ਮਿਲਿਆ ਅਤੇ ਉਨ੍ਹਾਂ ਨੂੰ ਮਹਾਭਾਰਤ ਦਾ ਲੇਖਕ ਕਿਉਂ ਕਿਹਾ ਜਾਂਦਾ ਹੈ। ਇਹ ਕਹਾਣੀਆਂ ਆਗਿਆਕਾਰੀ, ਬੁੱਧੀ ਅਤੇ ਨਿਮਰਤਾ ਦੇ ਸਬਕ ਸਿਖਾਉਂਦੀਆਂ ਹਨ।

**ਭਾਈਚਾਰਕ ਏਕਤਾ:** ਤਿਉਹਾਰ ਵਿੱਚ ਸੰਗੀਤ, ਨਾਚ, ਮੋਦਕ ਅਤੇ ਸਜਾਵਟ ਸ਼ਾਮਲ ਹੁੰਦੇ ਹਨ, ਜੋ ਬੱਚਿਆਂ ਨੂੰ ਉਤਸ਼ਾਹਿਤ ਅਤੇ ਖੁਸ਼ ਕਰਦੇ ਹਨ। ਇਹ ਉਨ੍ਹਾਂ ਨੂੰ ਭਾਈਚਾਰੇ ਅਤੇ ਟੀਮ ਵਰਕ ਦੀ ਮਹੱਤਤਾ ਸਿਖਾਉਂਦਾ ਹੈ, ਕਿਉਂਕਿ ਪਰਿਵਾਰ ਅਤੇ ਗੁਆਂਢ ਇਕੱਠੇ ਮਨਾਉਂਦੇ ਹਨ।

**ਸੱਭਿਆਚਾਰ ਨਾਲ ਜੁੜਾਅ:** ਇਹ ਤਿਉਹਾਰ ਬੱਚਿਆਂ ਨੂੰ ਛੋਟੀ ਉਮਰ ਵਿੱਚ ਵਿਸ਼ਵਾਸ, ਸ਼ਰਧਾ ਅਤੇ ਸ਼ੁਕਰਗੁਜ਼ਾਰੀ ਦੀ ਮਹੱਤਤਾ ਸਿਖਾਉਂਦਾ ਹੈ ਅਤੇ ਉਨ੍ਹਾਂ ਨੂੰ ਭਾਰਤੀ ਸੱਭਿਆਚਾਰ ਅਤੇ ਪਰੰਪਰਾਵਾਂ ਨਾਲ ਇੱਕ ਖੁਸ਼ਹਾਲ ਤਰੀਕੇ ਨਾਲ ਜੋੜਨ ਵਿੱਚ ਮਦਦ ਕਰਦਾ ਹੈ।

## ਜੇ ਸਾੜਿਆ ਝੰਡਾ ਤਾਂ ਹੋਵੇਗੀ ਸਖਤ ਕਾਰਵਾਈ : ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਇੱਕ ਕਾਰਜਕਾਰੀ ਆਦੇਸ਼ ’ਤੇ ਦਸਤਖਤ ਕੀਤੇ ਜਿਸ ’ਚ ਨਿਆਂ ਵਿਭਾਗ ਨੂੰ ਅਮਰੀਕੀ ਝੰਡਾ ਸਾੜਨ ਵਾਲੇ ਲੋਕਾਂ ਦੀ ਜਾਂਚ ਕਰਨ ਅਤੇ ਉਨ੍ਹਾਂ ’ਤੇ ਮੁਕੱਦਮਾ ਚਲਾਉਣ ਦਾ ਨਿਰਦੇਸ਼ ਦਿੱਤਾ ਗਿਆ। ਹਾਲਾਂਕਿ, ਅਮਰੀਕੀ ਸੁਪਰੀਮ ਕੋਰਟ ਨੇ ਝੰਡਾ ਸਾੜਨ ਨੂੰ ਸੰਵਿਧਾਨ ਦੁਆਰਾ ਸੁਰੱਖਿਅਤ ਇੱਕ ਜਾਇਜ਼ ਰਾਜਨੀਤਿਕ ਪ੍ਰਗਟਾਵਾ ਮੰਨਿਆ ਹੈ। ‘ਓਵਲ ਆਫਿਸ’ (ਰਾਸ਼ਟਰਪਤੀ ਦਫਤਰ) ’ਚ ਦਸਤਖਤ ਕੀਤੇ ਗਏ ਇਸ ਆਦੇਸ਼ ਨੇ 1989 ’ਚ ਟੈਕਸਾਸ ਨਾਲ ਸਬੰਧਤ ਇੱਕ ਮਾਮਲੇ ’ਚ ਸੁਪਰੀਮ ਕੋਰਟ ਦੇ ਫੈਸਲੇ ਨੂੰ ਸਵੀਕਾਰ ਕਰ ਲਿਆ ਹੈ, ਪਰ ਇਹ ਵੀ ਕਿਹਾ ਗਿਆ ਹੈ ਕਿ ਅਜਿਹੇ ਮਾਮਲਿਆਂ ਵਿੱਚ ਮੁਕੱਦਮਾ ਚਲਾਉਣ ਦੀ ਗੁੰਜਾਇਸ਼ ਬਣੀ ਹੋਈ ਹੈ, ਖਾਸ ਕਰਕੇ ਜਦੋਂ ਝੰਡਾ ਸਾੜਨ ਨਾਲ ‘ਕਾਨੂੰਨ ਤੋੜਨ ਦੀ ਸੰਭਾਵਨਾ’ ਹੁੰਦੀ ਹੈ ਜਾਂ ਇਸਨੂੰ ‘ਭੜਕਾਊ ਸ਼ਬਦਾਂ’ ਦੇ ਬਰਾਬਰ ਮੰਨਿਆ ਜਾਂਦਾ ਹੈ। ਅਮਰੀਕੀ ਸੁਪਰੀਮ ਕੋਰਟ ਨੇ ਚਾਰ ਦੇ ਮੁਕਾਬਲੇ ਪੰਜ ਦੇ ਬਹੁਮਤ ਨਾਲ ਫੈਸਲਾ ਸੁਣਾਇਆ ਸੀ ਕਿ (ਸੰਵਿਧਾਨ ਦਾ) ਪਹਿਲਾ ਸੋਧ ਅਮਰੀਕੀ ਝੰਡੇ ਨੂੰ ਇੱਕ ਜਾਇਜ਼ ਰਾਜਨੀਤਿਕ ਪ੍ਰਗਟਾਵਾ ਵਜੋਂ ਸਾੜਨ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਹਾਲਾਂਕਿ, ਰਾਸ਼ਟਰਪਤੀ ਨੇ ਇਸ ਫੈਸਲੇ ਨੂੰ ਮੰਦਭਾਗਾ ਕਿਹਾ।



ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਅਮਰੀਕੀ ਝੰਡਾ ਸਾੜਨ ਨਾਲ ‘ਦੰਗੇ ਭੜਕ ਸਕਦੇ ਹਨ ਜਿਵੇਂ ਅਸੀਂ ਪਹਿਲਾਂ ਕਦੇ ਨਹੀਂ ਦੇਖਿਆ।’ ਰਾਸ਼ਟਰਪਤੀ ਦੁਆਰਾ ਦਸਤਖਤ ਕੀਤੇ ਗਏ ਕਾਰਜਕਾਰੀ ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਅਮਰੀਕੀ ਝੰਡੇ ਦਾ ਅਪਮਾਨ ਕਰਨਾ ਇੱਕ ‘ਬਹੁਤ ਹੀ ਅਪਮਾਨਜਨਕ ਅਤੇ ਭੜਕਾਊ’ ਕਾਰਵਾਈ ਹੈ। ਇਹ ਸਾਡੇ ਰਾਸ਼ਟਰ ਪ੍ਰਤੀ ਅਪਮਾਨ, ਦੁਸ਼ਮਣੀ ਅਤੇ ਹਿੰਸਾ ਦਾ ਪ੍ਰਤੀਕ ਹੈ ਅਤੇ ਇਹ ਅਮਰੀਕਾ ਦੇ ਮੁੱਲਾਂ ਅਤੇ ਆਜ਼ਾਦੀ ਦੇ ਵਿਰੋਧ ਨੂੰ ਦਰਸਾਉਂਦਾ ਹੈ। ਆਦੇਸ਼ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਜਿਹੇ ਕੰਮ ਹਿੰਸਾ ਅਤੇ ਦੰਗੇ ਭੜਕਾਉਣ ਦੀ ਸੰਭਾਵਨਾ ਰੱਖਦੇ ਹਨ। ਆਦੇਸ਼ ਵਿੱਚ ਅਟਾਰਨੀ ਜਨਰਲ ਨੂੰ ਝੰਡਾ ਸਾੜਨ ਵਰਗੇ ਮਾਮਲਿਆਂ ਵਿੱਚ ‘ਜਿੱਥੋਂ ਤੱਕ ਸੰਭਵ ਹੋ ਸਕੇ’ ਅਪਰਾਧਿਕ ਅਤੇ ਸਿਵਲ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਅਪੀਲ ਕੀਤੀ ਗਈ ਹੈ। ਟਰੰਪ ਨੇ ਕਿਹਾ ਕਿ ਝੰਡਾ ਸਾੜਨ ਦੇ ਦੋਸ਼ੀ ਵਿਅਕਤੀ ਨੂੰ ਇੱਕ ਸਾਲ ਤੱਕ ਦੀ ਕੈਦ ਹੋਣੀ ਚਾਹੀਦੀ ਹੈ ਅਤੇ ਜਲਦੀ ਰਿਹਾਈ ਦਾ ਕੋਈ ਵਿਕਲਪ ਨਹੀਂ ਹੋਣਾ ਚਾਹੀਦਾ। ਆਦੇਸ਼ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਕੋਈ ਵਿਦੇਸ਼ੀ ਨਾਗਰਿਕ ਝੰਡਾ ਸਾੜਦਾ ਹੈ, ਤਾਂ ਉਸਦਾ ਵੀਜ਼ਾ, ਰਿਹਾਇਸ਼ੀ ਪਰਮਿਟ, ਨਾਗਰਿਕਤਾ ਪ੍ਰਕਿਰਿਆ ਅਤੇ ਹੋਰ ਇਮੀਗ੍ਰੇਸ਼ਨ ਲਾਭ ਰੱਦ ਕੀਤੇ ਜਾ ਸਕਦੇ ਹਨ। ਉਨ੍ਹਾਂ ਨੂੰ ਦੇਸ਼ ਤੋਂ ਵੀ ਕੱਢਿਆ ਜਾ ਸਕਦਾ ਹੈ।

## ਟਰੰਪ ਦੇ ਬਿਆਨਾਂ ਨੂੰ ਗੰਭੀਰਤਾ ਨਾਲ ਲਵੇ ਭਾਰਤ : ਨਿੱਕੀ ਹੇਲੀ

ਵਾਸ਼ਿੰਗਟਨ : ਅਮਰੀਕਾ ਵਿੱਚ ਰਿਪਬਲਿਕਨ ਪਾਰਟੀ ਦੀ ਨੇਤਾ ਨਿੱਕੀ ਹੇਲੀ ਨੇ ਕਿਹਾ ਕਿ ਭਾਰਤ ਨੂੰ ਰੂਸੀ ਤੇਲ ਬਾਰੇ ਟਰੰਪ ਦੇ ਵਿਚਾਰਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਹੇਲੀ ਨੇ ਇਹ ਵੀ ਕਿਹਾ ਕਿ ਭਾਰਤ ਨੂੰ ਹੱਲ ਲੱਭਣ ਲਈ ਵ੍ਹਾਈਟ ਹਾਊਸ ਨਾਲ ਕੰਮ ਕਰਨਾ ਚਾਹੀਦਾ ਹੈ। ਹੇਲੀ ਨੇ ਸੋਸ਼ਲ ਮੀਡੀਆ ’ਤੇ ਸਾਂਝੀ ਕੀਤੀ ਇਕ ਪੋਸਟ ਵਿੱਚ ਕਿਹਾ, ‘ਵਪਾਰਕ ਅੰਤਰ ਅਤੇ ਰੂਸੀ ਤੇਲ ਆਯਾਤ ਵਰਗੇ ਮੁੱਦਿਆਂ ਨਾਲ ਨਜਿੱਠਣ ਲਈ ਸਖ਼ਤ ਗੱਲਬਾਤ ਦੀ ਲੋੜ ਹੈ।’ ਉਨ੍ਹਾਂ ਐਕਸ ’ਤੇ ਇਕ ਲੇਖ ਸਾਂਝਾ ਕੀਤਾ, ਜੋ ਉਨ੍ਹਾਂ ਉਸ ਸਮੇਂ ਲਿਖਿਆ ਸੀ, ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਭਾਰਤੀ ਸਾਮਾਨਾਂ ’ਤੇ 50 ਪ੍ਰਤੀਸ਼ਤ ਡਿਊਟੀ ਲਗਾਉਣ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਤਣਾਅ ਸੀ। ਟੈਰਿਫ਼ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਦੇ ਵਿਚਕਾਰ ਹੇਲੀ ਨੂੰ ਭਾਰਤ ਦਾ ਪੱਖ ਲੈਣ ਲਈ ਆਪਣੀ ਪਾਰਟੀ ਦੇ ਅੰਦਰ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਪਣੇ ਲੇਖ ਵਿੱਚ ਹੇਲੀ ਨੇ ਕਿਹਾ, ‘ਭਾਰਤ ਰੂਸ ਤੋਂ ਬਹੁਤ ਸਾਰਾ ਤੇਲ ਖਰੀਦ ਰਿਹਾ ਹੈ, ਜਿਸ ਲਈ ਟਰੰਪ ਸਾਨੂੰ ਨਿਸ਼ਾਨਾ ਬਣਾ ਰਹੇ ਹਨ, ਜੋ ਕਿ ਸਹੀ ਹੈ। ਇਹ ਵਲਾਦੀਮੀਰ ਪੁਤਿਨ ਨੂੰ ਯੂਕ੍ਰੇਨ ਵਿਰੁੱਧ ਆਪਣੀ ਜੰਗ ਲਈ ਫੰਡ ਇਕੱਠਾ ਕਰਨ ਵਿੱਚ ਮਦਦ ਕਰ ਰਿਹਾ ਹੈ।’ ਹਾਲਾਂਕਿ, ਹੇਲੀ ਨੇ ਇਹ ਵੀ ਕਿਹਾ ਕਿ ਭਾਰਤ ਨੂੰ ‘ਇੱਕ ਮਹੱਤਵਪੂਰਨ ਸੁਤੰਤਰ ਅਤੇ ਲੋਕਤੰਤਰੀ ਭਾਈਵਾਲ ਵਜੋਂ ਮੰਨਿਆ ਜਾਣਾ ਚਾਹੀਦਾ ਹੈ, ਨਾ ਕਿ ਚੀਨ ਵਾਂਗ ਵਿਰੋਧੀ।’ ਹੇਲੀ ਨੇ ਦੁਨੀਆ ਦੇ ਦੋ ਸਭ ਤੋਂ ਵੱਡੇ ਲੋਕਤੰਤਰ, ਭਾਰਤ ਅਤੇ ਅਮਰੀਕਾ ਵਿਚਕਾਰ ਦਹਾਕਿਆਂ ਪੁਰਾਣੀ ‘ਦੋਸਤੀ ਅਤੇ ਸਦਭਾਵਨਾ’ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ, ‘ਇਹ ਮੌਜੂਦਾ ਉਥਲ-ਪੁਥਲ ਤੋਂ ਅੱਗੇ ਵਧਣ ਲਈ ਇੱਕ ਠੋਸ ਨੀਂਹ ਪ੍ਰਦਾਨ ਕਰਦਾ ਹੈ। ਹੇਲੀ ਨੇ ਕਿਹਾ ਕਿ ਅਮਰੀਕਾ ਅਤੇ ਭਾਰਤ ਨੂੰ ‘ਸਭ ਤੋਂ ਮਹੱਤਵਪੂਰਨ ਚੀਜ਼, ਯਾਨੀ ਸਾਡੇ ਸਾਂਝੇ ਟੀਚਿਆਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਚੀਨ ਦਾ ਸਾਹਮਣਾ ਕਰਨ ਲਈ ਅਮਰੀਕਾ ਦੀ ਭਾਰਤ ਨਾਲ ਦੋਸਤੀ ਹੋਣੀ ਚਾਹੀਦੀ ਹੈ।’ ਹੇਲੀ ਨੇ ਆਪਣੇ ਲੇਖ ਵਿੱਚ ਕਿਹਾ, ’ਇਕੱਲੇ ਭਾਰਤ ਕੋਲ ਚੀਨ ਵਰਗੇ ਪੈਮਾਨੇ ’ਤੇ ਉਤਪਾਦਾਂ ਦਾ ਨਿਰਮਾਣ ਕਰਨ ਦੀ ਸਮਰੱਥਾ ਹੈ, ਜਿਸ ਦਾ ਉਤਪਾਦਨ ਇੱਥੇ (ਅਮਰੀਕਾ ਵਿੱਚ) ਜਲਦੀ ਜਾਂ ਕੁਸ਼ਲਤਾ ਨਾਲ ਨਹੀਂ ਕੀਤਾ ਜਾ ਸਕਦਾ।” ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਹੇਲੀ ਟਰੰਪ ਦੇ ਰਾਸ਼ਟਰਪਤੀ ਵਜੋਂ ਪਹਿਲੇ ਕਾਰਜਕਾਲ ਦੌਰਾਨ ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਰਾਜਦੂਤ ਸੀ ਅਤੇ ਅਮਰੀਕਾ ਵਿੱਚ ਕੈਬਨਿਟ-ਪੱਧਰ ਦੇ ਅਹੁਦੇ ’ਤੇ ਨਿਯੁਕਤ ਹੋਣ ਵਾਲੀ ਪਹਿਲੀ ਭਾਰਤੀ-ਅਮਰੀਕੀ ਬਣੀ।



## ਮੇਰੇ ਕੋਲ ਅਜਿਹੇ ਕਾਰਡ ਹਨ, ਜਿਨ੍ਹਾਂ ਨੂੰ ਖੋਲ੍ਹ ਦਿੱਤਾ ਤਾਂ ਬਰਬਾਦ ਹੋ ਜਾਵੇਗਾ ਚੀਨ : ਟਰੰਪ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨ ’ਤੇ 200 ਫੀਸਦੀ ਟੈਰਿਫ ਲਾਉਣ ਦੀ ਧਮਕੀ ਦਿੱਤੀ ਹੈ। ਟਰੰਪ ਨੇ ਕਿਹਾ ਕਿ ਜੇਕਰ ਚੀਨ ਅਮਰੀਕਾ ਨੂੰ ਲੋੜੀਂਦੀ ਮਾਤਰਾ ਵਿਚ ਚੁੰਬਕ ਸਪਲਾਈ ਨਹੀਂ ਕਰਦਾ ਹੈ ਤਾਂ ਉਥੋਂ ਇੰਪੋਰਟ ਹੋਣ ਵਾਲੇ ਸਾਮਾਨ ’ਤੇ ਭਾਰੀ ਟੈਰਿਫ ਲਾਇਆ ਜਾ ਸਕਦਾ ਹੈ। ਟਰੰਪ ਨੇ ਓਵਲ ਦਫਤਰ ਵਿਚ ਪੱਤਰਕਾਰਾਂ ਨੂੰ ਕਿਹਾ ਕਿ ਉਹ ਚੀਨ ਨਾਲ ਬਿਹਤਰ ਸਬੰਧ ਚਾਹੁੰਦੇ ਹਨ ਪਰ ਵਪਾਰਕ ਤਣਾਅ ਅਜੇ ਵੀ ਕਾਇਮ ਹੈ। ਉਨ੍ਹਾਂ ਕਿਹਾ ਕਿ ਵਪਾਰ ਵਿਵਾਦ ਵਿਚ ਵਾਸ਼ਿੰਗਟਨ ਦੀ ਸਥਿਤੀ ਉਨ੍ਹਾਂ ਨਾਲੋਂ ਮਜ਼ਬੂਤ ਹੈ। ਟਰੰਪ ਨੇ ਕਿਹਾ ਕਿ ਚੀਨ ਕੋਲ ਕੁਝ ਕਾਰਡ ਹਨ। ਸਾਡੇ ਕੋਲ ਵੀ ਕੁਝ ਕਾਰਡ ਹਨ ਪਰ ਮੈਂ ਇਹ ਕਾਰਡ ਨਹੀਂ ਖੇਡਣਾ ਚਾਹੁੰਦਾ। ਜੇਕਰ ਮੈਂ ਅਜਿਹਾ ਕੀਤਾ ਤਾਂ ਚੀਨ ਬਰਬਾਦ ਹੋ ਜਾਵੇਗਾ। ਮੈਂ ਇਹ ਕਾਰਡ ਨਹੀਂ ਖੇਡਾਂਗਾ। ਟਰੰਪ ਨੇ ਇਹ ਟਿੱਪਣੀ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ ਜੇ ਮਯੁੰਗ ਨਾਲ ਮੁਲਾਕਾਤ ਦੌਰਾਨ ਕੀਤੀ। ਟਰੰਪ ਨੇ ਅੱਗੇ ਕਿਹਾ ਕਿ ਉਨ੍ਹਾਂ ਨੇ ਹਾਲ ਹੀ ਵਿਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਗੱਲ ਕੀਤੀ ਹੈ ਅਤੇ ਬੀਜਿੰਗ ਦੀ ਫੇਰੀ ’ਤੇ ਵਿਚਾਰ ਕਰ ਰਹੇ ਹਨ। ਇਸ ਵੇਲੇ ਅਮਰੀਕਾ ਨੇ ਚੀਨ ’ਤੇ 30 ਫੀਸਦੀ ਟੈਰਿਫ ਲਾਇਆ ਹੈ, ਜਦਕਿ ਚੀਨ ਨੇ ਅਮਰੀਕਾ ’ਤੇ 10 ਫੀਸਦੀ ਟੈਰਿਫ ਲਾਇਆ ਹੋਇਆ ਹੈ।



# ਸੰਘਰਸ਼ ਤੇ ਮਨੁੱਖ ਦਾ ਜੀਵਨ ਚੱਕਰ

ਯੂਨਾਨ ਦੀਆਂ ਪੌਰਾਣਿਕ ਮਿਥਿਹਾਸਕ ਕਥਾਵਾਂ ਵਿਚ ਸਿਸੀਫਸ ਨਾਮ ਦੇ ਪਾਤਰ ਦੀ ਇਕ ਕਥਾ ਹੈ। ਇਸ ਕਥਾ ਵਿਚ ਸਿਸੀਫਸ ਦੀ ਛਲ ਕਪਟ ਕਰਨ ਦੀ ਮਨੋਬਿਰਤੀ ਕਾਰਨ ਦੇਵਤਿਆਂ ਨੇ ਉਸ ਨੂੰ ਦੇਵ-ਲੋਕ ਵਿਚੋਂ ਕੱਢ ਦਿੱਤਾ ਅਤੇ ਇਸ ਨੂੰ ਇਕ ਬੜੀ ਅਜੀਬ ਸਜ਼ਾ ਦਿੱਤੀ। ਇਸ ਸਜ਼ਾ ਵਿਚ ਸਿਸੀਫਸ ਬੜੀ ਮੁਸ਼ੱਕਤ ਨਾਲ, ਖ਼ੂਨ-ਪਸੀਨਾ ਇਕ ਕਰਕੇ ਇਕ ਭਾਰੀ ਪੱਥਰ ਨੂੰ ਸਾਰਾ ਦਿਨ ਰੇੜ੍ਹ ਕੇ ਸ਼ਾਮ ਤੱਕ ਇਕ ਪਹਾੜੀ ਦੇ ਸਿਖਰ ਤੱਕ ਲੈ ਕੇ ਜਾਂਦਾ ਹੈ, ਜਿਉਂ ਹੀ ਪੱਥਰ ਪਹਾੜੀ ਦੇ ਸਿਖਰ ਤੱਕ ਪਹੁੰਚਦਾ ਤਾਂ ਪੱਥਰ ਬੇਕਾਬੂ ਹੋ ਕੇ ਫਿਰ ਹੇਠ ਵੱਲ ਰਿੜ੍ਹ ਜਾਂਦਾ। ਹਰ ਦਿਨ, ਹਰ ਵਾਰ ਸਿਸੀਫਸ ਭਾਰੀ ਪੱਥਰ ਨੂੰ ਸਾਰਾ ਤਾਣ ਲਾ ਕੇ ਸਿਖਰ ਤੱਕ ਲੈ ਜਾਣ ਦੀ ਕੋਸ਼ਿਸ਼ ਕਰਦਾ ਪਰ ਹਰ ਵਾਰ ਪੱਥਰ ਸਿਖਰ ’ਤੇ ਜਾ ਕੇ ਹੇਠਾਂ ਵੱਲ ਰਿਸਕ ਆਉਂਦਾ। ਕਥਾ ਅਨੁਸਾਰ ਉਹਦੀ ਇਸ ਸਜ਼ਾ ਦਾ ਸਿਲਸਿਲਾ ਅਨੰਤਕਾਲ, ਸਦੀਆਂ ਤੱਕ ਚਲਦਾ ਹੈ।

ਵਿਦਵਾਨ ਆਖਦੇ ਹਨ ਕਿ ਇਹ ਕਥਾ ਕਿਸੇ ਸਿਸੀਫਸ ਰਾਜੇ ਦੀ ਕਥਾ ਨਹੀਂ, ਹਕੀਕਤ ਵਿਚ ਇਹ ਕਹਾਣੀ ਹਰ ਮਨੁੱਖ ਦੀ ਕਹਾਣੀ ਹੈ। ਮਨੁੱਖੀ ਜੀਵਨ ਦੇ ਸੰਘਰਸ਼ ਦੀ ਕਹਾਣੀ ਹੈ। ਸਾਡੀ ਹਰੇਕ ਦੀ ਇਹੋ ਕਹਾਣੀ ਹੈ। ਜੀਵਨ ਭਰ ਮਨੁੱਖ ਆਪਣੀਆਂ ਜ਼ਿੰਮੇਵਾਰੀਆਂ ਤੇ ਫ਼ਰਜ਼ਾਂ ਦੇ ਪੱਥਰ ਨੂੰ ਰੇੜ੍ਹਦਾ ਹੈ। ਰਸਤੇ ਵਿਚ ਅਨੇਕਾਂ ਚੁਣੌਤੀਆਂ, ਮੁਸ਼ਕਿਲਾਂ, ਪ੍ਰੇਸ਼ਾਨੀਆਂ ਅਤੇ ਦੁੱਖਾਂ ਕਸ਼ਟਾਂ ਨਾਲ ਬੰਦੇ ਦਾ ਵਾਹ ਪੈਂਦਾ ਹੈ। ਜਿਉਂ ਹੀ ਮਨੁੱਖ ਆਪਣੇ ਜੀਵਨ ਦੇ ਪੱਥਰ ਨੂੰ ਸਿਖਰ ਵੱਲ ਲੈ ਕੇ ਜਾਣ ਦੀ ਕੋਸ਼ਿਸ਼ ਕਰਦਾ ਹੈ ਤਾਂ ਲਗਦਾ ਹੈ ਸਮਾਂ, ਦੌਲਤ, ਸਿਹਤ ਤੇ ਤਜਰਬਾ ਸਭ ਕੁਝ ਹੱਥਾਂ ਵਿਚੋਂ ਨਿਕਲ ਗਿਆ।

ਦੁਨੀਆ ਦੇ ਪ੍ਰਸਿੱਧ ਵਿਦਵਾਨ ਫਿਲਾਸਫਰ ਅਲਬਰਟ ਕਾਮੂ ਨੇ ਇਸ ਕਹਾਣੀ ’ਤੇ ਅਧਾਰਿਤ ਆਪਣੀ ਇਕ ਕਿਤਾਬ ’ਦਾ ਮਿੱਥ ਆਫ ਸਿਸੀਫਸ’ ਲਿਖੀ। ਇਸ ਕਿਤਾਬ ਵਿਚ ਉਸ ਨੇ ਮਨੁੱਖ ਨੂੰ ਬੜੇ ਮਹੱਤਵਪੂਰਨ, ਵਿਚਾਰਾਂ, ਸਵਾਲਾਂ ਦੇ ਰੂਬਰੂ ਕੀਤਾ। ਉਹ ਲਿਖਦਾ ਹੈ ਇਸ ਪੌਰਾਣਕ ਕਥਾ ਦੇ ਮੁੱਖ ਪਾਤਰ ਸਿਸੀਫਸ ਦਾ ਸਵੈਮਾਣ ਇਸੇ ਵਿਚ ਹੈ ਕਿ ਉਹ ਆਪਣੇ ਜੀਵਨ ਦੀ ਚੁਣੌਤੀ ਨੂੰ ਕਿਵੇਂ ਵੱਡੇ ਜੇਰੇ ਨਾਲ ਸਵੀਕਾਰ ਕਰਦਾ ਹੈ। ਉਸ ਦਾ ਭਾਵ ਹੈ ਕਿ ਮਨੁੱਖ ਨੂੰ ਅਡੋਲ ਰਹਿ ਕੇ ਆਪਣੀ ਜ਼ਿੰਦਗੀ ਦੌਰਾਨ ਨਿਆਂ, ਇਨਸਾਫ਼, ਜੀਵਨ ਨੂੰ ਚੰਗੇਰਾ ਬਣਾਉਣ ਲਈ ਲਗਾਤਾਰ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ।

ਆਦਿ-ਜੁਗਾਦਿ ਤੋਂ ਇਸ ਧਰਤੀ ’ਤੇ ਜੀਵਨ ਚੱਕਰ ਚਲਦਾ ਆਇਆ ਹੈ ਅਤੇ ਚੱਲ ਰਿਹਾ ਹੈ। ਧਰਤੀ ’ਤੇ ਜੀਵਾਂ ਦੇ ਪੈਦਾ ਹੋਣ ਤੇ ਬਿਨਸ ਜਾਣ ਦੀ ਪਰਿਕਿਰਿਆ ਵਿਚ ਅਸੀਂ ਸਾਰੇ ਇਸ ਦੁਨੀਆ ਦੇ ਇਸ ਕਾਫਲੇ ਦਾ ਕੁਝ ਸਮੇਂ ਲਈ ਹਿੱਸਾ ਬਣੇ ਹਾਂ। ਜੀਵਨ ਦੇ ਚੱਲ ਰਹੇ ਵਹਾਅ ਦੇ ਸਾਥੀ ਬਣੇ ਹਾਂ। ਇਕ ਨਿਸ਼ਚਿਤ ਸਮੇਂ ਮਗਰੋਂ ਅਸੀਂ ਸਭ ਨੇ ਇਸ ਕਾਫਲੇ ਨੂੰ ਸਦਾ ਲਈ ਅਲਵਿਦਾ ਆਖ ਜਾਣੀ ਹੈ। ਜੀਵਨ ਦਾ ਪ੍ਰਵਾਹ ਸਾਡੇ ਜਾਣ ਮਗਰੋਂ ਵੀ ਇਸੇ ਤਰਾਂ ਚਲਦਾ ਰਹੇਗਾ। ਇਹੋ ਹੀ ਦੁਨੀਆ ਦੇ ਸਾਰੇ ਮਨੁੱਖਾਂ ਦੀ ਜ਼ਿੰਦਗੀ ਦਾ ਸੱਚ ਹੈ। ਦੁਨੀਆ ਦੇ ਗ੍ਰੰਥ ਸ਼ਾਸਤਰ ਵੀ ਇਸੇ ਗੱਲ ਤੇ ਜ਼ੋਰ ਦਿੰਦੇ ਹਨ ਕਿ ਸਾਡਾ ਇੱਥੇ ਰਹਿਣਾ ਇਕ ਨਿਸ਼ਚਿਤ ਸਮੇਂ ਲਈ ਹੈ ਅਤੇ ਇਸ ਸਮੇਂ ਦੇ ਮਹੱਤਵ ਨੂੰ ਸਾਨੂੰ ਜਾਣਨਾ ਸਮਝਣਾ ਚਾਹੀਦਾ ਹੈ। ਮਨੁੱਖ ਨੂੰ ਜੀਵਨ ਨੂੰ ਸੋਹਣਾ ਬਣਾਉਣ ਲਈ ਸੰਘਰਸ਼ ਕਰਨਾ ਚਾਹੀਦਾ ਹੈ ਪਰ ਇਹ ਬੜਾ ਜ਼ਰੂਰੀ ਹੈ ਕਿ ਮਨੁੱਖ ਦਾ ਸੰਘਰਸ਼ ਫਾਲਤੂ ਵਸਤਾਂ ਇਕੱਠੀਆਂ ਕਰਨ ਦੇ ਝੱਲ ਲਈ ਨਾ ਹੋਵੇ।

ਮਨੁੱਖੀ ਸੱਭਿਅਤਾ ਜਿਸ ਪੜਾਅ ’ਤੇ ਪਹੁੰਚੀ ਹੈ, ਇੱਥੇ ਬਹੁਤ ਕੁਝ ਅਜਿਹਾ ਹੈ ਜਿਸ ਦੀ ਉਸ ਨੂੰ ਲੋੜ ਨਹੀਂ। ਬਹੁਤ ਕੁਝ ਅਜਿਹਾ ਹੈ ਜਿਸ ਤੋਂ ਆਮ ਮਨੁੱਖ ਵਿਰਵਾ ਹੈ। ਅਖੌਤੀ ਆਧੁਨਿਕਤਾ ਦੇ ਦੌਰ ਵਿਚ ਮਨੁੱਖ ਦਾ ਜ਼ਿਆਦਾ ਸਮਾਂ ਨਿਰਾਰਥਕ ਚੀਜ਼ਾਂ ਲਈ ਖਰਚ ਹੋ ਰਿਹਾ ਹੈ। ‘ਬਣਾਉਟੀ ਸਮਝ’ ਅਤੇ ’ਨੈਨੋ ਟੈਕਨੀਕ’ ਦੇ ਇਸ ਦੌਰ ਵਿਚ ਅੰਧਵਿਸ਼ਵਾਸ ਦਾ ਗਲਬਾ ਮਨੁੱਖੀ ਮਨ ’ਤੇ ਘਟਣ ਦੀ ਬਜਾਏ ਵਧ ਰਿਹਾ ਹੈ। ਰੂੜੀਵਾਦੀ ਪ੍ਰੰਪਰਾਵਾਂ, ਅੰਧਵਿਸ਼ਵਾਸਾਂ ਅਤੇ ਧਰਮ ਕਰਮ ਦੇ ਕਾਰਜਾਂ ਵਿਚ ਅੱਜ ਵੀ ਭੀੜਾਂ ਵਧ ਰਹੀਆਂ ਹਨ। ਸਮਾਜ ਦੀ ਬਹੁਗਿਣਤੀ ਗਿਆਨ ਵਿਗਿਆਨ ਦੇ ਇਸ ਯੁੱਗ ਵਿਚ ਵੀ ਪ੍ਰੰਪਰਾਵਾਦੀ ਰਾਹ ਨੂੰ ਆਪਣੀ ਮੁਕਤੀ ਦਾ ਰਾਹ ਸਮਝਦੀ ਹੈ, ਜਦ ਕਿ ਇਹ ਮਨੁੱਖ ਦੇ ਮਨੁੱਖ ਹੋਣ ਵਿਚ ਇਕ ਵੱਡੀ ਰੁਕਾਵਟ ਹੈ। ਇਸ ਰਾਹ ’ਤੇ ਚਲਦਿਆਂ ਅਸੀਂ ਦੁਨੀਆ ਨੂੰ ਉਹੋ ਜਿਹੀ ਨਹੀਂ ਬਣਾ ਸਕੇ ਜਿਸ ਤਰ੍ਹਾਂ ਦੇ ਇਸ ਨੂੰ ਹੋਣਾ ਚਾਹੀਦਾ ਸੀ। ਵੱਖ ਵੱਖ ਧਰਮਾਂ, ਫਿਰਕਿਆਂ ਵਿਚ ਵੰਡੀਆਂ ਭੀੜਾਂ ਨੇ ਆਪਣੇ ਆਪਣੇ ਧਰਮਾਂ ਮਜ਼ ?ਹਬਾਂ ਦੇ ਲੇਬਲ ਤਾਂ ਆਪਣੇ ਉੱਤੇ ਲਾ ਲਏ ਪਰ ਇਨ੍ਹਾਂ ਤੋਂ ਉਪਰ ਉੱਠ ਕੇ ਮਨੁੱਖ ਮਨੁੱਖ ਨਹੀਂ ਬਣ ਸਕਿਆ। ਇਸੇ ਮਾਨਸਿਕਤਾ ਕਰਕੇ ਹੀ ਅੱਜ ਧਰਤੀ ਦੇ ਵੱਖ ਵੱਖ ਖਿੱਤਿਆਂ ਵਿਚ ਲੜਾਈਆਂ, ਝਗੜੇ, ਕਤਲੋਗਾਰਤ ਹੋ ਰਹੀ ਹੈ। ਇਕ ਖਿੱਤੇ ਦੇ ਲੋਕ ਦੂਜੇ ਖਿੱਤੇ ਦੇ ਲੋਕਾਂ ਨੂੰ ਬੰਬਾਂ, ਮਿਜ਼ਾਇਲਾਂ ਦਾਗ ਕੇ ਭਸਮ ਕਰਨ ਲਈ ਲੜ ਰਹੇ ਹਨ। ਧਰਤੀ ਦੇ ਵੱਖ ਵੱਖ ਖਿੱਤਿਆਂ ਵਿਚ ਘੱਟ ਗਿਣਤੀਆਂ ’ਤੇ ਜ਼ੁਲਮੋ-ਤਸ਼ੱਦਦ ਅੱਜ ਦੇ ਦੌਰ ਵਿਚ ਵੀ ਮੱਧ ਯੁੱਗ ਵਾਂਗ ਹੀ ਜਾਰੀ ਹਨ। ਸਦੀਆਂ ਤੋਂ ਮਨੁੱਖ ਧਰਮਾਂ ਮਜਹਬਾਂ ਦੇ ਨਾਂਅ ’ਤੇ ਲੜਦਾ ਆਇਆ ਹੈ। ਲੱਖਾਂ ਲੋਕ ਹੁਣ ਤੱਕ ਇਸ ਮਾਨਸਿਕਤਾ ਨਾਲ ਤਬਾਹ ਹੋਏ ਹਨ। ਅੱਜ ਦੇ ਇਸ ਆਧੁਨਿਕ ਦੌਰ ਵਿਚ ਵੀ

**ਗੁਰਚਰਨ ਸਿੰਘ ਨੂਰਪੁਰ**

ਜੇਕਰ ਇਹ ਸਰਗਰਮੀਆਂ ਜਾਰੀ ਹਨ ਤਾਂ ਸਾਨੂੰ ਗੰਭੀਰਤਾ ਨਾਲ ਸੋਚ ਵਿਚਾਰ ਕਰਨ ਦੀ ਲੋੜ ਹੈ। ਇਹ ਸਮਝਣ ਦੀ ਲੋੜ ਹੈ ਕਿ ਪ੍ਰੰਪਰਾਵਾਦੀ ਰਾਹਾਂ ’ਤੇ ਚਲਦਿਆਂ ਸਾਡੇ ਜੀਵਨ ਦਾ ਬਹੁਤਾ ਸਮਾਂ ਧਰਮ ਕਰਮ ਦੀਆਂ ਗਤੀਵਿਧੀਆਂ ਲਈ ਖਰਚ ਹੋ ਰਿਹਾ ਹੈ ਅਤੇ ਇਸ ਤਰਜੀਹ ’ਤੇ ਚਲਦਿਆਂ ਧਰਤੀ ਤੇ ਮਨੁੱਖੀ ਵਸੇਬਾ ਨੂੰ ਓਨਾ ਚੰਗਾ ਨਹੀਂ ਬਣਾਇਆ ਜਾ ਸਕਿਆ ਜਿੰਨਾ ਇਸ ਨੂੰ ਹੋਣਾ ਚਾਹੀਦਾ ਸੀ।

ਇਸ ਦੁਨੀਆ ਨੂੰ ਹੋਰ ਕਿਵੇਂ ਸੋਹਣਾ ਬਣਾਇਆ ਜਾਵੇ ? ਸਾਡੇ ਸਭ ਦੇ ਅੰਦਰ ਇਹ ਸਵਾਲ ਪੈਦਾ ਹੋਣਾ ਚਾਹੀਦਾ ਹੈ। ਮਨੁੱਖ ਇਸ ਧਰਤੀ ’ਤੇ ਕਿਉਂ ਆਇਆ ਉਸ ਦੇ ਜੀਵਨ ਦਾ ਮਕਸਦ ਕੀ ਹੈ ? ਇਸ ਲਈ ਸਾਡੇ ਕੋਲ ਬਣੇ ਬਣਾਏ ਜਵਾਬ ਹਨ ਜੋ ਕਿ ਸਹੀ ਨਹੀਂ ਹਨ। ਅਸੀਂ ਇਸ ਧਰਤੀ ’ਤੇ ਕਿਸੇ ਅਦਿੱਖ ਸ਼ਕਤੀ ਦਾ ਗੁਣਗਾਣ ਕਰਨ ਲਈ ਨਹੀਂ ਆਏ ਬਲਕਿ ਅਸੀਂ ਇਸ ਜੀਵਨ ਨੂੰ ਚੰਗਾ ਤੇ ਸੋਹਣਾ ਬਣਾਉਣਾ ਹੈ ਅਜਿਹਾ ਬਣਾਉਣਾ ਹੈ ਕਿ ਉਮਰ ਦੇ ਆਖਰੀ ਪੜਾਅ ’ਤੇ ਸਾਨੂੰ ਕੋਈ ਪਛਤਾਵਾ ਨਾ ਹੋਵੇ ਕਿ ਸਾਨੂੰ ਤਾਂ ਅਜਿਹਾ ਜੀਵਨ ਜਿਊਣਾ ਚਾਹੀਦਾ ਸੀ ਪਰ ਅਸੀਂ ਬੇਰੰਗ ਜਿਹਾ ਜੀਵਨ ਜੀਅ ਕੇ ਇਸ ਧਰਤੀ ਤੋਂ ਜਾ ਰਹੇ ਹਾਂ। ਇਸ ਵਿਚ ਸਭ ਤੋਂ ਵੱਡੀ ਰੁਕਾਵਟ ਕੀ ਹੈ ? ਜਦੋਂ ਅਸੀਂ ਇਸ ਦੇ ਉੱਤਰ ਦੀ ਖੋਜ ਕਰਾਂਗੇ ਤਾਂ ਸਾਨੂੰ ਪਤਾ ਲੱਗੇਗਾ ਕਿ ਇਸ ਦਾ ਵੱਡਾ ਕਾਰਨ ਸਾਡੇ ਅੰਦਰ ਪਈਆਂ ਪ੍ਰੰਪਰਾਵਾਦੀ ਧਾਰਨਾਵਾਂ, ਅਧਿਆਤਮਿਕ ਗਤੀਵਿਧੀਆਂ ਅਤੇ ਸਾਡੀ ਅਖੌਤੀ ਸਿੱਖਿਆ ਹੈ।

ਵਿਗਿਆਨਕ ਖੋਜਾਂ ਅਤੇ ਅਜੋਕੀ ਸਿੱਖਿਆ ’ਤੇ ਚਲਦਿਆਂ ਸਾਡਾ ਜੀਵਨ ਪੱਧਰ ਤਾਂ ਸੁਧਰਿਆ, ਜੀਵਨ ਨੂੰ ਨਵੇਂ ਅਰਥ ਮਿਲੇ, ਅਸੀਂ ਬਿਮਾਰੀਆਂ ਦੁਸ਼ਵਾਰੀਆਂ ਤੋਂ ਕਾਫੀ ਹੱਦ ਤੱਕ ਮੁਕਤੀ ਹਾਸਲ ਕੀਤੀ। ਮਨੁੱਖ ਨੂੰ ਗੁਲਾਮ ਬਣਾ ਕੇ ਰੱਖਣ ਵਾਲੀਆਂ ਰਹੁ-ਰੀਤਾਂ ਤੋਂ ਮਨੁੱਖਤਾ ਮੁਕਤ ਹੋਈ। ਪਰ ਜੀਵਨ ਪ੍ਰਤੀ ਜਿਸ ਤਰਾਂ ?ਹ ਦੀ ਮਨੁੱਖੀ ਸਮਝ ਸਮਾਜ ਦੀ ਬਹੁਗਿਣਤੀ ਅੰਦਰ ਵਿਕਸਤ ਹੋਣੀ ਚਾਹੀਦੀ ਸੀ, ਉਹ ਨਹੀਂ ਹੋਈ। ਇਹੋ ਕਾਰਨ ਹੈ ਸਾਡਾ ਜੀਵਨ ਅੱਜ ਬੇਸ਼ੱਕ ਸੁਖਾਲਾ ਹੋ ਗਿਆ ਹੈ ਪਰ ਅਸੀਂ ਧਰਤੀ ’ਤੇ ਜੀਵਨ ਲਈ ਹਾਲਾਤ ਸੁਖਾਵੇਂ ਨਹੀਂ ਬਣਾ ਸਕੇ। ਸਗੋਂ ਇਸ ਨੂੰ ਹਰ ਦਿਨ ਅਸੀਂ ਨਰਕ ਬਣਾ ਰਹੇ ਹਾਂ। ਨਿੱਜੀ ਸੁਖਾਂ ਵਿਚ ਮਨੁੱਖ ਪੁਰਾਤਨ ਮਨੁੱਖ ਨੂੰ ਕਿਤੇ ਵੱਧ ਪਛਾੜ ਗਿਆ ਹੈ ਪਰ ਸਮੂਹਕ ਤੌਰ ’ਤੇ ਅਸੀਂ ਧਰਤੀ ’ਤੇ ਆਪਣੇ ਲਈ ਨਰਕ ਦੀ ਸਿਰਜਣਾ ਕੀਤੀ ਹੈ। ਸਾਡਾ ਘਰ ਸਾਫ ਸੁਥਰਾ ਹੋ ਗਿਆ ਪਰ ਧਰਤੀ ਦੇ ਉਹ ਸਾਧਨ ਜਿਨ੍ਹਾਂ ’ਤੇ ਸਾਡਾ ਮਨੁੱਖਾਂ ਹੀ ਨਹੀਂ ਸਗੋਂ ਜੀਵ ਜਾਤੀਆਂ, ਪਸ਼ੂਆਂ ਪਰਿੰਦਿਆਂ ਦਾ ਹੱਕ ਵੀ ਸੀ, ਉਨ੍ਹਾਂ ਨੂੰ ਅਸੀਂ ਬਰਬਾਦ ਕਰ ਦਿੱਤਾ ਤੇ ਹਰ ਦਿਨ ਇਨ੍ਹਾਂ ਨੂੰ ਹੋਰ ਬਰਬਾਦ ਕਰ ਰਹੇ ਹਾਂ। ਅਸੀਂ ਇੱਟਾਂ ਪੱਥਰਾਂ ਦੇ ਅਖੌਤੀ ਰੱਬ ਦੇ ਘਰਾਂ ਦੀ ਉਸਾਰੀ ਕਰ ਰਹੇ ਹਾਂ। ਇਨ੍ਹਾਂ ਵਿਚ ਆਪਣਾ ਸਮਾਂ ਅਤੇ ਧਨ ਖਰਚ ਕਰ ਰਹੇ ਹਾਂ। ਅਸੀਂ ਅਖੌਤੀ ਨਰਕ ਤੋਂ ਮੁਕਤੀ ਅਤੇ ਸਵਰਗ ਦੇ ਲਾਲਚ ਲਈ ਜੀਵਨ ਨੂੰ ਖਰਚ ਕਰ ਰਹੇ ਹਾਂ। ਇਸ ਲਈ ਧਰਮ ਅਸਥਾਨਾਂ ’ਤੇ ਭੀੜਾਂ ਨਿਰੰਤਰ ਵਧ ਰਹੀਆਂ ਹਨ। ਕਈ ਤਰਾਂ ?ਹ ਦੇ ਕਰਮ ਕਾਂਡ ਕਰਕੇ ਜੀਵਨ ਨੂੰ ਸੋਹਣਾ ਬਣਾਉਣ ਦੇ ਯਤਨ ਵਿਚ ਹਾਂ ਜਦ ਕਿ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਧਾਰਨਾਵਾਂ ’ਤੇ ਚਲਦਿਆਂ ਸਾਡਾ ਜੀਵਨ ਪੱਧਰ ਸੁਧਰਨ ਦੀ ਬਜਾਏ ਹੋਰ ਮੁਸ਼ਕਿਲਾਂ ਮੁਸੀਬਤਾਂ ਦਾ ਸ਼ਿਕਾਰ ਬਣ ਰਿਹਾ ਹੈ। ਮਿਸਾਲ ਵਜੋਂ ਅੱਜ ਅਸੀਂ ਪੰਜਾਬੀ ਆਪਣੇ ਚੰਗੇ ਭਵਿੱਖ ਲਈ ਹੋਰ ਦੇਸ਼ਾਂ, ਹੋਰ ਧਰਤੀ ਵੱਲ ਵੇਖ ਰਹੇ ਹਾਂ। ਇਸ ਦਾ ਭਾਵ ਇਹ ਹੈ ਕਿ ਇਸ ਧਰਤੀ ’ਤੇ ਰਹਿੰਦਿਆਂ ਆਪਣੇ ਰਵਾਇਤੀ ਸਿੱਖਿਆ ਗ੍ਰਹਿਣ ਕਰਕੇ, ਮਜ਼ ?ਹਬੀ ਅਕੀਦਿਆਂ ’ਤੇ ਚਲਦਿਆਂ ਅਸੀਂ ਉਹ ਕੁਝ ਹਾਸਲ ਨਹੀਂ ਕਰ ਸਕੇ ਜੋ ਸਾਨੂੰ ਕਰਨਾ ਚਾਹੀਦਾ ਸੀ। ਇਸ ਲਈ ਲੋੜ ਕਿਤੇ ਹੋਰ ਖੋਜ ਕਰਨ ਦੀ ਨਹੀਂ, ਬਲਕਿ ਉਹ ਵਿਸ਼ਵਾਸ ਪ੍ਰੰਪਰਾਵਾਂ ਅਤੇ ਆਪਣੇ ਅੰਦਰ ਬਣੀਆਂ ਧਾਰਨਾਵਾਂ ਨੂੰ ਤਿਆਗ ਕੇ ਨਵੇਂ ਸੁਪਨਿਆਂ ਦੀ ਸਿਰਜਣਾ ਕਰਨ ਦੀ ਲੋੜ ਹੈ।

ਮਨੁੱਖ ਦਾ ਪਰਿਵਾਰਕ ਮਾਹੌਲ, ਸੱਭਿਆਚਾਰ, ਸਿੱਖਿਆ, ਧਰਮ ਅਤੇ ਰਾਜਨੀਤੀ ਉਸ ਲਈ ਚੰਗੇ ਮਾੜੇ ਮਾਹੌਲ ਅਤੇ ਉਸ ਦੀ ਸ਼ਖ਼ਸੀਅਤ ਦੀ ਸਿਰਜਣਾ ਕਰਦੇ ਹਨ। ਇਹ ਮਾਹੌਲ ਜੇਕਰ ਬਿਹਤਰ ਹੋਵੇਗਾ ਤਾਂ ਇਕ ਮਨੁੱਖ ਨਹੀਂ ਬਲਕਿ ਪੂਰਾ ਸਮਾਜ ਤਰੱਕੀ ਕਰੇਗਾ। ਇਹ ਤਰੱਕੀ ਅਤੇ ਵਿਕਾਸ ਤਾਂ ਹੀ ਸੰਭਵ ਹੈ ਜੇਕਰ ਸਾਡੇ ਆਲੇ-ਦੁਆਲੇ ਸਾਡਾ ਸਮਾਜਿਕ ਤਾਣਾਬਾਣਾ ਅਤੇ ਸਾਡਾ ਵਾਤਾਵਰਨ ਤੰਦਰੁਸਤ ਹੋਵੇਗਾ। ਅੱਜ ਸਾਨੂੰ ਇਹ ਸੋਚਣ ਦੀ ਲੋੜ ਹੈ ਕਿ ਜਿਹੜੀਆਂ ਤਰਜੀਹਾਂ ’ਤੇ ਅਸੀਂ ਚੱਲ ਰਹੇ ਹਾਂ, ਇਨ੍ਹਾਂ ਤਰਜੀਹਾਂ ’ਤੇ ਚਲਦਿਆਂ ਸਾਡੀ ਸਮਾਜਿਕ ਸਿਹਤ ਅਤੇ ਸਾਡੀ ਵਾਤਾਵਰਣਿਕ ਸਿਹਤ ਹਰ ਦਿਨ ਬਰਬਾਦੀ ਵੱਲ ਜਾ ਰਹੀ ਹੈ। ਚੰਗੇ ਸਮਾਜਿਕ ਮਾਹੌਲ ਅਤੇ ਸਾਫ਼-ਸੁਥਰੇ ਵਾਤਾਵਰਨ ਤੋਂ ਬਗ਼ੈਰ ਤੰਦਰੁਸਤ ਜੀਵਨ ਦੀ ਕਲਪਨਾ ਕਰਨੀ ਅਸੰਭਵ ਹੈ।

ਯੁਨਾਨ ਦੀ ਪੌਰਾਣਕ ਕਥਾ ਦੇ ਪਾਤਰ ਸਿਸੀਫਸ ਵਾਂਗ ਮਨੁੱਖ ਦੇ ਜੀਵਨ ਦਾ ਸੰਘਰਸ਼ ਹਰ ਪਲ ਚੱਲ ਰਿਹਾ ਹੈ। ਇਸ ਸੰਘਰਸ਼ ਦੇ ਚਲਦਿਆਂ ਸਾਡੇ ਜੀਵਨ ਦੀ ਸਰਗਰਮੀ ਚੰਗੇ ਜੀਵਨ ਲਈ ਅਤੇ ਚੰਗੇ ਮਾਹੌਲ ਦੀ ਸਿਰਜਣਾ ਲਈ ਹੋਣੀ ਚਾਹੀਦੀ ਹੈ। ਇਕ ਅਜਿਹਾ ਮਾਹੌਲ ਜਿਸ ਵਿਚ ਮਨੁੱਖ ਦੇ ਡਰ, ਫਿਕਰ, ਤੌਖਲੇ ਘੱਟ ਹੋਣ। ਮਨੁੱਖ ਅੰਦਰ ਉਸ ਦੀਆਂ ਕਲਾਤਮਿਕ ਰੁਚੀਆਂ ਦਾ ਵਿਕਾਸ ਹੋਵੇ। ਮਨੁੱਖ ਹਰ ਤਰਾਂ ?ਹ ਦੇ ਗ਼ਲਬਿਆਂ ਤੋਂ ਮੁਕਤ ਹੋਵੇ। ਧਰਤੀ ਦੇ ਕੁਦਰਤੀ ਸਾਧਨ ਕਿਸੇ ਮੁਨਾਫ਼ੇ ਦੀ ਹਵਸ ਵਿਚ ਲੁੱਟੇ ਨਾ ਜਾਣ ਬਲਕਿ ਇਨ੍ਹਾਂ ਦੀ ਸੁਯੋਗ ਵਰਤੋਂ ਹੋਵੇ ਅਤੇ ਇਹ ਵਰਤੋਂ ਲੋਕ ਹਿੱਤਾਂ ਲਈ ਹੋਵੇ। ਧਰਤੀ ’ਤੇ ਰਹਿਣ ਵਾਲੇ ਹਰ ਮਨੁੱਖ ਲਈ ਢੁੱਕਵੀਆਂ ਜਿਊਣ ਹਾਲਤਾਂ ਦੀ ਸਿਰਜਣਾ ਕਰਨ ਦੀ ਲੋੜ ਹੈ ਪਰ ਅਫ਼ਸੋਸ ਹੈ ਇਸ ਤੋਂ ਉਲਟ ਰਿਹਾ ਹੈ। ਕਿਸੇ ਵਿਦਵਾਨ ਨੇ ਲਿਖਿਆ ਹੈ ਕਿ ‘ਇਹ ਧਰਤੀ ਤੁਹਾਡੀ ਮਾਲਕੀ ਨਹੀਂ ਬਲਕਿ ਇਹ ਸਾਡੀਆਂ ਆਉਣ ਵਾਲੀਆਂ ਨਸਲਾਂ ਦੀ ਅਮਾਨਤ ਹੈ।’ ਸਾਨੂੰ ਚਾਹੀਦਾ ਹੈ ਕਿ ਅਸੀਂ ਜਾਤਾਂ-ਪਾਤਾਂ, ਵਰਗਾਂ, ਨਸਲਾਂ, ਮਜ਼੍ਹਬਾਂ ਤੋਂ ਉਪਰ ਉੱਠ ਕੇ ਸਰਬੱਤ ਦੇ ਭਲੇ ਲਈ ਯਤਨਸ਼ੀਲ ਹੋਈਏ। ਸਾਡਾ ਸਭ ਦਾ ਭਲਾ ਇਸ ਵਿਚ ਹੈ ਕਿ ਅਸੀਂ ਦੂਜਿਆਂ ਦਾ ਭਲਾ ਸੋਚੀਏ ਤੇ ਭਲਾ ਕਰੀਏ।



ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਭਾਈ ਤਰਸੇਮ ਸਿੰਘ ਖਾਲਸਾ ਪ੍ਰਧਾਨ ਕੈਲੀਫੋਰਨੀਆ 559-331-1326
ਸ. ਪਵਨਦੀਪ ਸਿੰਘ ਵਰਜੀਨੀਆ ਸੀਨੀਅਰ ਨੌਜਵਾਨ ਆਗੂ
ਸ. ਅਜੀਤ ਸਿੰਘ ਔਲਖ ਟੈਕਸਾਸ ਸੀਨੀਅਰ ਆਗੂ
ਬੀਬੀ ਗੁਰਪ੍ਰੀਤ ਕੌਰ ਖਾਲਸਾ ਸੀਨੀਅਰ ਆਗੂ
ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ
ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ
ਸ. ਸਿਮਰਨਜੀਤ ਸਿੰਘ ਮਾਨ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਬੀਬੀ ਪਰਮਜੀਤ ਕੌਰ ਖਾਲੜਾ
ਭਾਈ ਤਰਲੋਚਨ ਸਿੰਘ
ਜਥੇਦਾਰ ਸੁਲੱਖਣ ਸਿੰਘ
ਲਾਵਾਰਿਸ਼ ਲਾਸ਼ਾਂ ਦੇ ਵਾਰਿਸ
ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਦੀ 30ਵੀਂ ਬਰਸੀ
ਸਥਾਨ
1930
ਸਿੱਖ ਟੈਂਪਲ ਸਟਰੀਟ
ਸਟਾਕਟਨ, ਕੈਲੀਫੋਰਨੀਆ
95206
ਪ੍ਰੋਗਰਾਮ ਇਸ ਪ੍ਰਕਾਰ ਹੈ :
ਅਰੰਭ ਸ੍ਰੀ ਅਖੰਡ ਪਾਠ ਸਾਹਿਬ 5 ਸਤੰਬਰ 2025 ਅਤੇ ਭੋਗ ਸ੍ਰੀ ਅਖੰਡ ਪਾਠ ਸਾਹਿਬ 7 ਸਤੰਬਰ 2025
LOCATION
1930
SIKH TEMPLE ST
STOCKTON, CA
95206
ਉਪਰੰਤ ਕੀਰਤਨੀਏ ਸਿੰਘ, ਢਾਡੀ ਸਿੰਘ ਅਤੇ ਪੰਥਕ ਆਗੂ ਸੰਗਤਾਂ ਨਾਲ ਗੁਰਮਤਿ ਵਿਚਾਰ ਸਾਂਝੇ ਕਰਨਗੇ। ਪ੍ਰੋਗਰਾਮ ਸਮੂਹ ਪੰਥਕ ਜਥੇਬੰਦੀਆਂ ਅਤੇ ਗੁਰਦੁਆਰਾ ਸਾਹਿਬ ਸਟਾਕਟਨ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮੇਂ ਸਿਰ ਪਹੁੰਚ ਕੇ ਆਪਣੀ ਹਾਜ਼ਰੀ ਭਰਨ ਦੀ ਕਿਰਪਾਲਤਾ ਕਰਨੀ ਜੀ।
ਸ. ਹਰਪ੍ਰੀਤ ਸਿੰਘ ਖ਼ਾਲਸਾ 661-747-5175
ਸ. ਸਰਬਜੀਤ ਸਿੰਘ ਦਿੱਲੀ ਕਨਵੀਨਰ 510-358-7713
ਸ. ਜਰਨੈਲ ਸਿੰਘ ਵਾਈਸ ਪ੍ਰਧਾਨ 209-561-5532
ਸ. ਅਰਵਿੰਦਰ ਸਿੰਘ ਯੂਥ ਪ੍ਰਧਾਨ 559-840-7325
ਐਡਵੋਕੇਟ ਮਨਦੀਪ ਕੌਰ ਪ੍ਰਧਾਨ ਮਹਿਲਾ ਵਿੰਗ
ਬੀਬੀ ਜਸਬੀਰ ਕੌਰ
ਸ. ਗੁਰਮੀਤ ਸਿੰਘ ਗਿੱਲ ਮੀਡੀਆ ਇੰਚਾਰਜ 661-861-3839
ਸ. ਜਸਵਿੰਦਰ ਸਿੰਘ ਪ੍ਰਧਾਨ ਬੇਕਰਸਫੀਲਡ 209-600-8006
ਸ. ਸਤਨਾਮ ਸਿੰਘ ਪ੍ਰਧਾਨ ਸਟਾਕਟਨ 209-992-1052
ਸ. ਹਰਵਿੰਦਰ ਸਿੰਘ ਪ੍ਰਧਾਨ ਟਰੇਸੀ 209-640-0844
ਸ. ਗੁਰਜੀਤ ਸਿੰਘ ਪ੍ਰਧਾਨ ਫਰਿਜ਼ਨੋ 559-977-0795
ਸ. ਗੁਰਤੇਜ ਸਿੰਘ ਬੇਕਰਸਫੀਲਡ
ਸ. ਸੁਰਿੰਦਰਪਾਲ ਸਿੰਘ ਭਿੰਡਰ
ਸ. ਪਰਮਿੰਦਰ ਸਿੰਘ ਪਾਲ ਤੁਲਾਰ
ਸ. ਬਲਵਿੰਦਰ ਸਿੰਘ ਫਰਿਜ਼ਨੋ ਜਨਰਲ ਸੈਕਟਰੀ
ਸ. ਅਜਮੇਰ ਸਿੰਘ ਮੱਲ੍ਹੀ
ਸ. ਸੰਦੀਪ ਸਿੰਘ ਪੂਨੀਆ ਆਈ.ਟੀ. ਵਿੰਗ
ਸ. ਚਰਨਜੀਤ ਸਿੰਘ ਖਾਲਸਾ
ਸ. ਸੁਖਵਿੰਦਰ ਸਿੰਘ ਬੇ-ਏਰੀਆ
ਸ. ਗਗਨਦੀਪ ਵਿਰਕ ਫਰਿਜ਼ਨੋ CA
ਸ. ਤਾਜੇਸ਼ਵਰ ਸਿੰਘ
ਸ. ਗੁਰਮੇਲ ਸਿੰਘ ਸੰਘਾ ਬੇਕਰਸਫੀਲਡ
ਸ. ਗੁਰਵਿੰਦਰ ਸਿੰਘ ਸੰਧੂ
ਸ. ਦੀਪ ਧੰਜੂ ਸਿੰਘ
ਸ. ਤੀਰਥ ਸਿੰਘ ਸੈਕਰਾਮੈਂਟੋ
ਸ. ਸਤਵੀਰ ਸਿੰਘ ਬੱਲ
ਸ. ਅਰਸ਼ਦੀਪ ਸਿੰਘ
ਸ. ਜਸਬੀਰ ਸਿੰਘ
ਸ. ਜਤਿੰਦਰ ਸਿੰਘ
ਸ. ਸੁਖਜਿੰਦਰ ਸਿੰਘ
ਸ. ਸੰਦੀਪ ਸਿੰਘ ਪੂਨੀਆ ਆਈ.ਟੀ. ਵਿੰਗ
ਸ. ਅਮਰੀਕ ਸਿੰਘ ਖਾਲਿਸਤਾਨੀ
ਸ. ਰਵਿੰਦਰ ਸਿੰਘ ਧਾਲੀਵਾਲ
ਸ. ਗੁਰਦੀਪ ਸਿੰਘ
ਸ. ਤਜਿੰਦਰ ਸਿੰਘ
ਸ. ਲਵਜੀਤ ਸਿੰਘ
ਸ. ਪ੍ਰਭਜੀਤ ਸਿੰਘ ਖੁਰਾਲ
ਸ. ਲਵਪ੍ਰੀਤ ਸਿੰਘ
ਸ. ਸਿਕੰਦਰ ਸਿੰਘ
ਸ. ਕਮਲਜੀਤ ਸਿੰਘ
ਸ. ਮੁਤਾਬ ਸਿੰਘ
ਸ. ਸਮਸਪ੍ਰੀਤ ਸਿੰਘ
ਸ. ਹਰਦੀਪ ਸਿੰਘ
ਵਲੋਂ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਕੈਲੇਫੋਰਨੀਆ ਯੂਨਿਟ, ਅਮਰੀਕਾ

# ਜਸਵਿੰਦਰ ਭੱਲਾ ਤੁਰ ਗਿਆ ਹਾਸਿਆਂ ਦਾ ਬਾਦਸ਼ਾਹ-ਚਾਚਾ ਚਤਰ ਸਿੰਹੁ



ਐਸ. ਅਸ਼ੋਕ ਭੌਰਾ

ਦੁਨੀਆ ਦੀ ਬਹੁ-ਗਿਣਤੀ ਕਿਸੇ ਦੀ ਸ਼ੋਹਰਤ ਜਾਂ ਤਰੱਕੀ ਵੇਖ ਕੇ ਸੋਚਦੀ ਹੈ ਕਿ ਸ਼ਾਇਦ ਇਹ ਪੌੜੀਆਂ ਰਾਤੋ ਰਾਤ ਚੜ੍ਹੀਆਂ ਗਈਆਂ ਨੇ ਪਰ ਕਿਤੇ ਸੁਰਮੇ ਨੂੰ ਪੁੱਛ ਕੇ ਵੇਖਿਓ ਕਿ ਖ਼ੂਬਸੂਰਤ ਅੱਖਾਂ ਤੱਕ ਪਹੁੰਚਣ ਲਈ ਸੰਘਰਸ਼ ਕਿੰਨਾ ਕਰਨਾ ਪੈਂਦਾ ਹੈ। ਕਹਿਣ ਨੂੰ ਜੀਅ ਨਹੀਂ ਕਰਦਾ ਕਿ ਜਸਵਿੰਦਰ ਭੱਲਾ ਸਾਡੇ ਦਰਮਿਆਨ ਨਹੀਂ ਰਹੇ! ਇਸ ਨਾਂਅ ਤੋਂ ਕੌਣ ਵਾਕਿਫ਼ ਨਹੀਂ ਹੈ? ਇਸ ਨਾਂਅ ਦਾ ਅਰਥ ਹੀ ਹਾਸਾ ਲਿਆ ਜਾ ਸਕਦਾ ਹੈ ਜਾਂ ਕਹਿ ਸਕਦੇ ਹਾਂ ਕਿ ਜਸਵਿੰਦਰ ਭੱਲੇ ਦਾ ਨਾਂਅ ਬੁੱਲ੍ਹਾਂ 'ਤੇ ਆਉਂਦਿਆਂ ਹੀ ਆਪਣੇ ਆਪ ਹਾਸਾ ਨਿਕਲ ਜਾਂਦਾ ਹੈ। ਤਕਰੀਬਨ 45 ਵਰ੍ਹੇ ਪੰਜਾਬੀਆਂ ਨੂੰ ਹਾਸਿਆਂ ਦੀ ਪੰਡ ਚੁਕਾ ਕੇ ਇਕਦਮ ਚਲੇ ਜਾਣਾ ਸ਼ਾਇਦ ਉਸ ਦੇ ਚਾਹੁਣ ਵਾਲਿਆਂ ਨੂੰ ਛੇਤੀ ਕੀਤੇ ਹਜ਼ਮ ਨਾ ਹੋਵੇ। ਜਸਵਿੰਦਰ ਭੱਲਾ ਖੁਦ ਹੀ ਇਕ ਖ਼ੂਬਸੂਰਤ ਆਰਟਿਸਟ ਨਹੀਂ ਸੀ, ਅਦਾਕਾਰ ਨਹੀਂ ਸੀ, ਹਾਸਿਆਂ ਦਾ ਬਾਦਸ਼ਾਹ ਨਹੀਂ ਸੀ ਸਗੋਂ ਇਨਸਾਨੀਅਤ ਪੱਖੋਂ ਵੀ ਜਸਵਿੰਦਰ ਭੱਲੇ ਦਾ ਕੋਈ ਜਵਾਬ ਨਹੀਂ ਸੀ। ਉਹਦੇ ਨਾਂਅ ਨਾਲ ਡਾਕਟਰ ਲੱਗਾ, ਉਹ ਖੇਤੀਬਾੜੀ ਯੂਨੀਵਰਸਿਟੀ 'ਚ ਅਹਿਮ ਅਹੁਦਾ ਨਿਭਾਉਂਦਿਆਂ ਸੇਵਾ ਮੁਕਤ ਹੋਇਆ, ਉਸਨੇ ਦੂਰਦਰਸ਼ਨ ਨੂੰ ਇਕ ਸਿਖਰ ਲੈ ਕੇ ਦਿੱਤੀ, ਉਸ ਨੇ ਬੜੇ ਕਲਾਕਾਰਾਂ ਨੂੰ ਆਪਣੇ ਹਾਸ-ਮੰਚ ਤੋਂ ਪ੍ਰਸਿੱਧੀ ਦੀਆਂ ਪੌੜੀਆਂ ਚੜ੍ਹਾਇਆ, ਕਿਹਨੂੰ ਨਹੀਂ ਪਤਾ ਕਿ ਫ਼ਿਲਮਾਂ 'ਚ ਕੰਮ ਕਰਨ ਵਾਲੇ ਸਰੂਪ ਪਰਿੰਦਾ ਤੇ ਦੇਸਰਾਜ ਜੋ ਅਤਰੋ-ਚਤਰੋ ਦੇ ਕਿਰਦਾਰ ਨਾਲ ਮਸ਼ਹੂਰ ਹੋਏ ਤਾਂ ਇਹ ਖੋਜ ਜਸਵਿੰਦਰ ਭੱਲੇ ਦੀ ਹੀ ਸੀ। ਇਕੱਠਿਆਂ ਪੜ੍ਹਦਿਆਂ ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾ 'ਚਾਚਾ-ਭਤੀਜ' ਬਣ ਕੇ ਪੰਜਾਬੀਆਂ ਦੇ ਬਹੁਤ ਨੇੜੇ ਹੋ ਕੇ ਵਿਚਰੇ 'ਤੇ ਸੱਚੀ ਮੁੱਚੀ ਇਨ੍ਹਾਂ ਦੋ ਕਿਰਦਾਰਾਂ ਨੇ ਸਾਨੂੰ ਸਾਰਿਆਂ ਨੂੰ ਰੱਜ ਕੇ ਹਸਾਇਆ। ਨੀਲੂ ਸ਼ਰਮਾ ਨਾਂ ਦੀ ਮੁਟਿਆਰ ਨੂੰ ਇਕ ਮੁਕੰਮਲ ਕਲਾਕਾਰ ਬਣਾਉਣ 'ਚ ਜਸਵਿੰਦਰ ਭੱਲਾ ਦੀ ਬੜੀ ਵੱਡੀ ਭੂਮਿਕਾ ਸੀ। ਫ਼ਿਲਮਾਂ ਹੋਣ, ਸੀਰੀਅਲ ਹੋਣ, ਜਲੰਧਰ ਦੂਰਦਰਸ਼ਨ ਹੋਵੇ, ਵਿਦੇਸ਼ਾਂ 'ਚ ਹਾਸ-ਰਸ ਪ੍ਰੋਗਰਾਮ ਹੋਣ, ਖੇਤੀਬਾੜੀ ਯੂਨੀਵਰਸਿਟੀ ਦੇ ਵਿਹੜੇ 'ਚ ਕੋਈ ਰੌਣਕ ਹੋਵੇ ਤੇ ਜਸਵਿੰਦਰ ਭੱਲਾ ਗ਼ੈਰ-ਹਾਜ਼ਰ ਹੋਵੇ ਏਦਾਂ ਹੋ ਨਹੀਂ ਸੀ ਸਕਦਾ। 65 ਸਾਲਾਂ ਦੀ ਉਮਰ ਕੁਝ ਵੀ ਨਹੀਂ ਹੁੰਦੀ ਤੇ ਇਸ ਉਮਰ 'ਚ ਜਸਵਿੰਦਰ ਭੱਲੇ ਦੀ ਅਲਵਿਦਾ ਬੜੇ ਚਿਰਾਂ ਤੱਕ ਭੁੱਲੇਗੀ ਨਹੀਂ ਤੇ ਰੜਕਦੀ ਹੀ ਰਹੇਗੀ। ਸਾਲ ਕੁ ਪਹਿਲਾਂ ਪਤਾ ਲੱਗਾ ਸੀ ਕਿ ਉਹ ਢਿੱਲਾ-ਮਿੱਠਾ ਹੈ, ਦਿਲ ਲਾਉਣ ਵਾਲੇ ਦਾ ਦਿਲ ਰਾਜ਼ੀ-ਬਾਜ਼ੀ ਨ੍ਹੀਂ! ਪਰ ਏਦਾਂ ਨਹੀਂ ਲਗਦਾ ਸੀ ਕਿ ਉਹ ਸੱਚੀਂ ਤੁਰ ਜਾਵੇਗਾ। ਚਲੋ! ਇਹ ਘਾਟਾ ਤਾਂ ਪੂਰਾ ਨਹੀਂ ਹੋਏਗਾ ਪਰ ਆਪਾਂ ਹੌਕਿਆਂ ਦਾ ਇਕ ਤਾਣਾ ਬਾਣਾ ਇਨ੍ਹਾਂ ਸ਼ਬਦਾਂ ਨਾਲ ਬੁਣਦੇ ਹਾਂ-

ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇ ਕਿ ਕਾਲਜ, ਫਿਰ ਯੂਨੀਵਰਸਿਟੀ 'ਚ ਪੜ੍ਹਦਿਆਂ ਉਹ ਬਾਲ ਮੁਕੰਦ ਸ਼ਰਮਾ ਨਾਲ ਭੰਡਾਂ ਦੀਆਂ ਨਕਲਾਂ ਲਗਾਉਂਦਾ ਹੁੰਦਾ ਸੀ। ਬਾਅਦ 'ਚ ਜਦੋਂ ਮੋਹਨ ਸਿੰਘ ਮੇਲੇ 'ਤੇ ਉਨ੍ਹਾਂ ਇਸੇ ਰੰਗ 'ਚ ਹਾਜ਼ਰੀ ਭਰੀ ਤਾਂ ਕਮਾਲ ਹੋ ਗਈ। ਇਥੋਂ ਜਗਦੇਵ ਸਿੰਘ ਜੱਸੋਵਾਲ ਨਾਲ ਨੇੜਤਾ ਹੋਈ ਤੇ ਫਿਰ ਜੱਸੋਵਾਲ ਨੇ ਕਿਹਾ ਕਿ ਤੁਸੀਂ ਮੇਰੇ ਆਲ੍ਹਣੇ 'ਚ ਹੀ ਰਹਿਣ ਲੱਗ ਪਓ ਹੁਣ। ਤੇ ਇਹ ਜੋੜੀ ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾ ਬੜੀ ਦੇਰ ਜੱਸੋਵਾਲ ਦੇ ਗੁਰਦੇਵ ਨਗਰ ਸਥਿਤ ਲੁਧਿਆਣੇ ਵਾਲੇ ਘਰ 'ਚ ਪੜ੍ਹਨ ਦੇ ਦਿਨਾਂ ਤੋਂ ਲੈ ਕੇ ਕਈ ਛਣਕਾਟੇ ਪੁਆਉਣ ਤੱਕ ਰਹਿੰਦੀ ਰਹੀ। ਦੋ ਦਰਜਨ ਤੋਂ ਵੱਧ ਭੱਲੇ ਤੇ ਬਾਲੇ ਨੇ ਪਹਿਲਾਂ ਆਡੀਓ ਕੈਸਟਾਂ, ਫਿਰ ਵੀਡੀਓ ਐਲਬਮਾਂ ਨਾਲ ਰੱਜ ਕੇ ਪੰਜਾਬੀਆਂ ਦਾ ਮਨੋਰੰਜਨ ਕੀਤਾ। ਕਹਿ ਸਕਦੇ ਹਾਂ ਕਿ ਇਨ੍ਹਾਂ ਕੈਸਟਾਂ ਤੇ ਐਲਬਮਾਂ ਨੂੰ ਲੋਕਾਂ ਨੇ ਲਾਈਨ 'ਚ ਲੱਗ ਕੇ ਖਰੀਦਿਆ ਤੇ ਕੋਹ ਕੋਹ 'ਤੇ ਛਣਕਾਟੇ ਪੈਂਦੇ ਸੁਣੇ ਗਏ। ਫ਼ਿਲਮਾਂ ਵੱਲ ਹੱਥ ਵਧਾਇਆ ਤਾਂ ਕਮਾਲ ਹੋ ਗਈ। ਜੇ ਦੂਰਦਰਸ਼ਨ ਜਲੰਧਰ ਵੱਲ ਵੇਖੀਏ ਤਾਂ ਚਾਹੇ 'ਕੱਚ ਦੀਆਂ ਮੁੰਦਰਾਂ' ਸੀ, ਚਾਹੇ 'ਛਣਕਾਟਾ' ਸੀ ਤੇ ਚਾਹੇ 'ਰੌਣਕ ਮੇਲਾ' ਜਸਵਿੰਦਰ ਭੱਲੇ ਹੋਰਾਂ ਦੀ ਹਾਜ਼ਰੀ ਬਿਨਾਂ ਸ਼ਾਇਦ ਪੂਰੇ ਦਾ ਪੂਰਾ ਹਾਸਾ ਨਿਕਲਦਾ ਹੀ ਨਹੀਂ ਸੀ। ਇਹ ਉਹੀ ਦਿਨ ਸਨ ਜਦੋਂ ਹਰਭਜਨ ਜੱਬਲ ਤੇ ਜਤਿੰਦਰ ਕੌਰ ਦੀ ਚੜ੍ਹਾਈ ਹੋਈ ਤੇ ਜਸਵਿੰਦਰ ਭੱਲਾ, ਨੀਲੂ ਸ਼ਰਮਾ ਤੇ ਬਾਲ ਮੁਕੰਦ ਸ਼ਰਮਾ ਨੇ ਸਿਖਰ ਕੀਤੀ। ਗਾਇਕ ਸੁਖਵਿੰਦਰ ਸੁੱਖੀ ਜਸਵਿੰਦਰ ਭੱਲੇ ਹੋਰਾਂ ਦੇ ਛਣਕਾਟੇ 'ਚ ਗਾਉਣ ਨਾਲ ਹੀ ਸਿਖਰਲੇ ਡੰਡੇ 'ਤੇ ਜਾ ਬੈਠਾ ਸੀ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਜੱਸੋਵਾਲ ਦੇ ਡੇਰੇ 'ਚ ਡਾਕਟਰ ਸੁਖਨੈਨ ਨੇ ਬੜਾ ਚਿਰ ਗੁਜ਼ਾਰਿਆ, ਭੱਲੇ ਹੁਰਾਂ ਨੇ ਵੀ ਤੇ ਕਈ ਗਾਇਕਾਂ ਨੇ ਇਥੋਂ ਹੀ ਜੱਸੋਵਾਲ ਦੇ ਘਰ ਰਹਿ ਕੇ ਆਪਣੀ ਕਲਾ ਮੁਹਾਰਤ ਹਾਸਲ ਕੀਤੀ। ਇਕ ਵਾਰ ਉੱਤਰੀ ਜ਼ੋਨ ਸੱਭਿਆਚਾਰਕ ਕੇਂਦਰ ਦੀ ਮੀਟਿੰਗ ਤੋਂ ਮੈਂ ਤੇ ਜੱਸੋਵਾਲ ਪਰਤ ਰਹੇ ਸਾਂ। ਗਰਮੀ ਦੀ ਸਿਖਰ ਸੀ ਤੇ ਖੰਨਾ ਲੰਘ ਕੇ ਜੱਸੋਵਾਲ ਨੇ ਕਿਹਾ ਕਿ ਜਸਵਿੰਦਰ ਭੱਲੇ ਹੁਰਾਂ ਦੇ ਘਰ ਦੁਰਾਹੇ ਰੁਕ ਕੇ ਚਲਦੇ ਆਂ। ਉਦੋਂ ਭੱਲਾ ਪਰਿਵਾਰ ਨਾਲ ਉੱਥੇ ਹੀ ਵਸਦਾ ਸੀ। ਘਰ ਗਏ ਤਾਂ ਸਾਰੇ ਘਰੇ ਸਨ। ਚਾਹ ਵਾਲਾ ਪਤੀਲਾ ਚੜ੍ਹਨ ਲੱਗਾ ਤਾਂ ਜੱਸੋਵਾਲ ਨੇ ਕਿਹਾ ਕਿ ਨਹੀਂ ਗਰਮੀ ਬਹੁਤ ਹੈ, ਅਸੀਂ ਚਾਹ ਪੀਵਾਂਗੇ ਤੁਸੀਂ ਲੱਸੀ ਲਿਆਓ। ਭੱਲੇ ਦੀ ਮਾਤਾ ਨੇ ਕਿਹਾ 'ਜੀ ਇਸ ਵੇਲੇ ਲੱਸੀ ਤਾਂ ਹੈ ਨ੍ਹੀਂ' ਤਾਂ ਜੱਸੋਵਾਲ ਨੇ ਹੱਸ ਕੇ ਕਿਹਾ ਜਸਵਿੰਦਰ ਭੱਲੇ ਨੂੰ, ਘਰ ਆਏ ਨੂੰ ਪੁੱਛਿਓ ਲੱਸੀ ਕਿਹੜੇ ਘਰ 'ਚ ਨਹੀਂ ਹੁੰਦੀ? ਇਕ ਚੀਨੀ ਦਾ ਕੱਪ ਦੁੱਧ ਦਾ ਭਰ ਕੇ ਜੱਗ 'ਚ ਪਾਓ, ਬਰਫ ਪਾਓ ਥੋੜ੍ਹਾ ਜਿਹਾ ਲੂਣ ਤੇ ਭਰ ਦਿਓ ਪਾਣੀ ਨਾਲ, ਬਣ ਗਈ ਲੱਸੀ। ਸਾਰੇ ਹੱਸ ਪਏ। ਬੜੀਆਂ ਮੁਲਾਕਾਤਾਂ ਜਸਵਿੰਦਰ ਭੱਲੇ ਨਾਲ ਹੁੰਦੀਆਂ ਰਹੀਆਂ, ਨਰਾਜ਼ਗੀਆਂ ਵੀ, ਨਿਹੋਰੇ ਵੀ, ਪਰ ਜਸਵਿੰਦਰ ਭੱਲੇ ਦੀ ਇਨਸਾਨੀ ਜ਼ਿੰਦਗੀ ਤੋਂ ਕਦੇ ਵੀ ਮੁੱਖ ਨਹੀਂ ਫੇਰਿਆ ਜਾ ਸਕਦਾ।

ਚਾਚੇ ਚਤਰੇ ਦਾ ਅਰਥ ਵੀ ਜਸਵਿੰਦਰ ਭੱਲਾ ਰਿਹਾ ਹੈ। ਲੁਧਿਆਣੇ ਦੇ ਦੋਰਾਹੇ ਪਿੰਡ ਨਾਲ ਸੰਬੰਧਿਤ ਜਸਵਿੰਦਰ ਭੱਲਾ ਨੇ ਫਿਰ ਬਹੁਤੀ ਜ਼ਿੰਦਗੀ ਲੁਧਿਆਣੇ ਤੇ ਫਿਰ ਮੋਹਾਲੀ 'ਚ ਗੁਜ਼ਾਰੀ। ਉਹ 1960 'ਚ ਜਨਮਿਆ। ਉਹਦੇ ਪਿਤਾ ਸ. ਬਹਾਦਰ ਸਿੰਘ ਭੱਲਾ ਪੇਸ਼ੇ ਵਜੋਂ ਅਧਿਆਪਕ ਸਨ ਤੇ ਉਹਨੇ ਮੁਢਲੀ ਸਿੱਖਿਆ ਵੀ ਦੋਰਾਹੇ ਤੋਂ ਹੀ ਪ੍ਰਾਪਤ ਕੀਤੀ। ਖੇਤੀਬਾੜੀ ਯੂਨੀਵਰਸਿਟੀ ਤੋਂ ਬੀ.ਐਸਸੀ, ਐਮ.ਐਸਸੀ ਤੋਂ ਬਾਅਦ ਇੱਥੇ ਹੀ ਸੇਵਾ ਕਰਨ ਦਾ ਮੌਕਾ ਮਿਲਿਆ ਤੇ ਇਥੋਂ ਹੀ ਸੇਵਾ ਮੁਕਤੀ ਦਾ ਵਕਤ ਵੀ। ਉਹ 1975 ਵਿਚ ਆਲ ਇੰਡੀਆ ਰੇਡੀਓ ਲਈ ਚੁਣਿਆ ਗਿਆ। 1988 ਵਿਚ ਉਸ ਦੀ ਪਹਿਲੀ ਕੈਸਿਟ 'ਛਣਕਾਟਾ' ਆਈ ਸੀ ਤੇ ਉਸ ਤੋਂ ਬਾਅਦ 2003 ਤੱਕ ਇਹ ਝੜੀ ਲੱਗੀ ਰਹੀ। ਕਦੇ ਕਦੇ ਵਿਵਾਦਤ ਗੱਲਾਂ ਵੀ ਹੁੰਦੀਆਂ ਰਹੀਆਂ ਪਰ ਭੱਲੇ ਨੇ ਹਰ ਗੱਲ ਨੂੰ ਆਪਣੀ ਲਿਆਕਤ ਨਾਲ ਨਵਾਂ ਮੋੜ ਦਿੱਤਾ। ਉਹਦੇ ਤੁਰ ਜਾਣ ਤੋਂ ਬਾਅਦ ਵੀ ਜੇ ਉਹਦੀ ਛਣਕਾਟਾ ਲੜੀ ਨੂੰ ਇਕ ਵਾਰੀ ਫਿਰ ਤੁਸੀਂ ਧਿਆਨ ਨਾਲ ਸੁਣੋਗੇ ਤਾਂ ਤੁਹਾਨੂੰ ਇਹ ਲੱਗੇਗਾ ਕਿ ਪੰਜਾਬ ਦੇ ਪੇਂਡੂ ਸੱਭਿਆਚਾਰ ਤੇ ਠੇਠ ਅੰਦਾਜ਼ ਨੂੰ ਜਿਉਂਦਿਆਂ ਰੱਖਣ 'ਚ ਜਸਵਿੰਦਰ ਭੱਲੇ ਦਾ ਬਹੁਤ ਵੱਡਾ ਯੋਗਦਾਨ ਹੈ। ਹਸਾਉਣ ਦੀ ਕਲਾ ਉਹ ਆਪਣੇ ਅੰਦਾਜ਼ ਨਾਲ ਲੈ ਕੇ ਆਇਆ ਸੀ। ਉਹਦੀ ਹਰ ਗੱਲ ਵਿਚ ਵਿਅੰਗ ਸੀ ਤੇ ਹਰ ਗੱਲ ਵਿਚ ਹੀ ਹਸਾਉਣ ਦਾ ਇਕ ਰਸ ਲੁਕਿਆ ਹੋਇਆ ਹੁੰਦਾ ਸੀ। 'ਦੁੱਲਾ ਭੱਟੀ' ਤੋਂ ਆਪਣੇ ਫ਼ਿਲਮੀ ਕੈਰੀਅਰ ਨੂੰ ਬਰੇਕ ਦੇਣ ਵਾਲੇ ਜਸਵਿੰਦਰ ਭੱਲਾ ਨੇ 'ਮਾਹੌਲ ਠੀਕ ਹੈ, ਜੀਜਾ ਜੀ, ਜਿਹਨੇ ਮੇਰਾ ਦਿਲ ਲੁੱਟਿਆ, ਮੇਲ ਕਰਾ ਦੇ ਰੱਬਾ, ਕੈਰੀ ਆਨ ਜੱਟਾ, ਜੱਟ ਐਂਡ ਜੂਲੀਅਟ, ਵਿਸਾਖੀ ਲਿਸਟ' ਤੱਕ ਦਰਜਨਾਂ ਫ਼ਿਲਮਾਂ ਵਿਚ ਬਾਖੂਬੀ ਹਾਸਰਸ ਤੇ ਵੱਖ ਵੱਖ ਕਿਰਦਾਰ ਨਿਭਾਏ। 'ਐਨ ਆਰ ਆਈ' (ਨਹੀਂ ਰਹਿਣਾ ਇੰਡੀਆ) ਤੇ ਇਕ ਉਨ੍ਹਾਂ ਦਾ ਸਟੇਜ ਸ਼ੋਅ 'ਨੌਟੀ ਬਾਬਾ ਇਨ ਯੂਅਰ ਟਾਊਨ' ਵਿਦੇਸ਼ਾਂ 'ਚ ਬਹੁਤ ਪਾਪੂਲਰ ਹੋਏ। ਇਤਫਾਕ ਸੀ ਕਿ ਦੋ ਸਾਲ ਪਹਿਲਾਂ ਕੈਨੇਡਾ ਦੇ ਐਬਸਫੋਰਟ ਸ਼ਹਿਰ ਵਿਚ ਉਹਦਾ 'ਨੌਟੀ ਬਾਬਾ' ਵਾਲਾ ਸ਼ੋਅ ਵੇਖਣ ਦਾ ਮੌਕਾ ਮਿਲਿਆ। ਸੱਚੀਂ-ਮੁੱਚੀਂ ਹੀ ਜਿਸ ਢੰਗ ਨਾਲ ਪੰਜਾਬ ਦੀ ਸਿਆਸਤ ਤੇ ਖਾਸ ਤੌਰ 'ਤੇ ਕੈਪਟਨ ਅਮਰਿੰਦਰ ਸਿੰਘ ਦੇ ਰੋਲ ਨੂੰ ਜਸਵਿੰਦਰ ਭੱਲੇ ਨੇ ਨਿਭਾਇਆ ਸ਼ਾਇਦ ਹੋਰ ਕਿਸੇ ਤੋਂ ਨਿਭਾਇਆ ਹੀ ਨਹੀਂ ਜਾ ਸਕਦਾ ਸੀ। ਇਸ ਪਲੇਅ ਵਿਚ ਬੜਾ ਕੁਝ ਸਿੱਖਣ ਵਾਲਾ ਸੀ ਤੇ ਬੜਾ ਕੁਝ ਸਿਖਾਉਣ ਵਾਲਾ ਸੀ। ਇਹ ਸ਼ਾਇਦ ਰਾਜਨੀਤੀ 'ਤੇ ਸਭ ਤੋਂ ਤਿੱਖਾ ਜਸਵਿੰਦਰ ਭੱਲੇ ਦਾ ਕਟਾਕਸ਼ ਵੀ ਸੀ। ਭੱਲੇ ਨੇ ਪਿੱਪਲ ਥਾਂ ਪਿੱਪਲ ਤੇ ਜਾਂ ਬੋਹੜ ਥਾਂ ਬੋਹੜ ਲਾਉਣ ਦਾ ਯਤਨ ਤਾਂ ਕੀਤਾ। ਆਪਣੇ ਪੁੱਤਰ ਪੁਖਰਾਜ ਭੱਲਾ ਤੇ ਬੇਟੀ ਅਸ਼ਪ੍ਰੀਤ ਭੱਲਾ ਨੂੰ ਆਪਣੇ ਨਾਲ ਛਣਕਾਟਾ ਲੜੀ 'ਚ ਤੇ ਫ਼ਿਲਮਾਂ 'ਚ ਲਿਆਉਣ ਦਾ ਸਫਲ ਯਤਨ ਕੀਤਾ। ਪੁੱਤਰ ਪੁਖਰਾਜ ਭੱਲਾ ਇਸ ਵੇਲੇ ਫ਼ਿਲਮੀ ਖੇਤਰ 'ਚ ਕਾਫੀ ਸਰਗਰਮੀ ਨਾਲ ਵਿਚਰ ਰਿਹਾ ਹੈ। ਫਾਈਨ ਆਰਟਸ ਦੀ ਅਧਿਆਪਕਾ ਪਰਮਦੀਪ ਭੱਲਾ ਨਾਲ ਜਸਵਿੰਦਰ ਦਾ ਵਿਆਹ ਹੋਇਆ ਤੇ ਦੋਹਾਂ ਦੀ ਖ਼ੁਸ਼ਗਵਾਰ ਜ਼ਿੰਦਗੀ ਵੀ ਹਾਸਿਆਂ ਨਾਲ ਭਰੀ ਰਹੀ

ਜਲੰਧਰ ਦੂਰਦਰਸ਼ਨ ਦੇ ਅਨੇਕਾਂ ਪ੍ਰੋਗਰਾਮਾਂ 'ਚ ਜਸਵਿੰਦਰ ਭੱਲੇ ਦੀ ਹਾਜ਼ਰੀ ਕਮਾਲ ਦੀ ਰਹੀ। ਨਵੇਂ ਸਾਲ ਦੇ ਪ੍ਰੋਗਰਾਮਾਂ ਨੂੰ ਪੇਸ਼ ਕਰਨ 'ਚ ਉਹਦੀ ਲਾਜਵਾਬ ਪੇਸ਼ਕਾਰੀ ਨੂੰ ਕੋਈ ਨਹੀਂ ਭੁੱਲ ਸਕਿਆ। ਕਈ ਦਹਾਕਿਆਂ ਤੱਕ ਉਹ ਜਲੰਧਰ ਦੂਰਦਰਸ਼ਨ ਦਾ ਸਭ ਤੋਂ ਪਿਆਰਾ ਹਾਸਰਸ ਕਲਾਕਾਰ ਆਪਣੇ ਸਾਥੀ ਬਾਲ ਮੁਕੰਦ ਸ਼ਰਮਾ ਨਾਲ ਨਿਭਿਆ। ਚਲੋ ਜ਼ਿੰਦਗੀ ਦੀ ਤੰਦ ਆਖਰ ਟੁੱਟ ਹੀ ਜਾਣੀ ਹੁੰਦੀ ਹੈ ਪਰ ਕੁਝ ਲੋਕ ਅਜਿਹੇ ਹੁੰਦੇ ਨੇ ਜਿਨ੍ਹਾਂ ਦਾ ਵਿਛੋੜਾ ਅਸਹਿ ਵੀ ਹੁੰਦਾ ਹੈ ਤੇ ਉਨ੍ਹਾਂ ਦਾ ਜਾਣਾ ਵੀ ਬੜਾ ਕੁਝ ਗੁਆਉਣ ਵਾਲੀ ਗੱਲ ਹੁੰਦੀ ਹੈ। ਇਸ ਕਰਕੇ ਇਹ ਹਾਸਿਆਂ ਦੀ ਪੰਡ ਹੁਣ ਸ਼ਾਇਦ ਮੁੜ ਕੇ ਕਦੇ ਨਾ ਖੁੱਲ੍ਹੇ। ਸ਼ਾਇਦ ਅਜਿਹੇ ਹਾਸਿਆਂ ਦੀਆਂ ਫੁਹਾਰਾਂ ਹੁਣ ਕਦੇ ਨਾ ਪੈਣ ਤੇ ਸ਼ਾਇਦ ਕੋਈ ਜਸਵਿੰਦਰ ਭੱਲਾ ਮੁੜ ਕੇ ਜਨਮ ਨਾ ਲਵੇ। ਪੰਜਾਬੀ ਸੱਭਿਆਚਾਰ ਦੇ ਵਿਹੜੇ 'ਚ ਜਸਵਿੰਦਰ ਭੱਲੇ ਦੇ ਨਾਂਅ ਨਾਲ ਜਿਹੜਾ ਫੁੱਲ ਖਿੜਿਆ ਸੀ ਉਹਦੀ ਆਪਣੀ ਮਹਿਕ, ਉਹਦਾ ਆਪਣਾ ਰੰਗ ਸੀ ਤੇ ਬਹੁਤ ਕੁਝ ਉਹਦਾ ਆਪਣਾ ਸੀ। ਉਹਦੇ ਤੁਰ ਜਾਣ ਦਾ ਪਰਿਵਾਰ ਨੂੰ ਹੀ ਘਾਟਾ ਨਹੀਂ ਪਿਆ ਸਗੋਂ ਹਰ ਉਸ ਪੰਜਾਬੀ ਦਾ ਘਾਟਾ ਹੈ ਜੋ ਚਾਹੁੰਦਾ ਹੈ ਕਿ ਤਣਾਓ ਦੇ ਮਾਹੌਲ 'ਚ ਜੇ ਕਿਸੇ ਦੇ ਚਿਹਰੇ 'ਤੇ ਰੌਣਕ ਹੈ ਤਾਂ ਉਹ ਭਾਗਾਂ ਭਰਿਆ ਤੇ ਖ਼ੁਸ਼ਨਸੀਬ ਹੈ ਤੇ ਇਨ੍ਹਾਂ ਚਿਹਰਿਆਂ 'ਤੇ ਰੌਣਕ ਲਿਆਉਣ ਵਾਲੀ ਇਹ ਆਵਾਜ਼ ਹੁਣ ਸਦਾ ਲਈ ਖ਼ਾਮੋਸ਼ ਹੋ ਗਈ ਹੈ।

# ਨਹੀਂ ਰਹੇ ਪ੍ਰਸਿੱਧ ਹਾਸਰਸ ਕਲਾਕਾਰ ਜਸਵਿੰਦਰ ਭੱਲਾ

## ਵੱਖ-ਵੱਖ ਰਾਜਸੀ ਆਗੂਆਂ, ਗਾਇਕਾਂ, ਗੀਤਕਾਰਾਂ ਤੇ ਅਦਾਕਾਰਾਂ ਨੇ ਪਰਿਵਾਰ ਨਾਲ ਦੁੱਖ ਕੀਤਾ ਸਾਂਝਾ

ਐੱਸ. ਏ. ਐੱਸ. ਨਗਰ : ਪੰਜਾਬੀ ਕਾਮੇਡੀ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਉਣ ਵਾਲੇ ਅਤੇ ਪੰਜਾਬੀ ਸਿਨੇਮਾ, ਥੀਏਟਰ ਤੇ ਟੈਲੀਵਿਜ਼ਨ 'ਤੇ ਅਮਿੱਟ ਛਾਪ ਛੱਡਣ ਵਾਲੇ ਅਤੇ ਸਰੋਤਿਆਂ ਤੇ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਪ੍ਰਸਿੱਧ ਹਾਸਰਸ ਕਲਾਕਾਰ ਜਸਵਿੰਦਰ ਭੱਲਾ ਉਰਫ਼ ਚਾਚਾ ਚਤਰਾ ਦਾ ਦਿਹਾਂਤ ਹੋ ਗਿਆ। 65 ਸਾਲਾ ਜਸਵਿੰਦਰ ਭੱਲਾ ਨੂੰ 'ਬ੍ਰੇਨ ਸਟਰੋਕ' ਆਉਣ ਤੋਂ ਬਾਅਦ ਇਲਾਜ ਲਈ ਮੁਹਾਲੀ ਦੇ ਫੇਜ਼-8 ਸਥਿਤ ਫੋਰਟਿਸ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ, ਜਿਥੇ ਉਨ੍ਹਾਂ ਆਖ਼ਰੀ ਸਾਹ ਲਏ। ਉਨ੍ਹਾਂ ਦੇ ਦਿਹਾਂਤ ਦੀ ਖ਼ਬਰ ਨਾਲ ਪੰਜਾਬੀ ਫ਼ਿਲਮ ਇੰਡਸਟਰੀ ਅਤੇ ਉਨ੍ਹਾਂ ਦੇ ਚਾਹੁੰਣ ਵਾਲਿਆਂ ਵਿਚ ਸੋਗ ਦੀ ਲਹਿਰ ਦੌੜ ਗਈ। ਇਸ ਦੇ ਚਲਦਿਆਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਸਮੇਤ ਵੱਡੀ ਗਿਣਤੀ 'ਚ ਰਾਜਸੀ ਆਗੂਆਂ, ਗਾਇਕਾਂ, ਗੀਤਕਾਰਾਂ, ਫ਼ਿਲਮੀ ਅਦਾਕਾਰਾਂ ਨੇ ਉਨ੍ਹਾਂ ਦੇ ਮੁਹਾਲੀ ਸਥਿਤ ਨਿਵਾਸ ਵਿਖੇ ਪਹੁੰਚ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਉਹ ਆਪਣੇ ਪਿੱਛੇ ਪਤਨੀ ਪਰਮਦੀਪ ਭੱਲਾ, ਪੁੱਤਰ ਪੁਖਰਾਜ ਭੱਲਾ ਅਤੇ ਧੀ ਅਰਸ਼ਦੀਪ ਕੌਰ ਛੱਡ ਗਏ ਹਨ। 4 ਮਈ 1960 ਨੂੰ ਲੁਧਿਆਣਾ ਦੇ ਦੋਰਾਹਾ ਕਸਬੇ ਵਿਚ ਬਹਾਦਰ ਸਿੰਘ ਭੱਲਾ ਦੇ ਘਰ ਜਨਮੇ ਜਸਵਿੰਦਰ ਭੱਲਾ ਦੇ ਪਿਤਾ ਵੀ ਅਧਿਆਪਕ ਸਨ। ਉਨ੍ਹਾਂ ਨੇ ਮੁੱਢਲੀ ਸਿੱਖਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਤੋਂ ਹਾਸਲ ਕਰਨ ਉਪਰੰਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਬੀ.ਐਸ.ਸੀ. ਐਗਰੀਕਲਚਰ ਤੇ ਐਮ.ਐਸ.ਸੀ. ਐਗਰੀਕਲਚਰ ਕਰਨ ਉਪਰੰਤ ਉਨ੍ਹਾਂ ਚੌਧਰੀ ਚਰਨ ਸਿੰਘ ਪੋਸਟ ਗ੍ਰੈਜੂਏਟ ਕਾਲਜ ਮੇਰਠ ਤੋਂ ਪੀ.ਐੱਚ.ਡੀ. ਕੀਤੀ। ਉਨ੍ਹਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਸਹਾਇਕ ਪ੍ਰੋਫੈਸਰ ਵਜੋਂ ਨੌਕਰੀ ਸ਼ੁਰੂ ਕੀਤੀ ਅਤੇ 31 ਮਈ 2020 ਨੂੰ ਪਸਾਰ ਸਿੱਖਿਆ ਵਿਭਾਗ ਦੇ ਪ੍ਰੋਫੈਸਰ ਅਤੇ ਮੁਖੀ ਵਜੋਂ ਸੇਵਾ-ਮੁਕਤ ਹੋਏ। ਜਸਵਿੰਦਰ ਭੱਲਾ ਨੂੰ ਫ਼ਿਲਮੀ ਖੇਤਰ ਦੇ ਇਸ ਮੁਕਾਮ 'ਤੇ ਪਹੁੰਚਣ ਲਈ ਕਾਫ਼ੀ ਲੰਬਾ ਸੰਘਰਸ਼ ਕਰਨਾ ਪਿਆ। 9ਵੀਂ ਜਮਾਤ 'ਚ ਪੜ੍ਹਦਿਆਂ ਹੀ 1975 ਦੇ ਕਰੀਬ ਜਸਵਿੰਦਰ ਭੱਲਾ ਪਹਿਲੀ ਵਾਰ ਆਲ ਇੰਡੀਆ ਰੇਡੀਓ ਦੇ ਇਕ ਪ੍ਰੋਗਰਾਮ ਵਿਚ ਸ਼ਾਮਿਲ ਹੋਏ ਸਨ। ਉਨ੍ਹਾਂ ਨੇ 1988 ਤੋਂ ਆਪਣੇ ਸਹਿਯੋਗੀ ਕਲਾਕਾਰ ਬਾਲ ਮੁਕੰਦ ਸ਼ਰਮਾ ਨਾਲ 'ਛਣਕਾਟਾ 88' ਰਾਹੀਂ ਕਾਮੇਡੀਅਨ ਵਜੋਂ ਕੈਰੀਅਰ ਦੀ ਸ਼ੁਰੂਆਤ ਕੀਤੀ ਅਤੇ ਫ਼ਿਲਮ 'ਦੁੱਲਾ ਭੱਟੀ' 'ਚ ਪਹਿਲੀ ਵਾਰ ਅਦਾਕਾਰੀ ਕੀਤੀ ਅਤੇ ਇਸ ਤੋਂ ਬਾਅਦ ਪਿਛੇ ਮੁੜ ਕੇ ਨਹੀਂ ਦੇਖਿਆ। ਉਹ ਕਾਮੇਡੀ ਵਿਚ ਚਾਚਾ ਚਤਰਾ ਦੇ ਨਾਂਅ ਨਾਲ ਪ੍ਰਸਿੱਧ ਹੋਏ ਅਤੇ ਉਨ੍ਹਾਂ 'ਛਣਕਾਟਾ' ਨਾਂਅ 'ਤੇ 27 ਤੋਂ ਵੱਧ ਆਡੀਓ ਕੈਸਟਾਂ ਕੱਢ ਕੇ ਪੰਜਾਬ ਦੇ ਲੋਕ ਮਸਲਿਆਂ ਨੂੰ ਪ੍ਰਮੁੱਖ ਤੌਰ 'ਤੇ ਉਭਾਰਿਆ। ਇਨ੍ਹਾਂ ਕੈਸਟਾਂ ਨੂੰ ਲੋਕਾਂ ਨੇ ਦੇਸ਼-ਵਿਦੇਸ਼ ਵਿਚ ਭਰਵਾਂ ਪਿਆਰ ਦਿੱਤਾ। ਉਨ੍ਹਾਂ ਨੇ ਦੋ ਦਰਜਨ ਤੋਂ ਵੱਧ ਫ਼ਿਲਮਾਂ ਵਿਚ ਕੰਮ ਕੀਤਾ, ਜਿਨ੍ਹਾਂ 'ਚੋਂ 'ਬਾਬਲ ਦਾ ਵਿਹੜਾ, ਮਾਹੌਲ ਠੀਕ ਹੈ, ਚੱਕ ਦੇ ਫੱਟੇ, ਮੇਲ ਕਰਾ ਦੇ ਰੱਬਾ, ਜੀਹਨੇ ਮੇਰਾ ਦਿਲ ਲੁੱਟਿਆ, ਪਾਵਰ ਕੱਟ, ਮੈਰਿਜ ਪੈਲੇਸ, ਕੈਰੀ ਆਨ ਜੱਟਾ' ਆਦਿ ਪ੍ਰਮੁੱਖ ਹਨ। ਉਨ੍ਹਾਂ ਦੇ ਅਨੇਕਾਂ ਡਾਇਲਾਗ ਲੋਕਾਂ ਦੇ ਮੂੰਹ 'ਤੇ ਚੜ੍ਹੇ ਹੋਏ ਹਨ। ਉਨ੍ਹਾਂ ਦੇ ਗ੍ਰਹਿ ਵਿਖੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ, 'ਆਪ' ਦੇ ਸੀਨੀਅਰ ਆਗੂ ਦੀਪਕ ਬਾਲੀ, ਮੁਹਾਲੀ ਦੇ ਵਿਧਾਇਕ ਕੁਲਵੰਤ ਸਿੰਘ, ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ, ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ, ਭਾਜਪਾ ਆਗੂ ਡਾ. ਸੁਭਾਸ਼ ਸ਼ਰਮਾ, ਪਰਵਿੰਦਰ ਸਿੰਘ ਬਰਾੜ, ਸੰਜੀਵ ਵਸ਼ਿਸ਼ਟ, ਸੁਖਵਿੰਦਰ ਸਿੰਘ ਗੋਲਡੀ, ਲਖਵਿੰਦਰ ਕੌਰ ਗਰਚਾ, ਅਕਾਲੀ ਆਗੂ ਕਰਮਵੀਰ ਸਿੰਘ ਗੁਲੂ ਗੁਰਾਇਆ, ਪਰਮਜੀਤ ਸਿੰਘ ਕਾਹਲੋਂ, ਸਿੱਖਿਆ ਬੋਰਡ ਦੇ ਚੇਅਰਮੈਨ ਅਮਰਪਾਲ ਸਿੰਘ, ਅਦਾਕਾਰ ਬਾਲ ਮੁਕੰਦ ਸ਼ਰਮਾ, ਗਾਇਕ ਤੇ ਅਦਾਕਾਰ ਪ੍ਰੀਤ ਹਰਪਾਲ, ਲੇਖਕ ਦੇ ਅਦਾਕਾਰ ਨਰੇਸ਼ ਕਥੂਰੀਆ, ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ, ਅਦਾਕਾਰ ਕਰਮਜੀਤ ਸਿੰਘ ਅਨਮੋਲ, ਗਾਇਕ ਤੇ ਅਦਾਕਾਰ ਜੱਸੀ ਗਿੱਲ, ਅਦਾਕਾਰਾ ਰੁਪਿੰਦਰ ਹਾਂਡਾ, ਅਦਾਕਾਰ ਗੁਰਪ੍ਰੀਤ ਘੁੱਗੀ ਤੋਂ ਇਲਾਵਾ ਹੋਰ ਵੀ ਸ਼ਖ਼ਸੀਅਤਾਂ ਪੁੱਜੀਆਂ।



# ਸਚਾ ਅਰਜੁ ਸਚੀ ਅਰਦਾਸਿ

ਅਰਦਾਸ ਸਿੱਖੀ ਦਾ ਅਨਿੱਖੜਵਾਂ ਅੰਗ ਹੈ। ਅਰਦਾਸ ਨਿਰੰਤਰ ਚਲਦੀ ਹੈ। ਸਿੱਖ ਦੀ ਅਰਦਾਸ ਨਾਲ ਸਵੇਰ ਸ਼ਾਮ, ਖ਼ੁਸ਼ੀ ਗਮੀ, ਬਿਮਾਰੀ, ਮੁਸ਼ਕਿਲ, ਜਨਮ ਮਰਨ, ਵਿਆਹ, ਸ਼ੁਕਰਾਨਾ ਆਦਿ ਜੀਵਨ ਦੇ ਹਰ ਖੇਤਰ ਵਿੱਚ ਹਰ ਸਮੇਂ ਪੱਕੀ ਗੰਢ ਹੈ। ਅਰਦਾਸ ਡਿੱਗਦੇ ਨੂੰ ਸਹਾਰਾ, ਮਾਨਸਿਕ ਤੌਰ 'ਤੇ ਬਲ, ਸਵੈ ਨਿਰਭਰ ਤੇ ਜੀਵਨ ਵਿੱਚ ਉਮੰਗ ਲਿਆਉਂਦੀ ਹੈ। ਅਰਦਾਸ ਮਨ ਨੂੰ ਪ੍ਰਭੂ ਚਰਨਾ ਨਾਲ ਜੋੜਦੀ ਹੈ।

ਅਰਦਾਸ ਫ਼ਾਰਸੀ/ਅਰਬੀ ਭਾਸ਼ਾ ਦੇ ਅਰਜ਼ਦਾਸਤ ਤੋਂ ਬਣਿਆ ਮੰਨਿਆਂ ਜਾਂਦਾ ਹੈ ਜਿਸ ਦਾ ਭਾਵ ਹੈ ਅਰਜ਼, ਬੇਨਤੀ, ਅਰਜ਼ੋਈ ਤੇ ਪ੍ਰਾਰਥਨਾ ਆਦਿ, ਅਰਦਾਸ ਸੰਸਕ੍ਰਿਤ ਦੇ ਸ਼ਬਦਾਂ ਅਰਦ ਤੇ ਆਸ਼ ਧਾਤੂ ਦੇ ਸੁਮੇਲ ਤੋਂ ਵੀ ਮੰਨਿਆ ਜਾਂਦਾ ਹੈ। ਹਰ ਧਰਮ ਦੇ ਲੋਕ ਅਰਦਾਸ ਕਰਦੇ ਹਨ ਜਿਵੇਂ ਮੁਸਲਮਾਨ ਵੀਰ ਨਮਾਜ਼, ਹਿੰਦੂ ਵੀਰ ਆਰਤੀ, ਮੰਦਰ ਅਰਦਾਸ ਕਰਦੇ, ਅੰਗਰੇਜ਼ ਵੀਰ ਚਰਚ ਜਾਂਦੇ ਤੇ ਸਿੱਖ ਗੁਰੂਦੁਆਰੇ ਗੁਰੂ ਸਨਮੁੱਖ ਅਰਦਾਸ ਕਰਦੇ ਆਦਿ।

ਅਰਦਾਸ ਅਕਾਲਪੁਰਖ ਨੂੰ ਹਾਜ਼ਰ ਨਾਜ਼ਰ ਜਾਣ ਕੇ ਕੀਤੀ ਜਾਂਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਡੀ ਬਾਂਹ ਪੂਰਨ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਫੜਾਈ ਹੈ। ਪੂਰਨ ਭਰੋਸੇ ਸਿਦਕ ਨਾਲ ਦਿਲੋਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਨਮੁੱਖ ਕੀਤੀ ਗਈ ਅਰਦਾਸ ਥਾਂਇ ਪੈਂਦੀ ਹੈ। ਰੱਬ ਦੇ ਪਿਆਰਿਆਂ ਗੁਰਮੁਖ ਜਨਾਂ ਦਾ ਮੇਲ ਤੇ ਸੱਚੀ ਸੰਗਤ ਵੱਡੇ ਭਾਗਾਂ ਨਾਲ ਨਸੀਬ ਹੁੰਦੀ ਹੈ। ਸੱਚੀ ਸੰਗਤ ਵਿੱਚ ਸਮੂਹਿਕ ਅਰਦਾਸ ਭਾਵ ਸਾਂਝੀ ਅਰਦਾਸ ਹੁੰਦੀ ਹੈ ਜੋ ਕਿ ਆਮ ਤੌਰ ਤੇ ਰੂਹਾਨੀਅਤ ਦੀ ਭਾਵ ਨਾਮ ਪ੍ਰਾਪਤੀ ਲਈ ਬੇਨਤੀ ਹੁੰਦੀ ਹੈ ---

**ਤੂ ਠਾਕੁਰੁ ਤੁਮ ਪਹਿ ਅਰਦਾਸਿ ॥**
**ਜੀਉ ਪਿੰਡੁ ਸਭੁ ਤੇਰੀ ਰਾਸਿ ॥**
**ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥**
**ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥** (ਅੰਗ ੨੬੮)

ਸ੍ਰੀ ਗੁਰੂ ਗ੍ਰੰਥ ਸਾਹਿਬ ਸਨਮੁੱਖ ਅਰਦਾਸ ਸਮੇਂ ਪਹਿਲਾਂ ਅਕਾਲਪੁਰਖ ਨੂੰ ਧਿਆ ਕੇ ਫਿਰ ਦਸ ਗੁਰੂ ਸਾਹਿਬਾਨਾਂ ਦਾ ਧਿਆਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਵਿੱਤਰ ਬਾਣੀ ਦਾ ਧਿਆਨ, ਪੰਜਾਂ ਪਿਆਰਿਆਂ, ਚਾਰੇ ਸਾਹਿਬਜ਼ਾਦਿਆਂ, ਜੀਵਨ ਮੁਕਤਿਆਂ, ਜਪੀਆਂ ਤਪੀਆਂ, ਸ਼ਹੀਦ ਸਿੰਘਾਂ ਆਦਿ ਕਮਾਈ ਵਾਲੀਆਂ ਰੂਹਾਂ ਨੂੰ ਯਾਦ ਕੀਤਾ ਜਾਂਦਾ, ਪੰਜਾਂ ਤਖ਼ਤਾਂ ਗੁਰੂਦੁਆਰਿਆਂ ਦਾ ਧਿਆਨ ਧਰਿਆ ਜਾਂਦਾ, ਵਾਹਿਗੁਰੂ ਜੀ ਪਾਸੋਂ ਸਿੱਖੀ ਦਾਨ, ਕੇਸ ਦਾਨ, ਬਿਬੇਕ ਦਾਨ, ਭਰੋਸਾ ਦਾਨ, ਨਾਮ ਦਾਨ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਆਦਿਕ ਦਾਨ ਲਈ ਬੇਨਤੀ, ਮਨ ਨੀਵਾਂ ਮੱਤ ਉੱਚੀ ਅਤੇ ਵਾਹਿਗੁਰੂ ਰਖਵਾਲਾ ਦੀ ਅਰਦਾਸ ਸਮੇਂ ਮਨ ਜੁੜ ਜਾਂਦਾ ਹੈ ਤੇ ਜੀਵ ਆਪਣੀ ਅਰਦਾਸ ਬੇਨਤੀ ਸਤਿਗੁਰੂ ਪਾਸ ਕਰਦਾ ਹੈ।

ਅਰਦਾਸ ਸਿੱਖ ਦੇ ਅੰਦਰਲੇ ਭਾਵਾਂ ਦਾ ਪ੍ਰਗਟਾਅ ਹੈ ਜੋ ਸ਼ਰਧਾਲੂ ਆਪਣੇ ਗੁਰੂ, ਪ੍ਰਭੂ ਸਨਮੁੱਖ ਹਾਜ਼ਰ ਨਾਜ਼ਰ ਸਮਝ ਕੇ ਕਰਦਾ ਹੈ। ਸ਼ਰਧਾਲੂ ਆਪਣੇ ਦਿਲ ਨੂੰ ਗੁਰੂ ਸਨਮੁੱਖ ਫਰੋਲਦਾ ਹੈ। ਅਰਦਾਸ ਵਿੱਚ ਜੀਵ ਆਪਣੇ ਗੁਰੂ, ਪਰਮਾਤਮਾ ਪਾਸੋਂ ਆਪਣੀ ਮੱਤ ਅਨੁਸਾਰ ਮੰਗਦਾ ਹੈ ਜਿਵੇਂ ਦੁਨਿਆਵੀ ਪਦਾਰਥਾਂ , ਔਲਾਦ ਲਈ, ਵਿਦੇਸ਼ ਜਾਣ, ਪੜ੍ਹਾਈ ਨੌਕਰੀ, ਸਿਹਤ ਤੇ ਪਰਿਵਾਰ ਲਈ ਆਦਿ। ਕੋਈ ਵਿਰਲਾ ਹੀ ਗੁਰੂ ਦਾ ਸਿੱਖ ਦੁਨਿਆਵੀ ਪਦਾਰਥਾਂ ਤੋਂ ਉੱਪਰ ਉੱਠ ਸੱਚੇ ਨਾਮ ਦੀ ਮੰਗ ਮੰਗਦਾ ਹੈ, ਰੂਹਾਨੀਅਤ ਦੇ ਮਾਰਗ ਚਲਦਿਆਂ ਪ੍ਰਭੂ ਮਿਲਾਪ ਮੰਗਦਾ ਹੈ।

ਸਿੱਖ ਧਰਮ ਅੰਦਰ ਗੁਰੂਦੁਆਰਾ ਸਾਹਿਬ ਵਿਖੇ ਜਾਂ ਕਿਸੇ ਕਾਰਜ ਸਮੇਂ ਅਰਦਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਨਮੁੱਖ ਦੋਵੇਂ ਹੱਥ ਜੋੜ, ਖੜ੍ਹੇ ਹੋ ਕੇ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਸਮਝ ਕੀਤੀ ਜਾਂਦੀ ਹੈ, ਘਰ ਜਾਂ ਹੋਰ ਥਾਂ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਮੌਜੂਦ ਨਹੀਂ ਹੁੰਦਾ ਉੱਥੇ ਵੀ ਸਿੱਖ ਗੁਰੂ ਜੀ ਨੂੰ ਹਾਜ਼ਰ ਨਾਜ਼ਰ ਜਾਣ ਅਰਦਾਸ ਕਰਦੇ ਹਨ–

**ਹੈ ਹਜੂਰਿ ਹਾਜਰੁ ਅਰਦਾਸਿ ॥**
**ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥** (ਅੰਗ ੩੫੨)

**ਦੁਇ ਕਰ ਜੋੜਿ ਕਰਉ ਅਰਦਾਸਿ ॥**
**ਤੁਧੁ ਭਾਵੈ ਤਾ ਆਣਹਿ ਰਾਸਿ ॥** (ਅੰਗ ੭੩੭)

**ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ ॥**
**ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥** (ਅੰਗ ੧੦੯੬)

**ਦੁਇ ਕਰ ਜੋੜਿ ਇਕੁ ਬਿਨਉ ਕਰੀਜੈ ॥**
**ਕਰਿ ਕਿਰਪਾ ਡੁਬਦਾ ਪਥਰੁ ਲੀਜੈ ॥** (ਅੰਗ ੧੦੩)

**ਕਰਿ ਜੋੜਿ ਨਾਨਕੁ ਕਰੈ ਅਰਦਾਸਿ ॥**
**ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥** (ਅੰਗ ੩੯੨)

**ਦੁਇ ਕਰ ਜੋੜਿ ਕਰੀ ਅਰਦਾਸਿ ॥**
**ਚਰਨ ਪਖਾਰਿ ਕਹਾਂ ਗੁਣ ਤਾਸਿ ॥** (ਅੰਗ ੬੭੬)

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਸੀਂ ਮੰਗਣਾ ਆਪਣੇ ਗੁਰੂ ਤੋਂ ਹੀ ਹੈ। ਵਾਹਿਗੁਰੂ ਜੀ ਨੇ ਚੌਰਾਸੀ ਲੱਖ ਜੂਨਾਂ ਤੋਂ ਉੱਤਮ ਜੂਨ ਮਾਨਸ ਜਨਮ ਬਖ਼ਸ਼ਿਸ਼ ਕੀਤਾ ਹੈ ਤਾਂ ਕਿ ਅਸੀਂ ਆਪਣੇ ਮੂਲ ਨੂੰ ਮਿਲ ਸਕੀਏ। ਸਾਡੀ ਸੇਵਾ ਘਾਲ ਥੋੜੀ ਹੁੰਦੀ ਹੈ ਪਰ ਅਸੀਂ ਮੰਗਾਂ ਦੀ ਝੜੀ ਲਾ ਦਿੰਦੇ ਹਾਂ। ਸਤਿਗੁਰੂ ਜੀ ਨਾਮ ਦੇ ਭੰਡਾਰ ਹਨ, ਸਾਡਾ ਅਕਾਲਪੁਰਖ ਨਾਲ ਮਿਲਾਪ ਸਤਿਗੁਰੂ ਹੀ ਕਰਵਾ ਸਕਦੇ ਹਨ। ਦੁਨਿਆਵੀ ਪਦਾਰਥ ਨਾਸ਼ਵਾਨ ਹਨ, ਅੰਤ ਸਮੇਂ ਕਿਸੇ ਦੁਨਿਆਵੀ ਪਦਾਰਥ ਨਾਲ ਨਹੀਂ ਜਾਣਾ। ਮਨ ਦੀ ਭੁੱਖ ਪਰਮਾਤਮਾ ਦਾ ਨਾਮ ਹੀ ਮਿਟਾ ਸਕਦਾ ਹੈ। ਜਦੋਂ ਜੀਵ ਸਤਿਗੁਰੂ ਦੇ ਸਨਮੁੱਖ ਖੜ੍ਹ ਦੁਨਿਆਵੀ ਪਦਾਰਥਾਂ ਦਾ ਹੀ ਗੁਣਗਾਨ ਕਰਦੇ ਹਨ ਭਾਵ ਨਾਮ ਦੀ ਦਾਤ ਨਹੀਂ ਮੰਗਦੇ ਤਾਂ ਅਜਿਹੇ ਵਿਅਕਤੀ ਜੂਆਰੀ ਤਰਾਂ ਹਨ, ਠਾਕੁਰ ਨੂੰ ਛੱਡ ਕੇ ਮਾਇਆ ਦਾਸੀ ਮੰਗਣ ਵਾਲੇ ਅੰਧੇ ਅਗਿਆਨੀ ਹਨ –

**ਸੇਵਾ ਥੋਰੀ ਮਾਗਨੁ ਬਹੁਤਾ ॥**
**ਮਹਲੁ ਨ ਪਾਵੈ ਕਹਤੋ ਪਹੁਤਾ ॥** (ਅੰਗ ੭੩੮)

**ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ।** (ਅੰਗ ੧੧੩੮)

**ਐਸਾ ਜਗੁ ਦੇਖਿਆ ਜੂਆਰੀ ॥**
**ਸਭਿ ਸੁਖ ਮਾਗੈ ਨਾਮੁ ਬਿਸਾਰੀ ॥** (ਅੰਗ ੨੨੨)

**ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥**
**ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥** (ਅੰਗ ੯੫੮)

**ਐ ਜੀ ਕਿਆ ਮਾਗਉ ਕਿਛੁ ਰਹੈ ਨ ਦੀਸੈ ਇਸੁ ਜਗ ਮਹਿ ਆਇਆ ਜਾਈ ॥**
**ਨਾਨਕ ਨਾਮੁ ਪਦਾਰਥੁ ਦੀਜੈ ਹਿਰਦੈ ਕੰਠਿ ਬਣਾਈ ॥** (ਅੰਗ ੫੦੪)

ਦੁੱਖ ਸੁੱਖ ਜ਼ਿੰਦਗੀ ਦਾ ਹਿੱਸਾ ਹਨ। ਸਾਡੇ ਕਰਮਾਂ ਅਨੁਸਾਰ ਅਸੀਂ ਜੋ ਬੀਜਿਆ ਓਹੀ ਸਾਨੂੰ ਵੱਢਣਾ ਪਵੇਗਾ। ਜਿਸ ਪ੍ਰਮਾਤਮਾ ਨੇ ਸਾਨੂੰ ਪੈਦਾ ਕੀਤਾ, ਜੋ ਸਾਨੂੰ ਸਵਾਸ ਦੇ ਕੇ ਜਿੰਦਾ ਰੱਖ ਰਿਹਾ ਉਹੀ ਸਾਡੀ ਰੱਖਿਆ ਕਰੇਗਾ। ਬਿਮਾਰੀ, ਪ੍ਰੇਸ਼ਾਨੀ, ਬਿਪਤਾ ਆਦਿ ਆਉਣ ਤੇ ਘਬਰਾਉਣਾ ਨਹੀਂ ਚਾਹੀਦਾ, ਸਿਮਰਨ ਕਰਦਿਆਂ ਆਪਣੇ ਸਤਿਗੁਰੂ ਮਾਲਕ ਅੱਗੇ ਅਰਦਾਸ ਕਰਨੀ ਚਾਹੀਦੀ ਹੈ। ਵਾਹਿਗੁਰੂ ਜੀ ਤੋਂ ਸਬਰ, ਭਾਣਾ, ਬਲ ਤੇ ਕਿਰਪਾ ਦੀ ਅਰਦਾਸ ਕਰੀਏ ਕਿਉਂਕਿ ਵਾਹਿਗੁਰੂ ਜੀ ਸਭ ਦੁੱਖਾਂ ਦਾ ਨਿਵਾਰਨ ਕਰਦੇ ਹਨ ਤੇ ਕੋਈ ਬਿਘਨ ਨਹੀਂ ਲਗਦਾ –

**ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥**
**ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥** (ਅੰਗ ੫੧੯)

**ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ ॥**
**ਜੀਅ ਕੀ ਅਰਦਾਸਿ ਗੁਰੂ ਪਹਿ ਪਾਈ ॥** (ਅੰਗ ੩੯੬)

**ਤੀਨੇ ਤਾਪ ਨਿਵਾਰਨਹਾਰਾ ਦੁਖ ਹੰਤਾ ਸੁਖ ਰਾਸਿ ॥**
**ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ ॥** (ਅੰਗ ੭੧੪)

ਵਾਹਿਗੁਰੂ ਜੀ ਨੇ ਦਇਆ ਮਿਹਰ ਨਦਰਿ ਕਰ ਸਾਨੂੰ ਮਨੁੱਖਾ ਜਨਮ ਬਖ਼ਸ਼ਿਸ਼ ਕੀਤਾ ਹੈ। ਵਾਹਿਗੁਰੂ ਜੀ ਸਾਨੰ ਅਮੋਲਕ ਸਵਾਸ, ਭੋਜਨ, ਘਰ ਆਦਿਕ ਸੁੱਖ ਸਹੂਲਤਾਂ ਬਖ਼ਸ਼ ਰਿਹਾ ਹੈ। ਦੁੱਖ ਸੁੱਖ ਭਾਵ ਹਰ ਹਾਲਤ ਵਿੱਚ ਵਾਹਿਗੁਰੂ ਜੀ ਅੱਗੇ ਅਰਦਾਸ ਕਰੀਏ। ਅਰਦਾਸ ਜ਼ਰੂਰ ਕਰਨੀ ਚਾਹੀਦੀ ਹੈ, ਅਰਦਾਸ ਪੂਰੀ ਹੋਣੀ ਜਾਂ ਨਾ ਹੋਣੀ ਵਾਹਿਗੁਰੂ ਜੀ ਦੇ ਹੱਥ ਹੈ। ਜੇ ਅਰਦਾਸ ਪੂਰੀ ਨਹੀਂ ਹੋ ਰਹੀ ਤਾਂ ਵੀ ਰੱਬ ਦਾ ਸ਼ੁਕਰ ਕਰੀਏ, ਵਾਹਿਗੁਰੂ ਜੀ ਦੇ ਸਿਮਰਨ ਅਰਦਾਸ ਤੋਂ ਭੁੱਲ ਕੇ ਵੀ ਮੁੱਖ ਨਾ ਮੋੜੀਏ ਕਿਉਂਕਿ ਅਕਾਲਪੁਰਖ ਉੱਤੇ ਕਿਸੇ ਦਾ ਜ਼ੋਰ ਨਹੀਂ ਚਲਦਾ –



ਇਕਬਾਲ ਸਿੰਘ ਪੁੜੈਣ
ਲੈਕਚਰਾਰ ਕਾਮਰਸ
8872897500


**ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥**
**ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥** (ਅੰਗ ੪੭੪)

**ਜਿਸੁ ਨਾਲਿ ਜੋਰੁ ਨ ਚਲਈ ਖਲੇ ਕੀਚੈ ਅਰਦਾਸਿ ॥**
**ਨਾਨਕ ਗੁਰਮੁਖਿ ਨਾਮੁ ਮਨਿ ਵਸੈ ਤਾ ਸੁਣਿ ਕਰੇ ਸਾਬਾਸਿ ॥** (ਅੰਗ ੯੯੪)

**ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ ॥**
**ਜਿਸੁ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ ਇਕਨਾ ਦੂਰ ਹੈ ਪਾਸਿ ॥** (ਅੰਗ ੯੬)

**ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥**
**ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥** (ਅੰਗ ੪੪)

ਜੀਵਨ ਵਿੱਚ ਜਾਣੇ ਅਣਜਾਣੇ ਜੀਵ ਗਲਤੀਆਂ ਕਰ ਜਾਂਦੇ ਹਨ। ਜਦੋਂ ਕੋਈ ਬਿਪਤਾ ਪੈਂਦੀ ਆ ਤਾਂ ਉਹ ਗਲਤੀਆਂ ਸਾਡੇ ਸਾਹਮਣੇ ਖਲੋ ਜਾਂਦੀਆਂ ਹਨ। ਜਦੋਂ ਸਾਡੇ ਔਗੁਣ ਵਧਦੇ  ਜਾਂਦੇ ਹਨ ਤਾਂ ਸਾਨੂੰ ਪਛਤਾਵਾ ਵੀ ਹੁੰਦਾ ਹੈ। ਅਸੀਂ ਆਪਣੀਆਂ ਗਲਤੀਆਂ ਤੋਂ ਤੋਬਾ ਕਰੀਏ, ਨਿਮਾਣੇ ਹੋ ਗੁਰੂ ਅੱਗੇ ਅਰਦਾਸਾਂ ਕਰੀਏ, ਗੁਰੂ ਜੀ ਕਿਰਪਾਲੂ ਦਿਆਲੂ ਹਨ, ਮਿਹਰਾਂ ਬਖ਼ਸ਼ਿਸ਼ਾਂ ਕਰਦੇ ਹਨ –

**ਕਿਆ ਮੁਹੁ ਲੈ ਕੀਚੈ ਅਰਦਾਸਿ ॥**
**ਪਾਪੁ ਪੁੰਨੁ ਦੁਇ ਸਾਖੀ ਪਾਸਿ ॥** (ਅੰਗ ੩੫੧)

**ਪਤਿਤ ਉਧਾਰਿ ਲੇਹੁ ਹਾਂ ॥**
**ਨਾਨਕ ਅਰਦਾਸਿ ਏਹੁ ਮੇਰੇ ਮਨਾ ॥** (ਅੰਗ ੪੧੦)

**ਹਵਾਲ ਮਾਲੂਮੁ ਕਰਦੰ ਪਾਕ ਅਲਾਹ ॥**
**ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ ॥** (ਅੰਗ ੭੨੩)

**ਬਖਸਿ ਲਏ ਸਭਿ ਸਚੈ ਸਾਹਿਬਿ ॥**
**ਸੁਣਿ ਨਾਨਕ ਕੀ ਅਰਦਾਸਾ ॥** (ਅੰਗ ੬੨੦)

ਜਦੋਂ ਜੀਵ ਮਾਂ ਦੇ ਗਰਭ ਵਿੱਚ ਹੁੰਦਾ ਹੈ ਤਾਂ ਉੱਥੇ ਅਕਾਲਪੁਰਖ ਨੂੰ ਅਰਦਾਸ ਬੇਨਤੀਆਂ ਕਰਦਾ ਕਿ ਇਸ ਨਰਕ ਤੋਂ ਬਚਾਓ। ਗਰਭ ਵਿੱਚ ਪੁੱਠਾ ਲਟਕਦਾ ਜਦੋਂ ਵਾਰ ਵਾਰ ਬੇਨਤੀਆਂ ਕਰਦਾ ਤਾਂ ਮਹਾਰਾਜ ਨਾਲ ਉਸਦੀ ਲਿਵ ਲੱਗ ਜਾਂਦੀ ਤੇ ਸਹੀ ਸਲਾਮਤ ਜਨਮ ਲੈ ਲੈਂਦਾ ਹੈ। ਕਈ ਅਭਾਗੇ ਬਦਨਸੀਬ ਬੱਚੇ ਅਜਿਹੇ ਹਨ ਜੋ ਮਾਂ ਦੇ ਗਰਭ ਵਿੱਚ ਹੀ ਗਲ ਜਾਂਦੇ ਹਨ ਭਾਵ ਦੁਨੀਆਂ ਤੇ ਆਉਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ –

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥**
**ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥**
**ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥**
**ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥** (ਅੰਗ ੭੪)

**ਖੋਟੇ ਪੂਠੇ ਰਾਲੀਐ ਬਿਨੁ ਨਾਵੈ ਪਤਿ ਜਾਇ ॥**
**ਜਾ ਤੂ ਮੇਲਹਿ ਤਾ ਮਿਲਿ ਰਹਾਂ ਜਾਂ ਤੇਰੀ ਹੋਇ ਰਜਾਇ ॥** ( ਅੰਗ ੧੩੩੦)

ਜਦੋਂ ਪਰਮਾਤਮਾ ਵੱਲੋਂ ਬਖ਼ਸ਼ੇ ਸਵਾਸ ਖਤਮ ਹੋ ਜਾਂਦੇ ਹਨ ਮਰਨਾ ਨਿਸ਼ਚਿਤ ਹੈ, ਜਦੋਂ ਕਿਸੇ ਮਾਇਆਧਾਰੀ ਜਿਸ ਨੇ ਨਾਮ ਨਹੀਂ ਜਪਿਆ, ਅੰਤ ਸਮੇਂ ਜਮ ਲੈਣ ਆਉਂਦੇ ਹਨ ਤਾਂ ਘਬਰਾ ਜਾਂਦਾ ਤੇ ਅਰਦਾਸਾਂ ਕਰਦਾ ਕਿ ਮੈਨੂੰ ਇਕ ਰਾਤ ਦਾ ਸਮਾਂ ਬਖ਼ਸ਼ ਦਿਓ, ਮੈਂ ਆਪਣੇ ਪਰਿਵਾਰ ਨੂੰ ਰੁਪਇਆ ਪੈਸਾ ਲੈਣ ਦੇਣ ਸਮਝਾ ਦਿਆਂ, ਪਰ ਜਦੋਂ ਸਵਾਸ ਪੂਰੇ ਹੋ ਜਾਂਦੇ ਹਨ ਫਿਰ ਅਜਿਹੇ ਜੀਵਾਂ ਨੂੰ ਪਛਤਾਉਣਾ ਪੈਂਦਾ ਤੇ ਜ਼ਿੰਦਗੀ ਦੀ ਬਾਜ਼ੀ ਹਾਰ ਕੇ ਜਾਂਦੇ ਹਨ। ਜਦੋਂ ਜਮ ਦੰਡ ਦਿੰਦੇ ਹਨ, ਸਵਾਸਾਂ ਦੀ ਗੰਢ ਖੁੱਲ ਜਾਂਦੀ ਹੈ ਤਾਂ ਸਮਝ ਆਉਂਦੀ ਹੈ ਕਿ ਇੰਨਾਂ ਅਮੋਲਕ ਜਨਮ ਕੌਡੀਆਂ ਪਿੱਛੇ ਗਵਾ ਲਿਆ ਪਰ ਸਿਵਾਏ ਪਛਤਾਵੇ ਤੋਂ ਕੁੱਝ ਵੀ ਹੱਥ ਨਹੀਂ ਆਉਂਦਾ –

**ਚਲੁ ਦਰਹਾਲੁ ਦੀਵਾਨਿ ਬੁਲਾਇਆ ॥**
**ਹਰਿ ਫੁਰਮਾਨੁ ਦਰਗਹ ਕਾ ਆਇਆ ॥ ਰਹਾਉ ।।**
**ਕਰਉ ਅਰਦਾਸਿ ਗਾਵ ਕਿਛੁ ਬਾਕੀ ॥**
**ਲੇਉ ਨਿਬੇਰਿ ਆਜੁ ਕੀ ਰਾਤੀ ॥** (ਕਬੀਰ ਜੀ, ਅੰਗ ੭੯੨)

**ਜਮ ਕੋ ਡੰਡੁ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ ॥**
**ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਿਨ ਭਾਗਿਓ ॥** (ਅੰਗ ੧੦੦੮)

ਅਕਾਲਪੁਰਖ ਨੇ ਸਾਡੇ ਤੋਂ ਖ਼ੁਸ਼ ਹੋ ਕੇ ਮਨੁੱਖਾ ਜਨਮ ਬਖ਼ਸ਼ਿਸ਼ ਕੀਤਾ ਹੈ। ਸਾਡੇ ਸਵਾਸਾਂ ਦੀ ਡੋਰ ਵੀ ਪਰਮਾਤਮਾ ਹੱਥ ਹੈ। ਸਾਰੇ ਸਨਬੰਧ ਵੀ ਮਾਲਕ ਨੇ ਬਣਾਏ ਹਨ। ਸਾਨੂੰ ਕਿਸੇ ਦੁਨਿਆਵੀ ਉੱਚ ਰੁਤਬੇ ਵਾਲੇ ਦੀ ਥਾਂ ਅਰਦਾਸ ਓਸ ਸ਼ਕਤੀ ਅੱਗੇ ਹੀ ਕਰਨੀ ਚਾਹੀਦੀ ਹੈ ਜਿਸ ਨੇ ਸਾਨੂੰ ਪੈਦਾ ਕੀਤਾ ਹੈ ਤੇ ਸਵਾਸ ਦੇ ਕੇ ਜ਼ਿੰਦਾ ਰੱਖ ਰਿਹਾ ਹੈ। ਜਦੋਂ ਅਸੀਂ ਸਤਿਗੁਰੂ ਜੀ ਦੀ ਸੇਵਾ, ਸਿਮਰਨ ਕਰਦੇ ਹਾਂ ਤੇ ਸਤਿਗੁਰੂ ਜੀ ਦੇ ਦੱਸੇ ਮਾਰਗ ਤੇ ਚਲਦੇ ਹਾਂ ਤਾਂ ਸਭ ਫਲ ਪ੍ਰਾਪਤ ਹੁੰਦੇ ਹਨ–

**ਤਿਸੁ ਆਗੈ ਅਰਦਾਸਿ ਜਿਨਿ ਉਪਾਇਆ ॥**
**ਸਤਿਗੁਰੁ ਅਪਣਾ ਸੇਵਿ ਸਭ ਫਲ ਪਾਇਆ ॥** ( ਅੰਗ ੫੧੬-੫੧੭)

**ਪ੍ਰਭ ਪਾਸਿ ਜਨ ਕੀ ਅਰਦਾਸਿ ਤੂੰ ਸਚਾ ਸਾਂਈ ॥**
**ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ ॥** (ਅੰਗ ੫੧੭)

ਮਨੁੱਖਾ ਜਨਮ ਅਮੋਲਕ ਹੈ, ਸਤਿਗੁਰੂ ਜੀ ਦੀ ਸੇਵਾ ਸਿਮਰਨ ਕਰਦਿਆਂ, ਸਤਿਗੁਰੂ ਜੀ ਦੇ ਦੱਸੇ ਮਾਰਗ ਤੇ ਚਲਦਿਆਂ, ਸਤਿਗੁਰੂ ਜੀ ਅੱਗੇ ਨਾਮ ਲਈ ਅਰਦਾਸ ਕਰੀਏ, ਅਕਾਲਪੁਰਖ ਦੇ ਚਰਨਾਂ ਵਿੱਚ ਨਿਵਾਸ ਮੰਗੀਏ। ਮਨੁੱਖਾ ਦੇਹੀ ਦਾ ਮਨੋਰਥ ਹੀ ਮੁਕਤੀ, ਪ੍ਰਭੂ ਮਿਲਾਪ ਹੈ। ਪ੍ਰਭੂ ਨਾਮ, ਨੇਕ ਕਮਾਈ, ਵਾਹਿਗੁਰੂ ਜੀ ਦੀ ਸਿਫ਼ਤ ਸਾਲਾਹ ਬਿਨਾਂ ਕਿਸੇ ਦੁਨਿਆਵੀ ਪਦਾਰਥ ਨੇ ਸਹਾਈ ਨਹੀਂ ਹੋਣਾ। ਸੋ ਸਤਿਗੁਰੂ ਜੀ ਅੱਗੇ ਦੁਨਿਆਵੀਂ ਪਦਾਰਥਾਂ ਦੀ ਥਾਂ ਰੂਹਾਨੀਅਤ ਮੰਗੀਏ –

**ਨਾਨਕ ਕੀ ਅਰਦਾਸਿ ਸੁਣੀਜੈ ॥**
**ਕੇਵਲ ਨਾਮੁ ਰਿਦੇ ਮਹਿ ਦੀਜੈ ॥** (ਅੰਗ ੭੫੯)

**ਸੇਵਕ ਕੀ ਅਰਦਾਸਿ ਪਿਆਰੇ ॥**
**ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥** ( ਅੰਗ ੫੬੨-੫੬੩)

**ਨਾਨਕੁ ਏਕ ਕਰੈ ਅਰਦਾਸਿ ॥**
**ਵਿਸਰੁ ਨਾਹੀ ਪੂਰਨ ਗੁਣਤਾਸਿ ॥** (ਅੰਗ ੭੪੨)

**ਕਰਉ ਬੇਨਤੀ ਸੰਤਨ ਪਾਸੇ ॥**
**ਮੇਲਿ ਲੈਹੁ ਨਾਨਕ ਅਰਦਾਸੇ ॥** (ਅੰਗ ੭੪੯)

**ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥**
**ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥** (ਅੰਗ ੭੫੨)

**ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ ॥**
**ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ  ਬਾਣੀ ॥** (ਅੰਗ ੭੪੯)

ਅਕਾਲਪੁਰਖ ਦੀ ਦਇਆ ਮਿਹਰ ਬਖ਼ਸ਼ਿਸ਼ ਨਦਰਿ ਹੋਵੇ ਤਾਂ ਹੀ ਵਾਹਿਗੁਰੂ ਜੀ ਦੇ ਦੱਸੇ ਮਾਰਗ, ਸਿਮਰਨ ਤੇ ਚੱਲਿਆ ਜਾ ਸਕਦਾ ਹੈ। ਜਦੋਂ ਸਾਡਾ ਉਧਾਰ ਹੋਣਾ ਹੁੰਦਾ ਮਾਲਕ ਕਿਰਪਾ ਕਰਕੇ ਅਰਦਾਸ ਵਾਲੇ ਪਾਸੇ ਲਗਾਉਂਦਾ ਹੈ। ਜੋ ਕੁੱਝ ਵੀ ਵਰਤਾਰਾ ਵਰਤ ਰਿਹਾ ਸਭ ਮਾਲਕ ਦੇ ਹੁਕਮ  ਵਿੱਚ ਹੈ –

**ਨਦਰਿ ਤੁਧੁ ਅਰਦਾਸਿ ਮੇਰੀ ਜਿੰਨਿ ਆਪੁ ਉਪਾਇਆ ॥**
**ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥** (ਅੰਗ ੫੬੬)

ਸਤਿਗੁਰੂ ਜੀ ਦੇ ਸਨਮੁੱਖ ਸੱਚੀ ਸੰਗਤ ਬਖ਼ਸ਼ਣ ਦੀ ਬੇਨਤੀ ਕਰੀਏ। ਗੁਰੂ ਜੀ ਦੀ ਸੱਚੀ ਸੰਗਤ ਕਰਦਿਆਂ ਹਉਮੈ ਦੀ ਮੈਲ ਉਤਰਦੀ ਹੈ ਤੇ ਮਨ ਨਿਰਮਲ ਹੋ ਜਾਂਦਾ ਹੈ। ਗੁਰੂ ਜੀ ਦੀ ਸੰਗਤ ਉੱਤਮ ਕਰਮਾਂ ਨਾਲ ਹੀ ਪ੍ਰਾਪਤ ਹੁੰਦੀ ਹੈ। ਸਤਿਗੁਰੂ ਜੀ ਨਾਮ ਦੇ ਭੰਡਾਰ ਹਨ ਜਿੰਨਾ ਭਾਗਾਂਵਾਲਿਆਂ ਨੂੰ ਸਤਿਗੁਰੂ ਦੀ ਸੰਗਤ ਨਸੀਬ ਹੁੰਦੀ ਹੈ ਉਹ ਸਦੀਵੀ ਸੁੱਖ ਮਾਣਦੇ ਹਨ। ਸਤਿਗੁਰੂ ਜੀ ਅੱਗੇ ਬੇਨਤੀ ਕਰੀਏ ਕਿ ਅਜਿਹੇ ਗੁਰਮੁੱਖਾਂ ਦਾ ਮੇਲ ਕਰਾਓ ਜੋ ਅਕਾਲਪੁਰਖ ਨਾਲ ਜੋੜਨ

**ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੈ ਸਾਬਾਸਿ ॥**
**ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ ॥** (ਅੰਗ ੪੨)

**ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ ॥**
**ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥** (ਅੰਗ ੪੯)

**ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ ॥**
**ਸਾਜਨਿ ਮਿਲੀਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ ॥** (ਅੰਗ ੫੫)

**ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ ॥**
**ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥** (ਅੰਗ ੪੪)

ਵਾਹਿਗੁਰੂ ਜੀ ਸਾਡੇ ਅੰਗਸੰਗ ਹਨ, ਜਦੋਂ ਜੀਵ ਸੱਚੇ ਹਿਰਦੇ ਤੋਂ ਮਨੋ ਅਰਦਾਸ ਕਰਦੇ ਹਨ ਤਾਂ ਫਲ ਲਗਦਿਆਂ ਦੇਰ ਨਹੀਂ ਲਗਦੀ। ਸਤਿਗੁਰੂ ਜੀ ਕ੍ਰਿਪਾਲੂ ਦਇਆਲੂ ਹਨ, ਉਹ ਸਾਡੇ ਔਗੁਣ ਬਖ਼ਸ਼ਕੇ ਸਹੀ ਮਾਰਗ ਵਿਖਾਉਂਦੇ ਹਨ। ਜਦੋਂ ਜੀਵ ਸਤਿਗੁਰੂ ਜੀ ਦੀ ਸੰਗਤ ਵਿੱਚ ਸੇਵਾ ਸਿਮਰਨ ਕਰਦਿਆਂ ਸੱਚ ਦੇ ਮਾਰਗ ਚਲਦੇ ਹਨ ਤਾਂ ਵਾਹਿਗੁਰੂ ਜੀ ਕਿਰਪਾ ਕਰਦੇ ਹਨ –

**ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥**
**ਦੇ ਕੰਨੁ ਸੁਣਹੁ ਅਰਦਾਸਿ ਜੀਉ ॥** (ਅੰਗ ੭੪)

**ਸਚਾ ਅਰਜੁ ਸਚੀ ਅਰਦਾਸਿ ॥**
**ਮਹਲੀ ਖਸਮੁ ਸੁਣੇ ਸਾਬਾਸਿ ॥**  (ਅੰਗ ੩੫੫)

**ਮੇਰਾ ਪ੍ਰਭੁ ਹੋਆ ਸਦਾ ਦਇਆਲਾ ॥**
**ਅਰਦਾਸਿ ਸੁਣੀ ਭਗਤ ਅਪੁਨੇ ਕੀ ਸਭ ਜੀਅ ਭਇਆ ਕਿਰਪਾਲਾ ॥** (ਅੰਗ ੬੨੭)

**ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣ ਆਈ ॥**
**ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥** (ਅੰਗ ੬੧੧)

**ਪਤਿਤ ਉਧਾਰਣੁ ਸਤਿਗੁਰੁ ਮੇਰਾ ਮੋਹਿ ਤਿਸ ਕਾ ਭਰਵਾਸਾ ॥**
**ਬਖਸਿ ਲੈ ਸਭਿ ਸਚੈ ਸਾਹਿਬਿ ਸੁਣਿ ਨਾਨਕ ਕੀ ਅਰਦਾਸਾ ॥** (ਅੰਗ ੬੨੦)

ਅਸੀਂ ਜਦੋਂ ਕਿਸੇ ਦੇ ਮਰਨੇ ਦੇ ਭੋਗ ਤੇ ਜਾਂਦੇ ਹਾਂ ਤਾਂ ਇਕ ਗੱਲ ਜ਼ਰੂਰ ਸੁਣਦੇ ਹਾਂ, ਉਹ ਹੈ ਅੰਤਿਮ ਅਰਦਾਸ, ਜਦੋਂ ਕਿ ਅਰਦਾਸ ਤਾਂ

ਨਿਰੰਤਰ ਹੈ। ਅਰਦਾਸ ਜਨਮ ਤੋਂ ਪਹਿਲਾਂ ਸ਼ੁਰੂ ਹੁੰਦੀ ਹੈ, ਸਾਰੀ ਉਮਰ ਚਲਦੀ ਹੈ, ਦੇਹ ਛੱਡਣ ਸਮੇਂ ਜਾਂ ਦੇਹ ਛੱਡਣ ਤੋਂ ਬਾਅਦ ਵੀ ਵਿਛੜੇ ਜੀਅ ਲਈ ਅਰਦਾਸ ਕਰਦੇ ਹਾਂ। ਹੁਣ ਤਾਂ ਅਨੇਕਾਂ ਲੋਕ ਪੌਣੇ ਸਾਲ ਤੇ ਭੋਗ ਜਾਂ ਬਰਸੀ ਆਦਿ ਵੀ ਕਰਨ ਲੱਗ ਪਏ ਹਨ, ਇਸ ਲਈ ਅਰਦਾਸ ਅੰਤਿਮ ਕਿਵੇਂ ਹੋ ਸਕਦੀ ਹੈ?

ਜਦੋਂ ਅਸੀਂ ਕਿਸੇ ਮੁਸ਼ਕਿਲ ਵਿੱਚ ਹੁੰਦੇ ਆਂ ਤਾਂ ਓਹੜ ਪੋਹੜ ਕਰਦੇ ਹਾਂ। ਜਦੋਂ ਸਾਨੂੰ ਕੋਈ ਤਣ ਪੱਤਣ ਨਹੀਂ ਮਿਲਦਾ ਤਾਂ ਅਸੀਂ ਆਪਣੇ ਇਸ਼ਟ ਗੁਰੂ ਨੂੰ ਧਿਆਉਂਦੇ ਭਾਵ ਅਰਦਾਸ ਕਰਦੇ ਹਾਂ, ਜੀਵਨ ਵਿੱਚ ਬਹੁਤ ਸਾਰੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ ਮਹਾਰਾਜਾ ਰਣਜੀਤ ਸਿੰਘ ਤੇ ਫੌਜਾਂ ਨੇ ਅਰਦਾਸ ਕਰ ਅਟਕ ਦਰਿਆ ਪਾਰ ਕੀਤਾ, ਦਰੋਪਤੀ ਦੀ ਬੇਨਤੀ ਅਰਦਾਸ ਸੁਣ ਸ੍ਰੀ ਕ੍ਰਿਸ਼ਨ ਜੀਆਂ ਨੇ ਲੱਜਿਆ ਰੱਖੀ, ਭਗਤ ਪ੍ਰਹਿਲਾਦ ਦੀ ਰੱਖਿਆ ਮਾਲਕ ਨੇ ਨਰਸਿੰਘ ਰੂਪ ਧਾਰ ਕਰ ਹਰਨਾਖ਼ਸ਼ ਦਾ ਅੰਤ ਕੀਤਾ, ਰਜਨੀ ਦੇ ਵਿਸ਼ਵਾਸ ਅਰਦਾਸ ਬੇਨਤੀਆਂ ਨੇ ਪਿੰਗਲਾ ਪਤੀ ਅਰੋਗ ਹੋਇਆ ਆਦਿਕ ਅਨੇਕਾਂ ਉਦਾਹਰਣਾਂ ਹਨ। ਸੋ ਅਰਦਾਸ ਉਹ ਜ਼ਰੀਆ ਹੈ ਜਿਸ ਮਾਰਗ ਤੇ ਸੁਰਤਿ ਸ਼ਬਦ ਦਾ ਮਿਲਾਪ ਕਰ ਸਦੀਵੀ ਅਨੰਦ ਆਵਸਥਾ ਵਿੱਚ ਲੀਨ ਹੋਇਆ ਜਾ ਸਕਦਾ ਹੈ।

ਵਿਅਕਤੀਗਤ ਤੌਰ ’ਤੇ ਵਧੀਆ ਹੋਵੇਗਾ ਜੇ ਜੀਵ ਅਰਦਾਸ ਖੁਦ ਕਰੇ। ਸਾਂਝੇ ਤੌਰ ’ਤੇ ਸਮਾਗਮ ਵਿੱਚ ਅਰਦਾਸ ਗ੍ਰੰਥੀ ਸਾਹਿਬਾਨ ਕਰਦੇ ਹਨ। ਆਮ ਵੇਖਣ ਵਿੱਚ ਆਉਂਦਾ ਜਦੋਂ ਪਰਿਵਾਰ ਵੱਲੋਂ ਅਰਦਾਸ ਕਰਵਾਈ ਜਾਂਦੀ ਹੈ ਤਾਂ ਗ੍ਰੰਥੀ ਸਾਹਿਬ ਨੂੰ ਅਰਦਾਸ ਕਰਨ ਸਮੇਂ ਰੁਪਏ ਦਿੰਦੇ ਹਨ ਕੀ ਇਹ ਗੱਲ ਸਹੀ ਹੈ? ਗ੍ਰੰਥੀ ਸਾਹਿਬਾਨ ਸਤਿਕਾਰਯੋਗ ਹਨ, ਇਹ ਵੀ ਅਸੀਂ ਭਲੀਭਾਂਤ ਜਾਣਦੇ ਹਾਂ ਕਿ ਬਹੁਤੇ ਗ੍ਰੰਥੀ ਸਿੰਘਾਂ ਦੀ ਮਾਇਕ ਹਾਲਤ ਠੀਕ ਨਹੀਂ ਹੈ। ਚੰਗਾ ਹੋਵੇਗਾ ਗ੍ਰੰਥੀ ਸਾਹਿਬਾਨ ਦੀ ਆਪਣੇ ਵਿੱਤ ਅਨੁਸਾਰ ਵੱਧ ਤੋਂ ਵੱਧ ਮੱਦਦ ਕੀਤੀ ਜਾਵੇ ਪਰ ਕੀ ਅਰਦਾਸ ਕਰਦੇ ਸਮੇਂ ਓਸਦੇ ਹੱਥ ਅਰਦਾਸ ਲਈ ਰੁਪਏ ਦੇਣੇ ਠੀਕ ਹਨ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਕਿਤੇ ਵੀ ਜ਼ਿਕਰ ਨਹੀਂ ਕਿ ਅਰਦਾਸ ਲਈ ਮਾਇਆ ਭੇਟ ਕੀਤੀ ਜਾਵੇ –

**ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ॥**
**ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥**
(ਅੰਗ ੪੭੪)

ਸਬਰ ਸੰਤੋਖ ਭਾਣੇ ਭਰੋਸੇ ਤੇ ਚਲਦਿਆਂ ਦਿਲੋਂ ਕੀਤੀ ਅਰਦਾਸ ਬਿਰਥੀ ਨਹੀਂ ਜਾਂਦੀ। ਗੁਰਬਾਣੀ ਅਨੁਸਾਰ ਜੋ ਜੀਵ ਤ੍ਰੈ ਗੁਣਾਂ ਭਾਵ ਰਜ ਗੁਣ, ਤਮ ਗੁਣ, ਸਤ ਗੁਣ ਤੋਂ ਉੱਪਰ ਉੱਠ ਗਿਆ ਉਹ ਜਨ ਹੈ। ਜਨ ਦੀ ਅਰਦਾਸ ਬਿਰਥੀ ਨਹੀਂ ਜਾਂਦੀ ਕਿਉਂਕਿ ਜਨ ਨੂੰ ਤਾਣ ਵੀ ਮਾਲਕ ਨੇ ਬਖ਼ਸ਼ਿਆ ਹੈ –

**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥**
**ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥**
(ਅੰਗ, ੮੧੯)

**ਸੁਣਿ ਸੁਆਮੀ ਅਰਦਾਸਿ ਜਨ ਤੁਮ ਅੰਤਰਜਾਮੀ॥**
**ਥਾਨ ਥਨੰਤਰਿ ਰਵਿ ਰਹੇ ਨਾਨਕ ਕੇ ਸੁਆਮੀ॥**
(ਅੰਗ ੮੧੯)

**ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ॥**
**ਮਲੇਛੁ ਪਾਪੀ ਪਚਿਆ ਭਇਆ ਨਿਰਾਸੁ॥**
(ਅੰਗ ੧੧੩੭)

**ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ॥**
**ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ॥**
(ਅੰਗ ੧੨੫੧)

ਸੋ ਅਰਦਾਸ ਮਨ ਨੂੰ ਅਕਾਲਪੁਰਖ ਨਾਲ ਜੋੜਨ ਦਾ ਜ਼ਰੀਆ ਹੈ ਜੋ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਵਾਹਿਗੁਰੂ ਜੀ ਦੀ ਅਪਾਰ ਦਇਆ ਮਿਹਰ ਬਖ਼ਸ਼ਿਸ਼ ਨਾਲ ਸੱਚੀ ਸੰਗਤ, ਪੂਰਨ ਗੁਰੂ ਦਾ ਸੰਗ ਪ੍ਰਾਪਤ ਹੁੰਦਾ ਹੈ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੜ੍ਹ , ਸੁਣ ਤੇ ਕਮਾ ਕੇ ਵਾਹਿਗੁਰੂ ਜੀ ਦੇ ਦਰ ਪ੍ਰਵਾਨ ਹੋਇਆ ਜਾ ਸਕਦਾ ਹੈ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸੱਚ ਦੇ ਮਾਰਗ ਚਲਦਿਆਂ, ਪੂਰਨ ਭਰੋਸੇ ਨਾਲ ਦਿਲੋਂ ਅਰਦਾਸ ਧੁਰ ਦਰਗਾਹ ਮੰਜ਼ੂਰ ਹੁੰਦੀ ਹੈ। ਵਾਹਿਗੁਰੂ ਜੀ ਸੁਮੱਤ ਬਖ਼ਸ਼ਣ, ਭੁੱਲ ਚੁੱਕ ਲਈ ਖ਼ਿਮਾ ਦਾ ਜਾਚਕ ਹਾਂ, ਬਖ਼ਸ਼ ਦੇਣਾ ਜੀ।

# ਸਿੱਖ ਧਰਮ ਅਤੇ ਇਸਲਾਮ ਦਾ ਗੂੜ੍ਹਾ ਰਿਸ਼ਤਾ

## ਸ਼੍ਰੀ ਗੁਰੂ ਗੋਬਿੰਦ ਸਿੰਘ ਲਈ ਜੰਗ ਦੇ ਮੈਦਾਨ ’ਚ ਆਪਣੇ ਪੁੱਤਰਾਂ, ਭਰਾ ਅਤੇ ਸੈਂਕੜੇ ਮੁਰੀਦਾਂ ਨਾਲ ਸ਼ਹੀਦੀਆਂ ਪਾਉਣ ਵਾਲੇ ਮਹਾਨ ਪੀਰ ਫਕੀਰ ਪੀਰ ਬੁੱਧੂ ਸ਼ਾਹ ਅਮਰ ਸ਼ਹੀਦ ਜੀ ਦੀ ਅਮਰ ਕਹਾਣੀ



ਮਹਾਨ ਇਸਲਾਮਿਕ ਫਕੀਰ ਪੀਰ ਬੁਧੂ ਸ਼ਾਹ ਉਰਫ ਬਦਰ ਉਦ ਦੀਨ (Badr ud Din) ਜੀ ਦੀ ਦਰਗਾਹ ਜੋ ਕੀ ਕੀਰਤਪੁਰ ਸਾਹਿਬ, ਪੰਜਾਬ, ਭਾਰਤ ਵਿੱਚ ਸਥਿਤ ਇੱਕ ਸਿੱਖ ਅਤੇ ਇਸਲਾਮ ਦਾ ਸਾਂਝਾ ਪਵਿੱਤਰ ਅਸਥਾਨ ਹੈ। ਇਹ ਇੱਕ ਸਤਿਕਾਰਤ ਮੁਸਲਮਾਨ ਸੰਤ ਨੂੰ ਸਮਰਪਿਤ ਹੈ, ਜੋ ਆਪਣੀ ਬੇਮਿਸਾਲ ਲੰਬੀ ਉਮਰ ਲਈ ਜਾਣੇ ਜਾਂਦੇ ਸਨ। ਇਹ ਮਕਬਰਾ ਛੇਵੇਂ ਸਿੱਖ ਗੁਰੂ ਦੇ ਸਪੁੱਤਰ, ਬਾਬਾ ਗੁਰਦਿੱਤਾ ਜੀ ਦੇ ਆਸ਼ਰਮ ਤੋਂ ਲਗਭਗ 200 ਮੀਟਰ ਪੂਰਬ ਵੱਲ ਇੱਕ ਪਹਾੜੀ ’ਤੇ ਸਥਿਤ ਹੈ। ਇਹ ਸਿੱਖਾਂ ਅਤੇ ਮੁਸਲਮਾਨਾਂ, ਦੋਵਾਂ ਲਈ ਇੱਕ ਤੀਰਥ ਅਸਥਾਨ ਹੈ, ਇਥੇ ਦੁਨੀਆਂ ਭਰ ਤੋਂ ਸਿੱਖ ਅਤੇ ਮੁਸਲਮਾਨ ਆਪਣੀ ਸ਼ਰਧਾ ਭੇਟ ਕਰਨ ਲਈ ਇੱਥੇ ਆਉਂਦੇ ਹਨ।



ਸਢੌਰਾ ਦੇ ਸੰਤ ਪੀਰ ਫਕੀਰ ਬੁੱਧੂ ਸ਼ਾਹ ਜੀ ਦਾ ਨਾਮ ਸਿੱਖ ਇਤਿਹਾਸ ਵਿੱਚ ਹਮੇਸ਼ਾਂ ਚਮਕਦਾ ਰਹੇਗਾ।

ਉਹ ਮਹਾਨ ਸ਼ਖ਼ਸੀਅਤ ਸਨ, ਅੱਲ੍ਹਾ ਦੇ ਨੇਕ ਬੰਦੇ ਸਨ ਜਿਨ੍ਹਾਂ ਨੇ ਜ਼ੁਲਮ ਅਤੇ ਅਨਿਆਂ ਦੇ ਸਮੇਂ ਵਿਚ ਸੱਚਾਈ ਅਤੇ ਨਿਆਂ ਦਾ ਸਾਥ ਚੁਣਿਆ ਤੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਕੰਧ-ਬਣਕੇ ਖੜ੍ਹੇ ਹੋਏ।

ਸਾਲ 1688 ਦੀ ਭੰਗਾਣੀ ਦੀ ਜੰਗ ਵਿੱਚ, ਪੀਰ ਬੁੱਧੂ ਸ਼ਾਹ ਜੀ ਨੇ ਆਪਣੇ ਚਾਰ ਪੁੱਤਰਾਂ ਅਤੇ ਸੱਤ ਸੌ ਮੁਰੀਦਾਂ ਸਮੇਤ ਖਾਲਸੇ ਦੇ ਪੱਖ ਵਿੱਚ ਜੰਗ ਵਿੱਚ ਹਿੱਸਾ ਲਿਆ। ਇਸ ਜੰਗ ਵਿੱਚ ਉਨ੍ਹਾਂ ਦੇ ਦੋ ਪੁੱਤਰ ਅਤੇ ਅਨੇਕਾਂ ਸਾਥੀ ਸ਼ਹੀਦ ਹੋ ਗਏ, ਪਰ ਪੀਰ ਸਾਹਿਬ ਦਾ ਹੌਸਲਾ ਡਿਗਿਆ ਨਹੀਂ। ਉਹਨਾਂ ਦੇ ਪ੍ਰਵਾਰ ਦੀਆਂ ਮਹਾਨ ਕੁਰਬਾਨੀਆਂ ਸਿੱਖ ਸੂਰਮੇਆਂ ਦੀਆਂ ਕੁਰਬਾਨੀਆਂ ਸਿੱਖ ਇਤਹਾਸ ਚ ਸੁਨਿਹਰੀ ਅੱਖਰਾਂ ਵਾਂਗ ਚਮਕਦੀਆਂ ਰਹਿਣਗੀਆਂ।

ਜੰਗ ਤੋਂ ਬਾਅਦ, ਜਦੋਂ ਗੁਰੂ ਜੀ ਦੇ ਪਿਤਾ ਗੁਰੂ ਤੇਗ਼ ਬਹਾਦਰ ਜੀ ਨੇ ਪੀਰ ਸਾਹਿਬ ਨੂੰ ਕੁਝ ਮੰਗਣ ਲਈ ਕਿਹਾ, ਤਾਂ ਉਨ੍ਹਾਂ ਨੇ ਕੋਈ ਸੰਸਾਰੀ ਚੀਜ਼ ਨਹੀਂ ਮੰਗੀ। ਉਨ੍ਹਾਂ ਦੀ ਇਕੱਲੀ ਅਰਦਾਸ ਸੀ ਕਿ ਦਸਮ ਪਿਤਾ ਦਾ ਕੰਧਾ ਮਿਲੇ, ਤਾਂ ਜੋ ਗੁਰੂ ਸਾਹਿਬ ਦੇ ਦੁੱਖ-ਸੁੱਖਾਂ ਵਿਚ ਉਹ ਹਮੇਸ਼ਾ ਨਾਲ ਰਹਿ ਸਕਣ। ਇਹ ਉਨ੍ਹਾਂ ਦੇ ਨਿਮਰ ਤੇ ਪਵਿੱਤਰ ਚਿੱਤ ਦਾ ਪ੍ਰਤੀਕ ਸੀ।

ਪਰ ਇਸ ਸਾਥ ਦਾ ਮੁੱਲ ਬਹੁਤ ਭਾਰੀ ਸੀ। ਸਢੌਰੇ ਦੇ ਨਵਾਬ ਨੇ, ਜੋ ਔਰੰਗਜ਼ੇਬ ਦੀ ਦਹਿਸ਼ਤ ਦਾ ਹਾਮੀ ਸੀ, ਪੀਰ ਬੁੱਧੂ ਸ਼ਾਹ ਜੀ ਨੂੰ ਗੁਰੂ ਸਾਹਿਬ ਦਾ ਸਾਥ ਦੇਣ ਕਰਕੇ ਜ਼ਿੰਦਾ ਹੀ ਮਿੱਟੀ ਵਿੱਚ ਦੱਬ ਦਿੱਤਾ। ਸਢੌਰਾ (ਜ਼ਿਲ੍ਹਾ ਯਮੁਨਾਨਗਰ, ਹਰਿਆਣਾ) ਦੀ ਧਰਤੀ ਉਨ੍ਹਾਂ ਦੀ ਸ਼ਹਾਦਤ ਨਾਲ ਪਵਿੱਤਰ ਹੋ ਗਈ।

ਉਨ੍ਹਾਂ ਦੇ ਪਰਿਵਾਰ ਵਿਚੋਂ ਹੀ ਪੀਰ ਭੂਰੇ ਸ਼ਾਹ ਜੀ, ਜੋ ਉਨ੍ਹਾਂ ਦੇ ਭਤੀਜੇ ਸਨ, ਨੇ ਵੀ ਇਹ ਰਸਤਾ ਜਾਰੀ ਰੱਖਿਆ। ਅੱਜ ਵੀ ਉਨ੍ਹਾਂ ਦੀ ਮਜ਼ਾਰ ਗੁਰਦੁਆਰਾ ਪੌਂਟਾ ਸਾਹਿਬ ਦੇ ਨੇੜੇ ਇਕ ਟਿੱਲ੍ਹੇ ’ਤੇ ਸਥਿਤ ਹੈ, ਜੋ ਉਸ ਬਲਿਦਾਨੀ ਇਤਿਹਾਸ ਦੀ ਗਵਾਹੀ ਦਿੰਦੀ ਹੈ।

ਪੀਰ ਬੁੱਧੂ ਸ਼ਾਹ ਜੀ ਦੀ ਜ਼ਿੰਦਗੀ ਧਰਮਾਂਤਰੀ ਪਿਆਰ, ਆਧਿਆਤਮਿਕ ਏਕਤਾ ਅਤੇ ਜ਼ੁਲਮ ਦੇ ਵਿਰੁੱਧ ਡਟਣ ਦੀ ਅਮਰ ਮਿਸਾਲ ਹੈ। ਉਹਨਾਂ ਨੇ ਔਰੰਗਜ਼ੇਬ ਦੀ ਤਾਕਤ ਦਾ ਸਾਹਮਣਾ ਕਰਦਿਆਂ, ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਵਿੱਚ ਆਪਣੀ ਜਾਨ ਨਿਛਾਵਰ ਕਰ ਦਿੱਤੀ। ਇਸ ਬਦੀ ਖਿਲਾਫ ਨੇਕੀ ਦੀ ਜੰਗ ’ਚ ਸ਼੍ਰੀ ਗੁਰੁ ਗੋਬਿੰਦ ਸਿੰਘ ਲਈ ਜੰਗ ਦੇ ਮੈਦਾਨ ’ਚ ਆਪਣੇ ਪੁੱਤਰਾਂ ਸਈਅਦ ਮੁਹੰਮਦ ਅਸ਼ਰਫ, ਸਈਅਦ ਮੁਹੰਮਦ ਸ਼ਾਹ ਅਤੇ ਭਰਾਂ ਭੁਰੇ ਸ਼ਾਹ ਸਮੇਤ ਸੈਂਕੜੇ ਮੁਰੀਦਾਂ ਨੇ ਸ਼ਹੀਦੀਆਂ ਪਾਈਆਂ ਸਨ। ਮਹਾਨ ਪੀਰ ਫਕੀਰ ਪੀਰ ਬੁੱਧੂ ਸ਼ਾਹ ਜੀ ਅੱਜ ਉਹਨਾਂ ਦੀ ਯਾਦ ਸਿੱਖ ਇਤਿਹਾਸ ਦੀ ਵਿਰਾਸਤ ਹੀ ਨਹੀਂ, ਸਗੋਂ ਮਨੁੱਖਤਾ ਨੂੰ ਇਹ ਸੰਦੇਸ਼ ਦਿੰਦੀ ਹੈ ਕਿ ਸੱਚਾਈ ਲਈ ਖੜ੍ਹਾ ਹੋਣਾ ਹੀ ਅਸਲ ਇਮਾਨ ਹੈ—ਭਾਵੇ ਇਸ ਲਈ ਆਪਣਾ ਸਭ ਕੁਝ ਕੁਰਬਾਨ ਕਰਨਾ ਪਏ।

**-ਸਤਨਾਮ ਸਿੰਘ ਖਾਲਸਾ**

# ਸ੍ਰੀ ਅਕਾਲ ਤਖ਼ਤ ਸਾਹਿਬ ਤੇ ਉਸ ਦੀ ਪ੍ਰਭੂਸੱਤਾ ਸੰਪੰਨ ਹਸਤੀ ਦਾ ਸੰਕਲਪ

ਡਾ. ਦਲਜੀਤ ਸਿੰਘ
ਐਲਐਲਐਮ, ਪੀਐਚਡੀ

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਉਹ ਮਹਾਨ ਵਿਲੱਖਣ ਮੀਰੀ ਪੀਰੀ ਦਾ ਤਖ਼ਤ ਹੈ, ਜੋ ਸਿੱਖ ਪੰਥ ਦੀ ਵੱਖਰੀ ਪਹਿਚਾਣ ਅਤੇ ਸੰਪੂਰਨ ਪ੍ਰਭੂ ਸੱਤਾ ਦਾ ਪ੍ਰਤੀਕ ਹੈ। ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਜ਼ਾਦ ਹੋਂਦ ਨੂੰ ਖੋਰਾ ਲਾਉਣ ਦੀਆਂ ਕੋਸ਼ਿਸ਼ਾਂ 20ਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਵੱਡੀ ਪੱਧਰ 'ਤੇ ਸ਼ੁਰੂ ਹੋ ਗਈਆਂ ਸਨ, ਪਰ 21ਵੀਂ ਸਦੀ ਦੇ ਸ਼ੁਰੂ ਹੋਣ ਤੋਂ ਬਾਅਦ ਤਾਂ ਸਿੱਖ ਵਿਰੋਧੀ ਤਾਕਤਾਂ ਜਾਂ ਜਥੇਬੰਦੀਆਂ ਵਲੋਂ ਸਾਡੇ ਆਪਣੇ ਹੀ ਸਿੱਖ ਰਾਜਨੀਤਿਕ ਅਤੇ ਧਾਰਮਿਕ ਸ਼ਖ਼ਸੀਅਤਾਂ ਤੇ ਸੰਸਥਾਵਾਂ ਨੂੰ ਬੜੇ ਹੀ ਲੁਕਵੇਂ ਅਤੇ ਬਿਧੀਵੱਧ ਤਰੀਕੇ ਨਾਲ ਵਰਤ ਕੇ ਇਸ ਦੀ ਆਜ਼ਾਦ ਅਤੇ ਸੁਤੰਤਰ ਪ੍ਰਭੂ ਸੱਤਾ ਨੂੰ ਖੋਰੂ-ਖੋਰੂ ਕਰਨ ਦਾ ਕਾਰਜ ਬੜੇ ਜ਼ੋਰਾਂ-ਸ਼ੋਰਾਂ ਨਾਲ ਕੀਤਾ ਜਾ ਰਿਹਾ ਹੈ।2, ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਹੋਏ ਹੁਕਮਨਾਮਿਆਂ ਨੇ ਸਿੱਖ ਕੌਮ ਵਿਚ ਇਸ ਮਹਾਨ ਸੰਸਥਾ ਦੀ ਆਜ਼ਾਦ ਅਤੇ ਸੁਤੰਤਰ ਹੋਂਦ ਨੂੰ ਮੁੜ ਸਿਰਜਣ ਦੀ ਉਮੀਦ ਜਗਾ ਦਿੱਤੀ ਸੀ, ਪਰੰਤੂ ਜਿਸ ਤਰੀਕੇ ਦੇ ਨਾਲ ਇਨ੍ਹਾਂ ਹੁਕਮਨਾਮਿਆਂ ਨੂੰ ਦਰਕਨਾਰ ਕੀਤਾ ਗਿਆ, ਉਹ ਵੀ ਸ਼ਾਇਦ ਸਿੱਖ ਇਤਿਹਾਸ ਵਿਚ ਨਵਾਂ ਕਾਲਾ ਵਰਤਾਰਾ ਹੈ। ਨਿਸ਼ਚੇ ਹੀ ਇਸ ਵਰਤਾਰੇ ਨੇ ਸਿੱਖ ਕੌਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬ ਉੱਚਤਾ ਬਾਰੇ ਭੰਬਲਭੂਸੇ ਅਤੇ ਬੇ-ਭਰੋਸਗੀ ਦਾ ਆਲਮ ਬਣਾ ਦਿੱਤਾ ਹੈ। ਦੁੱਖ ਦੀ ਗੱਲ ਇਹ ਹੈ ਕਿ ਇਸ ਘਟਨਾਕ੍ਰਮ ਵਿਚ ਜੋ ਕੁਝ ਵਾਪਰਿਆ ਉਸ ਤੋਂ ਸਬਕ ਲੈਣ ਦੀ ਬਜਾਏ, 'ਜਾਣੇ-ਅਨਜਾਣੇ' ਵਿਚ ਇਕ ਹੋਰ ਬਹੁਤ ਵੱਡੀ ਗਲਤੀ ਕੀਤੀ ਜਾ ਰਹੀ ਹੈ। ਉਹ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਿਯੁਕਤੀ, ਕਾਰਜ ਖੇਤਰ ਅਤੇ ਸੇਵਾ ਮੁਕਤੀ ਸੰਬੰਧੀ ਸੇਵਾ ਨਿਯਮ ਤਿਆਰ ਕਰਨ ਲਈ ਇਕ 34 ਮੈਂਬਰੀ ਕਮੇਟੀ ਦਾ ਬਣਾਉਣਾ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਕਾਨੂੰਨ ਦੀ ਪੜ੍ਹਾਈ ਅਤੇ ਪੀ.ਐਚ.ਡੀ ਕਰਨ ਤੋਂ ਬਾਅਦ ਆਪਣੇ ਕਾਨੂੰਨ ਦੇ ਅਧਿਆਪਨ ਤਜਰਬੇ 'ਤੇ ਆਧਾਰਿਤ ਮੈਂ ਸਮੇਂ-ਸਮੇਂ ਸਿੱਖ ਪੰਥ ਬਾਰੇ ਕਾਨੂੰਨੀ ਨੁਕਤਾ ਨਿਗਾਹ ਤੋਂ ਆਪਣੇ ਵਿਚਾਰ ਰੱਖਦਾ ਆਇਆ ਹਾਂ, ਉਦਾਹਰਨ ਦੇ ਤੌਰ 'ਤੇ ਆਨੰਦ ਮੈਰਿਜ ਐਕਟ ਜਾਂ ਸਿੱਖ ਮੈਰਿਜ ਐਕਟ, ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਵੀਰ ਬਾਲ ਦਿਵਸ ਕਹਿਣਾ, ਬਾਬਾ ਬੰਦਾ ਸਿੰਘ ਬਹਾਦਰ ਨੂੰ ਵੀਰ ਬੰਦਾ ਬੈਰਾਗੀ ਕਹਿਣਾ ਆਦਿ।

ਅੱਜ ਮੈਂ ਇਸ ਲੇਖ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਰੇ ਸ਼ ?ਰਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੇਵਾ ਨਿਯਮ ਬਣਾਉਣ ਲਈ ਚੁੱਕੇ ਕਦਮਾਂ ਦੀ ਕਾਨੂੰਨਾਤਮਿਕ ਪੱਖ ਤੋਂ ਪੜਚੋਲ ਜਾਂ ਸਮੀਖਿਆ ਕਰਨੀ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਸਵਾਲ ਇਹ ਹੈ ਕਿ, ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸਿੱਖ ਗੁਰਦੁਆਰਾ ਐਕਟ, 1925 ਅਧੀਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਸਰਵਿਸ ਨਿਯਮ ਬਣਾਉਣ ਦਾ ਕੋਈ ਅਖਤਿਆਰ ਹੈ? ਕੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ (ਨੌਕਰ) ਬਣਾਏ ਜਾਣਾ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਨ ਬਰਾਬਰ ਤਾਂ ਨਹੀਂ ਹੋਵੇਗਾ?

ਸਾਨੂੰ ਸਭ ਨੂੰ ਪਤਾ ਹੀ ਹੈ, ਕਿ ਸ਼ ?ਰਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜੋ ਅੱਜ ਵਜੂਦ ਹੈ, ਉਹ ਸਿੱਖ ਗੁਰਦੁਆਰਾ ਐਕਟ, 1925 ਦੇ ਕਾਨੂੰਨ ਅਧੀਨ ਹੈ। ਇਸ ਐਕਟ ਦੀਆਂ 161 ਧਾਰਾਵਾਂ ਹਨ ਅਤੇ ਇਸ ਐਕਟ ਨੂੰ 12 ਅਧਿਆਇਆਂ ਵਿਚ ਵੰਡਿਆ ਹੋਇਆ ਹੈ। ਇਸ ਵਿਚ ਤਿੰਨ ਸ਼ਡਿਊਲ ਅੰਕਿਤ ਕੀਤੇ ਗਏ ਹਨ। 1925 ਤੋਂ ਬਾਅਦ ਇਸ ਐਕਟ ਵਿਚ ਕੁਝ ਤਰਮੀਮਾਂ, ਕੁਝ ਨਵੇਂ ਨਿਯਮ ਵੀ ਬਣਾਏ ਗਏ ਹਨ। ਇੱਥੇ ਮੈਂ ਖਾਸ ਜ਼ਿਕਰ ਕਰਨਾ ਚਾਹਾਂਗਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਲਈ ਸਰਵਿਸ ਰੂਲਜ਼ ਇਕ ਮਾਰਚ, 1997 ਤੋਂ ਜੋ ਲਾਗੂ ਕੀਤੇ ਗਏ ਹਨ, ਉਸ ਦੀ ਧਾਰਾ 1(ਕ) ਵਿਚ ਮੁਲਾਜ਼ਮਾਂ ਦੇ ਅਹੁਦਿਆਂ ਦਾ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ, ਜਿਵੇਂ ਕਿ ਮੈਨੇਜਰ/ਮੀਤ/ਖਜ਼ਾਨਚੀ/ਕਲੈਰੀਕਲ/ਟੈਕਨੀਕਲ ਸਟਾਫ ਤੇ ਜ/ਰਾਗੀ, ਗ੍ਰੰਥੀ ਸ/ਗ੍ਰੰਥੀ ਸ/ਰਾਗੀ/ਜੋੜੀ ਵਾਲੇ ਤੇ ਹੈਲਪਰ। ਮਹੱਤਵਪੂਰਨ ਤੱਥ ਇਹ ਹੈ ਕਿ ਸਿੱਖ ਗੁਰਦੁਆਰਾ ਐਕਟ 1925 ਜਾਂ 1997 ਵਿਚ ਬਣਾਏ ਸਰਵਿਸ ਰੂਲਜ਼ ਵਿਚ ਕਿਤੇ ਵੀ ਜਥੇਦਾਰ ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ।

ਹੁਣ ਸਵਾਲ ਇਹ ਉੱਠਦਾ ਹੈ ਕਿ, ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸਿੱਖ ਗੁਰਦੁਆਰਾ ਐਕਟ 1925 ਅਧੀਨ ਜਥੇਦਾਰ ਸ਼ ?ਰੀ ਅਕਾਲ ਤਖ਼ਤ ਸਾਹਿਬ ਬਾਰੇ ਸਰਵਿਸ ਨਿਯਮ ਬਣਾਉਣ ਦਾ ਕੋਈ ਅਖਤਿਆਰ ਹੈ? ਜਦੋਂ ਅਸੀਂ ਸਿੱਖ ਗੁਰਦੁਆਰਾ ਐਕਟ, 1925 ਦੀਆਂ ਵੱਖ-ਵੱਖ ਧਾਰਾਵਾਂ ਦਾ ਬਰੀਕੀ ਨਾਲ ਅਧਿਐਨ ਕਰਦੇ ਹਾਂ, ਤਾਂ ਉਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਅਧੀਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੋਚ ਸਮਝ ਕੇ ਸਿੱਖ ਗੁਰਦੁਆਰਾ ਐਕਟ ਦੇ ਘੇਰੇ ਵਿਚ ਨਹੀਂ ਲਿਆਂਦਾ ਗਿਆ। ਅੰਗਰੇਜ਼ਾਂ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਇਸ ਐਕਟ ਵਿਚ ਕਿਤੇ ਵੀ ਜ਼ਿਕਰ ਨਹੀਂ ਕੀਤਾ। ਇਸ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਅੰਗਰੇਜ਼ਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜਾ ਉਸਦੇ ਜਥੇਦਾਰ ਦੀ ਪਦਵੀ ਬਾਰੇ ਪਤਾ ਨਹੀਂ ਸੀ। ਉਨ੍ਹਾਂ ਨੇ ਸਭ ਕੁਝ ਜਾਣਦੇ ਹੋਏ ਵੀ ਇਸ ਨੂੰ ਕਾਨੂੰਨ ਦੇ ਘੇਰੇ ਵਿਚ ਨਹੀਂ ਲਿਆਂਦਾ,



ਕਿਉਂਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਜ਼ਾਦ ਹਸਤੀ ਅਤੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦੇ ਸਨ। ਇਸ ਐਕਟ ਵਿਚ ਮਨਿਸਟਰ ਅਤੇ ਹੈਡ ਮਨਿਸਟਰ ਦਾ ਸ਼ਬਦ ਵਰਤਿਆ ਗਿਆ ਹੈ। ਹੁਣ ਸਵਾਲ ਇਹ ਹੈ ਕਿ, ਕੀ ਅਸੀਂ ਮਨਿਸਟਰ ਜਾਂ ਹੈਡ ਮਨਿਸਟਰ ਦਾ ਮਤਲਬ 'ਜਥੇਦਾਰ', ਕਹਿ ਸਕਦੇ ਹਾਂ। ਬਿਲਕੁਲ ਵੀ ਨਹੀਂ, ਕਾਨੂੰਨੀ ਪੱਖੋਂ ਮੈਂ ਇਸ ਦਾ ਇਕ ਸਬੂਤ ਦਿੰਦਾ ਹਾਂ। ਐਕਟ ਦੀ ਧਾਰਾ 43 ਜਾਂ 43ਏ ਦੇ ਵਿਚ 'ਬੋਰਡ' (ਜਿਸ ਨੂੰ ਸ਼ ?ਰਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਜੋ ਜਾਣਿਆ ਜਾਂਦਾ ਹੈ) ਦੀ ਬਣਤਰ ਬਾਰੇ ਲਿਖਿਆ ਗਿਆ ਹੈ। ਇਸ ਅਨੁਸਾਰ ਚੁਣੇ ਗਏ 140 ਮੈਂਬਰਾਂ ਤੋਂ ਬਿਨਾਂ ਹੈਡ ਮਨਿਸਟਰ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਚਾਰ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਸ੍ਰੀ ਤਖ਼ਤ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, ਸ੍ਰੀ ਤਖ਼ਤ ਪਟਨਾ ਸਾਹਿਬ ਪਟਨਾ, ਸ੍ਰੀ ਤਖ਼ਤ ਹਜ਼ੂਰ ਸਾਹਿਬ ਨਾਂਦੇੜ ਅਤੇ 15 ਹੋਰ ਭਾਰਤੀ ਵਾਸੀ। ਹੁਣ ਬਹੁਤ ਹੀ ਮਹੱਤਵਪੂਰਨ ਵੇਖਣ ਵਾਲੀ ਗੱਲ ਇਹ ਹੈ ਕਿ ਇਸ ਧਾਰਾ ਵਿਚ ਸ਼ਬਦ ਵਰਤੇ ਗਏ ਹਨ 'ਹੈਡ ਮਨਿਸਟਰ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਚਾਰ ਤਖ਼ਤ ਸਾਹਿਬ। ਕੀ ਦਰਬਾਰ ਸਾਹਿਬ ਦਾ ਕੋਈ ਜਥੇਦਾਰ ਹੋਇਆ ਹੈ ਜਾਂ ਹੁਣ ਹੈ? ਇਸ ਦਾ ਉੱਤਰ ਸਾਫ ਹੈ, ਕਿ ਨਹੀਂ! ਕਾਨੂੰਨੀ ਪੱਖੋਂ ਹੈੱਡ ਮਨਿਸਟਰ ਸ਼ਬਦ ਹੈੱਡ ਗ੍ਰੰਥੀ ਲਈ ਵਰਤਿਆ ਗਿਆ ਹੈ। ਕਾਨੂੰਨ ਦੇ ਸਿਧਾਂਤਾਂ ਅਨੁਸਾਰ ਇਕ ਐਕਟ ਵਿਚ ਵਰਤੇ ਗਏ ਸ਼ਬਦ ਦੇ ਕਦੇ ਵੀ ਦੋ ਅਰਥ ਜਾਂ ਮਤਲਬ ਨਹੀਂ ਹੋ ਸਕਦੇ। ਜੇ ਹੈੱਡ ਮਨਿਸਟਰ ਸ਼ਬਦ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਦੇ ਤੌਰ 'ਤੇ ਵਰਤਿਆ ਗਿਆ ਹੈ, ਤਾਂ ਇਹ ਸ਼ਬਦ ਅਕਾਲ ਤਖ਼ਤ ਦੇ ਜਥੇਦਾਰਾਂ ਲਈ ਵਰਤਣਾ ਕਾਨੂੰਨਨ ਤੌਰ 'ਤੇ ਗ਼ਲਤ ਹੋਵੇਗਾ। ਇਸ ਲਈ ਇਹ ਸਪੱਸ਼ਟ ਹੈ ਕਿ ਹੈੱਡ ਮਨਿਸਟਰ ਸ਼ਬਦ ਦਰਬਾਰ ਸਾਹਿਬ ਅਤੇ ਚਾਰ ਤਖ਼ਤਾਂ ਦੇ ਮੁੱਖ ਗ੍ਰੰਥੀਆਂ ਲਈ ਵਰਤਿਆ ਗਿਆ ਹੈ। ਹੁਣ ਇਕ ਬਹੁਤ ਹੀ ਮਹੱਤਵਪੂਰਨ ਸਵਾਲ, ਸਭ ਦੇ ਜ਼ਿਹਨ ਵਿਚ ਆਵੇਗਾ ਕਿ, ਕੀ ਅਕਾਲ ਤਖ਼ਤ ਗੁਰਦੁਆਰਾ ਹੈ ਜਾਂ ਮੀਰੀ ਪੀਰੀ ਸਿਧਾਂਤਕ ਸੰਸਥਾ? ਇਸ ਦਾ ਜਵਾਬ ਸਿੱਖ ਗੁਰਦੁਆਰਾ ਐਕਟ ਦੀ ਧਾਰਾ 85 ਤੋਂ ਸਪੱਸ਼ਟ ਤੌਰ 'ਤੇ ਮਿਲ ਜਾਂਦਾ ਹੈ, ਜਿਸ ਵਿਚ ਗੁਰਦੁਆਰਿਆਂ ਦੀ ਪ੍ਰਬੰਧਕੀ ਕਮੇਟੀ ਬਾਰੇ ਲਿਖਿਆ ਗਿਆ ਹੈ। ਇਸ ਵਿਚ ਜਿਨ੍ਹਾਂ ਗੁਰਦੁਆਰਿਆਂ ਦੇ ਨਾਂਅ ਦਿੱਤੇ ਗਏ ਹਨ, ਉਨ੍ਹਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਅਤੇ ਸ੍ਰੀ ਤਖ਼ਤ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਨੂੰ ਅੰਕਿਤ ਕੀਤਾ ਗਿਆ ਹੈ। ਇਸ ਦਾ ਇਕ ਹੋਰ ਸਬੂਤ ਸਿੱਖ ਗੁਰਦੁਆਰਾ ਐਕਟ ਦੀ ਅਨੁਸੂਚੀ ਨੂੰ (Schedu&e I) ਵਿਚੋਂ ਵੀ ਮਿਲ ਜਾਂਦਾ ਹੈ ਅਤੇ ਇਸ ਅਨੁਸੂਚੀ ਵਿਚ ਜੋ 415 ਗੁਰਦੁਆਰਿਆਂ ਦੇ ਨਾਂਅ ਲਿਖੇ ਗਏ ਸਨ, ਉਸ ਦੇ 26ਵੇਂ ਨੰਬਰ ਤੇ ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਦਾ ਨਾਂਅ, 27ਵੇਂ ਨੰਬਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ (ਅਕਾਲ ਬੁੰਗਾ) ਅਤੇ 118 ਨੰਬਰ ਤੇ ਸ੍ਰੀ ਤਖ਼ਤ ਕੇਸਗੜ੍ਹ ਸਾਹਿਬ, ਅਨੰਦਪੁਰ ਦਰਜ ਕੀਤਾ ਹੋਇਆ ਹੈ।

ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਗੁਰਦੁਆਰੇ ਵੀ ਹਨ, ਜਿਨ੍ਹਾਂ ਵਿਚ ਧਾਰਮਿਕ ਰਸਮ ਮਰਿਆਦਾ ਰੱਖਣ ਦੀ ਜ਼ਿੰਮੇਵਾਰੀ ਹੈਡ ਮਨਿਸਟਰ ਜਾਂ ਹੈਡ ਗ੍ਰੰਥੀ ਸਾਹਿਬ ਸਿਰ ਹੈ। ਜਿਵੇਂ ਕਿ ਮੈਂ ਉੱਪਰ ਲਿਖ ਚੁੱਕਿਆ ਹਾਂ, ਇਨ੍ਹਾਂ ਲਈ ਸ਼ ?ਰਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੇਵਾ ਨਿਯਮ 1997 ਤੋਂ ਹੀ ਲਾਗੂ ਕਰ ਦਿੱਤੇ ਗਏ ਹਨ।

ਜਦੋਂ ਅਸੀਂ ਸਿੱਖ ਗੁਰਦੁਆਰਾ ਐਕਟ, 1925 ਦੇ ਬਣਨ ਅਤੇ ਉਸ ਤੋਂ ਪਹਿਲਾਂ ਦੇ ਇਤਿਹਾਸਿਕ ਪਿਛੋਕੜ ਵੱਲ ਝਾਤੀ ਮਾਰਦੇ ਹਾਂ, ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਿੱਖ ਪੰਥ ਵਲੋਂ ਮਹੰਤਾਂ ਜਾਂ ਮਸੰਦਾਂ ਆਦਿ ਤੋਂ ਕੰਟਰੋਲ ਛੁਡਵਾ ਕੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਪ੍ਰਾਪਤ ਕਰਨ ਲਈ ਹੀ ਇਸ ਕਾਨੂੰਨ ਦੀ ਮੰਗ ਕੀਤੀ ਗਈ ਸੀ ਅਤੇ ਅੰਗਰੇਜ਼ਾਂ ਨੇ 1925 ਵਿਚ ਇਹ ਐਕਟ ਬਣਾਉਣ ਸਮੇਂ ਇਸ ਦੇ ਸ਼ੁਰੂ ਵਿਚ ਹੀ ਇਹ ਲਿਖ ਦਿੱਤਾ ਸੀ ਕਿ ਇਹ ਐਕਟ ਕੁਝ ਸਿੱਖ ਗੁਰਦੁਆਰਿਆਂ ਅਤੇ ਇਸ ਦੇ ਨਾਲ ਜੁੜੇ ਮਾਮਲਿਆਂ ਵਿਚ ਇਕ ਬਿਹਤਰ ਪ੍ਰਸ਼ਾਸਨ ਦਾ ਪ੍ਰਬੰਧ ਕਰਨ ਲਈ ਹੈ। ਜਿਵੇਂ ਅਸੀਂ ਉੱਪਰ ਵੇਖ ਆਏ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਦੋ ਵੱਖ-ਵੱਖ ਹੈਸੀਅਤ ਹਨ ਇਕ ਸਿੱਖ ਗੁਰਦੁਆਰਾ ਐਕਟ ਵਲੋਂ ਘੋਸ਼ਿਤ ਗੁਰਦੁਆਰਾ ਸਾਹਿਬ ਅਤੇ ਦੂਜੀ ਸਿੱਖ ਧਰਮ ਦੇ ਇਤਿਹਾਸ ਸਿਧਾਂਤਾਂ ਮਰਿਆਦਾ ਤੇ ਅਧਾਰਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵਲੋਂ ਸਥਾਪਿਤ ਮੀਰੀ ਪੀਰੀ ਦਾ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਜੋ ਕਿ ਇਲਾਹੀ ਆਦੇਸ਼ ਦਾ ਅਸਥਾਨ ਹੈ। ਇਸ ਲਈ ਜਦੋਂ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਗੁਰਦੁਆਰੇ ਦੀ ਗੱਲ ਕਰਦੇ ਹਾਂ, ਤਾਂ ਇਹ ਨਿਸ਼ਚੇ ਹੀ ਸ਼੍ਰੋਮਣੀ ਗੁਰਦੁਆਰਾ ਐਕਟ ਦੇ ਘੇਰੇ ਵਿਚ ਆਉਂਦਾ ਹੈ ਅਤੇ ਇਸ ਦਾ ਹੈੱਡ ਮਨਿਸਟਰ ਯਾਨੀ ਹੈੱਡ ਗ੍ਰੰਥੀ ਅਤੇ ਮਨਿਸਟਰ ਯਾਨੀ ਗ੍ਰੰਥੀ ਸਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹਨ। ਪਰ ਮੀਰੀ ਪੀਰੀ ਦੇ ਸਿਧਾਂਤ ਤੇ ਸਥਾਪਤ ਪ੍ਰਭੂਸਤਾ ਸੰਪਨ ਹਸਤੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਐਕਟ, 1925 ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਜਾਂ ਇਸ ਦੇ ਅਧਿਕਾਰ ਖੇਤਰ ਵਿਚ ਬਿਲਕੁਲ ਵੀ ਨਹੀਂ ਆਉਂਦੇ।

ਇਕ ਹੋਰ ਬਹੁਤ ਹੀ ਮਹੱਤਵਪੂਰਨ ਗੱਲ ਇਹ ਹੈ, ਕਿ ਜਿਵੇਂ ਕਿ ਅਸੀਂ ਸਾਰੇ ਹੀ ਜਾਣਦੇ ਹਾਂ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਲਾਹੀ ਆਦੇਸ਼ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਵਸਦੇ ਸਿੱਖਾਂ ਅਤੇ ਸਿੱਖਾਂ ਨਾਲ ਸੰਬੰਧਿਤ ਗੁਰਦੁਆਰਿਆਂ ਤੇ ਲਾਗੂ ਹੁੰਦੇ ਹਨ। ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਅਧਿਕਾਰ ਖੇਤਰ ਸਾਰੀ ਦੁਨੀਆ ਵਿਚ ਵੱਸਦੇ ਸਿੱਖਾਂ 'ਤੇ ਲਾਗੂ ਹੁੰਦਾ ਹੈ, ਜਦਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਧਿਕਾਰ ਖੇਤਰ ਸਿਰਫ਼ ਗੁਰਦੁਆਰਿਆਂ ਦੇ ਪ੍ਰਬੰਧਨ ਅਤੇ ਉਹ ਵੀ ਅੱਜ ਦੇ ਪੰਜਾਬ ਜਾਂ ਕੁਝ ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਗੁਰਦੁਆਰਿਆਂ ਤੱਕ ਸੀਮਤ ਹੈ।

ਭਾਰਤ ਵਿਚ ਵੱਖ-ਵੱਖ ਰਾਜਾਂ ਵਿਚ ਸਿੱਖ ਗੁਰਦੁਆਰਿਆਂ ਦੇ ਲਈ ਵੱਖਰਾ-ਵੱਖਰਾ ਕਾਨੂੰਨ ਹੈ, ਜਿਵੇਂ ਕਿ ਹਰਿਆਣਾ ਸਿੱਖ ਗੁਰਦੁਆਰਾ (ਮੈਨੇਜਮੈਂਟ) ਐਕਟ, 2014; ਦਿੱਲੀ ਸਿੱਖ ਗੁਰਦੁਆਰਾ ਐਕਟ, 1971; ਕਾਨਸਟੀਟਿਊਸ਼ਨ ਆਫ ਸ੍ਰੀ ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ, 1956; ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਐਕਟ, 1956 ਅਤੇ ਜੰਮੂ ਐਂਡ ਕਸ਼ਮੀਰ ਸਿੱਖ ਗੁਰਦੁਆਰਾ ਅਤੇ ਇੰਡੋਵਮੈਂਟ ਐਕਟ, 1973 ਬਣੇ ਹੋਏ ਹਨ।

**ਇੱਥੇ ਮੈਂ ਤੁਹਾਡੇ ਨਾਲ ਇਕ ਇਤਿਹਾਸਿਕ ਤੱਤ ਸਾਂਝਾ ਕਰਨਾ ਚਾਹੁੰਦਾ ਹਾਂ** :-1999 ਵਿਚ ਜਦੋਂ ਭਾਈ ਰਣਜੀਤ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਰੇ ਵਿਵਾਦ ਉੱਠਿਆ ਤਾਂ ਮੇਰਾ ਅਖਬਾਰਾਂ ਵਿਚ ਇਕ ਆਰਟੀਕਲ ਛਪਿਆ ਸੀ, ਜਿਸ ਦਾ ਸਿਰਲੇਖ ਸੀ, ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਘੇਰੇ ਵਿਚ ਨਹੀਂ ਆਉਂਦਾ। ਜਦੋਂ ਉਸ ਵਕਤ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਹ ਲੇਖ ਪੜ੍ਹਿਆ, ਤਾਂ ਉਨ੍ਹਾਂ ਨੇ ਮੇਰੇ ਨਾਲ ਮੁਲਾਕਾਤ ਦੀ ਇੱਛਾ ਜਤਾਈ। ਮੇਰੀ ਤੇ ਉਨ੍ਹਾਂ ਦੀ ਮੁਲਾਕਾਤ ਉਨ੍ਹਾਂ ਦੇ ਜੱਦੀ ਪਿੰਡ ਟੌਹੜਾ ਵਿਖੇ ਉਨ੍ਹਾਂ ਦੀ ਰਿਹਾਇਸ਼ 'ਤੇ ਹੋਈ। ਜਦੋਂ ਦੋ ਘੰਟਿਆਂ ਦੀ ਇਸ ਮੀਟਿੰਗ ਵਿਚ ਮੈਂ ਉੱਪਰ ਦਿੱਤੇ ਸਾਰੇ ਤੱਥ ਉਨ੍ਹਾਂ ਨੂੰ ਦੱਸੇ ਤਾਂ ਉਨ੍ਹਾਂ ਨੇ ਬਸ ਇੰਨਾ ਹੀ ਕਿਹਾ ਕਿ ਸਾਡੇ ਵਕੀਲ ਸਿਰਫ਼ ਸਮਰੀਆਂ ਹੀ ਪੜ੍ਹੀ ਜਾਂਦੇ ਨੇ, ਕਦੇ ਉਨ੍ਹਾਂ ਨੇ ਵਿਸਥਾਰਪੂਰਵਕ ਇਹ ਸਾਰੀ ਜਾਣਕਾਰੀ ਮੈਨੂੰ ਨਹੀਂ ਦਿੱਤੀ। ਉਸ ਤੋਂ ਬਾਅਦ ਉਨ੍ਹਾਂ ਨੇ ਇਕ ਮੀਟਿੰਗ ਉਸ ਵਕਤ ਵਰਲਡ ਸਿੱਖ ਕੌਂਸਲ ਦੇ ਚੇਅਰਮੈਨ ਜਸਟਿਸ ਕੁਲਦੀਪ ਸਿੰਘ ਦੇ ਗ੍ਰਹਿ ਪੰਚਕੂਲਾ ਵਿਖੇ ਰੱਖੀ, ਜਿਸ ਵਿਚ ਟੌਹੜਾ ਸਾਹਿਬ, ਜਸਟਿਸ ਕੁਲਦੀਪ ਸਿੰਘ ਅਤੇ ਦਾਸ ਸ਼ਾਮਿਲ ਸੀ। ਜਦੋਂ ਇਹ ਸਾਰਾ ਕੁਝ ਜਸਟਿਸ ਕੁਲਦੀਪ ਸਿੰਘ ਅਤੇ ਉਨ੍ਹਾਂ ਨੂੰ ਮੈਂ ਵਿਸਥਾਰਪੂਰਵਕ ਸਪੱਸ਼ਟ ਕੀਤਾ ਤਾਂ ਉਨ੍ਹਾਂ ਨੇ ਟੌਹੜਾ ਸਾਹਿਬ ਤੋਂ ਪੁੱਛਿਆ ਕਿ, ਕੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੈੱਡ ਗ੍ਰੰਥੀ ਦੀ ਪੋਸਟ ਹੈ ? ਤਾਂ ਉਨ੍ਹਾਂ ਦਾ ਜਵਾਬ ਸੀ, ਜੀ ਹਾਂ ਅਤੇ ਇਸ ਦੇ ਹੈਡ ਗ੍ਰੰਥੀ ਅੱਜਕੱਲ੍ਹ ਭਾਈ ਭਗਵਾਨ ਸਿੰਘ ਜੀ ਹਨ। ਜਸਟਿਸ ਕੁਲਦੀਪ ਸਿੰਘ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਤਾਂ ਫਿਰ ਜੋ ਪ੍ਰੋਫੈਸਰ ਦਲਜੀਤ ਸਿੰਘ ਕਹਿ ਰਹੇ ਹਨ, ਇਹ ਬਿਲਕੁਲ ਠੀਕ ਹੈ। ਜੇ ਪਿਛੋਕੜ ਵੱਲ ਝਾਤੀ ਮਾਰੀਏ ਤਾਂ 1999 ਵਿਚ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਹੋਈ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਵਿਚ ਇਸ ਸੰਬੰਧੀ ਮਤਾ ਵੀ ਪਾਸ ਕੀਤਾ ਗਿਆ ਸੀ ਅਤੇ ਬਾਅਦ ਵਿਚ ਉਨ੍ਹਾਂ ਨੇ ਕਈ ਮੰਚਾਂ 'ਤੇ ਆਪ ਵੀ ਇਸ ਬਾਰੇ ਗੱਲ ਕੀਤੀ ਸੀ।

ਹੁਣ ਸਵਾਲ ਇਹ ਹੈ, ਕਿ ਮੈਂ ਇਹ ਕਿਉਂ ਕਹਿ ਰਿਹਾ ਹਾਂ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਰੇ ਸਰਵਿਸ ਨਿਯਮ ਬਣਾਉਣਾ ਘਾਤਕ ਸਿੱਧ ਹੋਵੇਗਾ। ਭਾਵੇਂ ਕਿ ਮੈਂ ਉੱਪਰ ਇਹ ਸਪੱਸ਼ਟ ਕਰ ਚੁੱਕਿਆ ਹਾਂ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਨਹੀਂ ਆਉਂਦੇ ਅਤੇ ਇਹ ਆਪਣੇ-ਆਪ ਵਿਚ ਪ੍ਰਭੂ ਸੰਪਨ ਆਜ਼ਾਦ ਹਸਤੀ ਵਾਲਾ ਸੰਕਲਪ ਹੈ, ਪਰ ਅੱਜਕੱਲ੍ਹ ਜਿਸ ਤਰੀਕੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਬਜ਼ ਧੜੇ ਵਲੋਂ ਆਪਣੇ ਰਾਜਸੀ ਆਕਾਵਾਂ ਦੀ ਇੱਛਾ ਪੂਰਤੀ ਜਾਂ ਉਨ੍ਹਾਂ ਦੇ ਰਾਜਸੀ ਹਿਤਾਂ ਨੂੰ ਪੂਰਨ ਲਈ ਜੋ ਮਤਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੰਬੋਧਿਤ, 5 ਅਗਸਤ, 2025 ਨੂੰ 'ਹਾਰਦਿਕ ਅਪੀਲ' ਨੁਮਾ ਪਾਸ ਕੀਤਾ ਗਿਆ (ਭਾਵੇਂ ਕਿ ਉਸ ਦੀ ਸ਼ਬਦਾਵਲੀ ਕਿਸੇ ਆਦੇਸ਼ ਤੋਂ ਘੱਟ ਨਹੀਂ ਲੱਗਦੀ), ਅਤੇ ਜਿਸ ਤਰੀਕੇ ਨਾਲ ਪਹਿਲਾਂ ਰਹਿ ਚੁੱਕੇ ਪ੍ਰਚਾਰਕ ਅਤੇ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੂੰਹ ਹਨੇਰੇ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਥਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਬਣਾਏ ਗਏ ਕਾਰਜਕਾਰੀ ਜਥੇਦਾਰ ਵਲੋਂ 6 ਅਗਸਤ, 2025 ਨੂੰ ਜੋ ਮਤਾ ਨੰਬਰ 1, ਪੰਜ ਸਿੰਘ ਸਾਹਿਬਾਨਾਂ (ਭਾਵੇਂ ਕਿ ਉਨ੍ਹਾਂ ਵਿਚ ਸਿੰਘ ਸਾਹਿਬ ਨਹੀਂ, ਬਲਕਿ ਇਕ 'ਪਿਆਰੇ' ਮੰਗਲ ਸਿੰਘ ਜੀ ਸਨ, ਜੋ ਕਿ ਆਪਣੇ ਆਪ ਵਿਚ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰੋਕਤ ਮਤਾ ਨੰਬਰ ਵਿਚ ਦਰਜ 1999 ਦੇ ਮਤੇ ਦੀ ਉਲੰਘਣਾ ਵੀ ਹੈ) ਪਾਸ ਕੀਤਾ ਗਿਆ। ਇਸ ਸਾਰੇ ਵਰਤਾਰੇ ਤੋਂ ਇੰਝ ਲੱਗਦਾ ਹੈ ਕਿ ਵਾੜ ਆਪ ਹੀ ਖੇਤ ਨੂੰ ਖਾਣ ਲੱਗ ਪਈ ਹੈ। ਅੱਜ ਮੇਰਾ ਮਤਿਆਂ ਬਾਰੇ ਵਿਸ਼ਾ ਨਾ ਹੋਣ ਕਰਕੇ, ਮੈਂ ਕੁਝ ਜ਼ਿਆਦਾ ਨਹੀਂ ਲਿਖਣਾ ਚਾਹੁੰਦਾ, ਪਰ ਇਹ ਜ਼ਰੂਰ ਕਹਾਂਗਾ ਕਿ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਕਲਪ ਅਤੇ ਪ੍ਰਭੂਸੱਤਾ ਸੰਪਨ ਹਸਤੀ ਨੂੰ ਢਹਿ-ਢੇਰੀ ਕਰਨ ਵਾਲਾ ਵਰਤਾਰਾ ਹੈ। ਮੈਂ ਇਸ ਵਰਤਾਰੇ ਬਾਰੇ ਇੱਥੇ ਕੁਝ ਹੋਰ ਨਹੀਂ ਕਹਿ ਸਕਦਾ। ਹੋ ਸਕਦਾ ਹੈ ਕਿ ਇਹ ਆਪਣੇ ਰਾਜਨੀਤਿਕ ਆਕਾਵਾਂ ਨੂੰ ਖ਼ੁਸ਼ ਕਰਨ ਲਈ ਜਾਂ ਸਿੱਖ ਵਿਰੋਧੀ ਤਾਕਤਾਂ ਜਾ ਸੰਸਥਾਵਾਂ ਵਲੋਂ 'ਜਾਣੇ ਅਨਜਾਣੇ' ਕੋਈ ਡੂੰਘੀ ਸਾਜਿਸ਼ ਦੇ ਜਾਲ ਵਿਚ ਫਸਣ ਕਰਕੇ ਹੋਵੇ।

ਆਖਰ ਵਿਚ ਮੈਂ ਕਾਨੂੰਨ ਪੱਖੋਂ ਇਕ ਮਹੱਤਵਪੂਰਨ ਨੁਕਤਾ ਸਾਂਝਾ ਕਰਨਾ ਚਾਹੁੰਦਾ ਹਾਂ, ਕਿ ਜੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਵਿਸ ਨਿਯਮ ਬਣਾਉਂਦੀ ਹੈ ਤਾਂ ਉਹ ਨਿਸ਼ਚੇ ਹੀ, ਇਸ ਦੇ ਮੁਲਾਜ਼ਮ (ਨੌਕਰ) ਬਣ ਜਾਣਗੇ। ਮੈਂ ਨੌਕਰ ਸ਼ਬਦ (ਬਹੁਤ ਹੀ ਭਰੇ ਦਿਲ ਨਾਲ ਲਿਖ ਰਿਹਾ ਹਾਂ) ਸੱਚਾਈ ਇਹ ਹੈ ਕਿ ਸਿੱਖ ਗੁਰਦੁਆਰਾ ਐਕਟ ਦੀ ਧਾਰਾ 69 ਵਿਚ 'ਬੋਰਡ ਦੇ ਨੌਕਰਾਂ' (Servants) ਦੀ ਨਿਯੁਕਤੀ ਅਤੇ ਸਜ਼ਾ ਬਾਰੇ ਲਿਖਿਆ ਗਿਆ ਹੈ। ਵੇਖਣ ਵਾਲੀ ਗੱਲ ਇਹ ਹੈ, ਕਿ ਇਸ ਧਾਰਾ ਵਿਚ ਚਾਰ ਵਾਰ 'ਨੌਕਰ' ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਨਾ ਕਿ 'employ' (ਕਰਮਚਾਰੀ ਜਾਂ ਮੁਲਾਜ਼ਮ) ਦੀ। ਜੇ ਜਥੇਦਾਰ ਸਾਹਿਬ ਬਾਰੇ ਇਹ ਸਰਵਿਸ ਨਿਯਮ ਬਣਾਏ ਜਾਂਦੇ ਹਨ ਤਾਂ ਉਹ ਕਾਨੂੰਨ ਦੇ ਘੇਰੇ ਵਿਚ ਆ ਜਾਣਗੇ ਅਤੇ ਉਨ੍ਹਾਂ ਦੀ ਨਿਯੁਕਤੀ ਜਾਂ ਸਜ਼ਾ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਾਂ ਅਧਿਕਾਰ ਮਿਲ ਹੀ ਜਾਵੇਗਾ, ਪਰ ਇਸ ਦਾ ਬਹੁਤ ਹੀ ਭਿਆਨਕ ਨਤੀਜਾ ਇਹ ਹੋਵੇਗਾ, ਕਿ ਜਥੇਦਾਰ ਬਾਰੇ ਅਦਾਲਤਾਂ ਵਿਚ ਮੁਕਦਮੇ ਕਾਨੂੰਨੀ ਤੌਰ 'ਤੇ ਲੜੇ ਜਾ ਸਕਣਗੇ। ਭਾਰਤ ਦੇ ਕਾਨੂੰਨ ਅਨੁਸਾਰ ਜਥੇਦਾਰ ਸਾਹਿਬ ਕਿਸੇ ਨੂੰ ਧਰਮ ਵਿਚੋਂ ਛੇਕ ਨਹੀਂ ਸਕਣਗੇ ਜਾਂ ਕੋਈ ਸਜ਼ਾ ਨਹੀਂ ਦੇ ਸਕਣਗੇ। ਉਨ੍ਹਾਂ ਵਲੋਂ ਕੀਤੇ ਮਤੇ ਜਾਂ ਹੁਕਮਨਾਮਿਆ ਬਾਰੇ ਜਾਂ ਉਨ੍ਹਾਂ ਦੀ ਨਿਯੁਕਤੀ ਬਾਰੇ ਕੋਈ ਵੀ ਅਦਾਲਤਾਂ ਵਿਚ ਜਾ ਕੇ ਪਟੀਸ਼ਨ ਕਰ ਸਕੇਗਾ ਜਾਂ ਉਹ ਖੁਦ ਕਰ ਸਕਣਗੇ। ਇਸ ਦੇ ਸਬੂਤ ਵਜੋਂ, ਮੈਂ ਭਾਰਤ ਦੀ ਸਰਬ ਉੱਚ ਅਦਾਲਤ ਸੁਪਰੀਮ ਕੋਰਟ ਵਲੋਂ ਕੀਤਾ 2011 ਦਾ ਫ਼ੈਸਲਾ, ਦਿਲਜੀਤ ਸਿੰਘ ਬੇਦੀ ਬਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦੇਣਾ ਚਾਹੁੰਦਾ ਹਾਂ।

ਹੁਣ ਸਭ ਦੇ ਜ਼ਿਹਨ ਵਿਚ ਇਹ ਸਵਾਲ ਆਏਗਾ ਕਿ ਜੇ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਨਹੀਂ ਹੈ ਤਾਂ ਉਨ੍ਹਾਂ ਨੂੰ ਕਿਸ ਤਰ੍ਹਾਂ ਨਿਯੁਕਤ ਕੀਤਾ ਜਾ ਸਕਦਾ ਹੈ? ਅਤੇ ਉਨ੍ਹਾਂ ਦੀ ਨਿਯੁਕਤੀ ਕੌਣ ਕਰ ਸਕਦਾ ਹੈ? ਭਾਵੇਂ ਇਹ ਅੱਜ ਦਾ ਵਿਸ਼ਾ ਨਹੀਂ ਹੈ, ਪਰ ਸੰਖੇਪ ਵਿਚ ਮੈਂ ਇਸ ਦਾ ਜਵਾਬ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ। ਜਿਸ ਤਰੀਕੇ ਦੇ ਨਾਲ ਇਸਾਈਆਂ ਵਿਚ ਪੋਪ ਨੂੰ ਨਿਯੁਕਤ ਕੀਤਾ ਜਾਂਦਾ ਹੈ, ਉਸੇ ਤਰਜ਼ 'ਤੇ ਸਿੱਖ ਮਰਿਆਦਾ ਨੂੰ ਮੁੱਖ ਰੱਖਦੇ ਹੋਏ ਦੁਨੀਆ ਵਿਚ ਵਸਦੇ ਵੱਖ-ਵੱਖ ਦੇਸ਼ਾਂ ਵਿਚ ਸਿੱਖਾਂ ਦੀ ਆਬਾਦੀ ਅਧਾਰਤ ਪ੍ਰਤੀਨਿਧਤਾ ਨਿਰਧਾਰਿਤ ਕਰਕੇ, ਇਕ 'ਇਲੈਕਟੋਰਲ ਕਾਲਜ' ਬਣਾਇਆ ਜਾ ਸਕਦਾ ਹੈ, ਜਿਸ ਵਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਨਿਯੁਕਤੀ ਕੀਤੀ ਜਾ ਸਕਦੀ ਹੈ। ਅਕਾਲ ਤਖ਼ਤ ਸਾਹਿਬ ਨੂੰ ਵਿੱਤੀ ਤੌਰ ਅਤੇ ਕਾਰਜਸ਼ੀਲਤਾ ਲਈ ਸੰਪੂਰਨ ਤੌਰ 'ਤੇ ਆਜ਼ਾਦ ਬਣਾਉਣ ਲਈ ਭਾਰਤ ਦੀਆਂ ਸਾਰੀਆਂ ਕਾਨੂੰਨੀ ਤੌਰ 'ਤੇ ਸਥਾਪਿਤ ਸਿੱਖ ਕਮੇਟੀਆਂ ਅਤੇ ਦੇਸ਼ ਵਿਦੇਸ਼ ਦੀਆਂ ਸਿੱਖ ਸੰਸਥਾਵਾਂ ਜਾਂ ਗੁਰਦੁਆਰਿਆਂ ਵਲੋਂ ਉਦਮ ਕੀਤਾ ਜਾ ਸਕਦਾ ਹੈ। ਇਸ ਬਾਰੇ ਵਿਸਥਾਰ ਪੂਰਵਕ ਚਰਚਾ ਮੈਂ ਆਪਣੇ ਅਗਲੇ ਲੇਖ ਵਿਚ ਕਰਨ ਦੀ ਕੋਸ਼ਿਸ਼ ਕਰਾਂਗਾ ਜੀ।

# ਭਗਉਤੀ ਜਾਂ ਭਗਵਤੀ

## ਅਵਰਨ ਕੀ ਭਗਵਤੀ ਓ ਸਿੰਘਨ ਕੋ ਭਗਉਤੀ ਜੀ ਕੀ ਸਾਮ ਹੈ ॥

(ਛਪ ਰਹੀ ਪੁਸਤਕ ਸ੍ਰੀ ਦਸਮ ਗੋਸਟਿ ਵਿਚੋਂ)

ਭਗਉਤੀ ਜਾਂ ਭਗਵਤੀ ? ਭਗਉਤੀ (ਭਗੌਤੀ) ਅਕਾਲ ਪੁਰਖ ਜਾਂ ਸ੍ਰੀ ਸਾਹਿਬ ਹੈ ਅਤੇ ਦੂਸਰੇ ਪਾਸੇ ਭਗਵਤੀ ਦੇਵੀ ਦਾ ਨਾਮ ਹੈ। ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਚੰਡੀ ਦੀ ਵਾਰ ਰਚੀ ਤਾਂ ਇਸਦੀ ਪਹਿਲੀ ਪਉੜੀ ਅਰਦਾਸ ਦਾ ਹਿੱਸਾ ਬਣੀ। ਇਸ ਵਿਚ ਜੋੜਨ ਲਈ ਇਸ਼ਟ ਭਗਉਤੀ ਸੀ ਨਾ ਕਿ ਭਗਵਤੀ। ਇਹ ਪੰਥ ਪ੍ਰਵਾਨਤ ਸਿਖ ਰਹਿਤ ਮਰਯਾਦਾ ਵਿਚ ਅੰਕਤ ਹੈ,

**ਵਾਹਿਗੁਰੂ ਜੀ ਕੀ ਫਤਹ ।।**

ਸ੍ਰੀ ਭਗਉਤੀ ਜੀ ਸਹਾਇ॥ ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦॥ ਪ੍ਰਿਥਮ ਭਗਉਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਇ॥ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ॥ ਅਰਜੁਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥ ਸ੍ਰੀ ਹਰਿਕ੍ਰਿਸਨਿ ਧਿਆਈਐ ਜਿਸੁ ਡਿਠੇ ਸਭੁ ਦੁਖੁ ਜਾਇ॥ ਤੇਗ ਬਹਾਦੁਰ ਸਿਮਰੀਐ ਘਰਿ ਨੌ ਨਿਧ ਆਵੈ ਧਾਇ॥ ਸਭ ਥਾਈ ਹੋਇ ਸਹਾਇ॥੧॥

ਇੱਥੇ ਵਿਚਾਰਨ ਵਾਲੀ ਗੱਲ ਹੈ ਕਿ ਇਹ ਪਉੜੀ ਵਿਚ ਸ੍ਰੀ ਭਗਉਤੀ ਜੀ ਸਹਾਇ ਤੋਂ ਅਰੰਭ ਹੋ ਕੇ ਤੇਗ ਬਹਾਦੁਰ ਸਿਮਰੀਐ ਘਰਿ ਨੌ ਨਿਧ ਆਵੈ ਧਾਇ॥ ਸਭ ਥਾਈ ਹੋਇ ਸਹਾਇ॥੧੧॥ ਤੇ ਸਮਾਪਤ ਹੁੰਦੀ ਹੈ। ਚੂੰਕਿ ਇਸ ਦੇ ਰਚਨਹਾਰ ਕਲਗੀਧਰ ਪਾਤਸ਼ਾਹ ਖੁਦ ਹਨ ਇਸ ਲਈ ਇਸ ਵਿਚ ਉਹਨਾਂ ਦਾ ਨਾਮ ਨਹੀਂ ਹੈ ਜੋ ਗੁਰੂ ਖਾਲਸੇ ਨੇ ਬਾਅਦ ਵਿਚ ਸ਼ਾਮਲ ਕੀਤਾ।

ਇਸ ਤੋਂ ਬਾਅਦ ਸਤਿਗੁਰੂ ਜੀ ਇਕ ਦਮ ਸਪਸ਼ਟ ਕਰ ਦਿੰਦੇ ਹਨ ਕਿ ਕਰਤਾ ਪੁਰਖ ਕੇਵਲ ਇਕ ਅਕਾਲ ਪੁਰਖ ਹੈ ਬਾਕੀ ਸਾਰੇ ਬ੍ਰਹਮਾ, ਵਿਸ਼ਨੂ, ਸ਼ਿਵ, ਦੇਵ, ਦਾਨਵ ਸਿਰਜੇ ਅਤੇ ਉਹਨਾਂ ਵਿਚ ਆਪਸੀ ਬਾਦ ਵੀ ਤੂੰ ਹੀ ਉਪਜਾਇਆ ਹੈ।

**ਖੰਡਾ ਪ੍ਰਥਮਿ ਮਨਾਇਕੈ ਜਿਨ ਸਭ ਸੈਸਾਰ ਉਪਾਇਆ॥**
**ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤਿ ਦਾ ਖੇਲੁ ਬਣਾਇਆ॥**
**ਸਿੰਧੁ ਪਰਬਤ ਮੇਦਨੀ ਬਿਨੁ ਥੰਮਾ ਗਗਨ ਰਹਾਇਆ॥**
**ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥**

ਹਾਲਾਂ ਕਿ ਸਤਿਗੁਰੂ ਜੀ ਇਹ ਵਾਰ ਦੁਰਗਾ ਦੀ ਲਿਖ ਰਹੇ ਹਨ ਪਰ ਦੁਰਗਾ ਬਾਰੇ ਵੀ ਕੋਈ ਭੁਲੇਖਾ ਨਹੀਂ ਰਹਿਣ ਦਿੰਦੇ ਕਿ ਅਕਾਲ ਪੁਰਖ ਨੇ ਖੁਦ ਦੁਰਗਾ ਨੂੰ ਸਾਜਿਆ ਅਤੇ ਉਸੇ ਦੀ ਸ਼ਕਤੀ ਨਾਲ ਹੀ ਦੁਰਗਾ ਨੇ ਦੈਂਤਾ ਦਾ ਨਾਸ਼ ਕੀਤਾ। ਉਸੇ ਦੀ ਸ਼ਕਤੀ ਲੈ ਕੇ ਰਾਮ ਨੇ ਬਾਣਾਂ ਨਾਲ ਰਾਵਣ ਦਾ ਵਧ ਕੀਤਾ ਅਤੇ ਕ੍ਰਿਸ਼ਨ ਨੇ ਕੰਸ ਨੂੰ ਕੇਸਾਂ ਤੋਂ ਫੜ ਕੇ ਗਿਰਾਇਆ। ਇਸ ਤਰ੍ਹਾਂ ਕਰਣ ਕਾਰਣ ਉਹ ਅਕਾਲ ਪੁਰਖ ਖੁਦ ਹੀ ਹੈ। ਬਾਕੀ ਤਾਂ ਇਹ ਸਾਰੇ ਉਸ ਦੀ ਕਿਰਤ ਹਨ ਅਤੇ ਇਕ ਕਰਿੰਦੇ ਦੀ ਨਿਆਈਂ ਹਨ।

**ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸ ਕਰਾਇਆ॥**
**ਤੈਥੋ ਹੀ ਬਲੁ ਰਾਮ ਲੈ ਨਾਲ ਬਾਣਾ ਰਾਵਣੁ ਘਾਇਆ॥**
**ਤੈਥੋ ਹੀ ਬਲੁ ਕ੍ਰਿਸਨ ਲੈ ਕੰਸ ਕੇਸੀ ਪਕੜਿ ਗਿਰਾਇਆ॥**
**ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨ ਤਾਇਆ॥**
**ਕਿਨੈ ਤੇਰਾ ਅੰਤ ਨ ਪਾਇਆ॥੨॥**

ਇਹ ਅਰਦਾਸ ਸ੍ਰੀ ਭਗਉਤੀ ਜੀ ਦੀ ਹੈ। ਭਗਵਤੀ ਇਕ ਦੇਵੀ ਮਾਤਰ ਹੈ। ਪਰ ਉਸਦਾ ਕਿਰਦਾਰ ਬਹੁਤ ਹੀ ਸਲਾਹੁਣ ਯੋਗ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੁਰਗਾ ਜਾਂ ਭਗਵਤੀ ਦੀ ਉਸਤਤਿ ਵਿਚ ਇੰਦ੍ਰ ਦੀ ਮਿਥਿਹਾਸਕ ਪੌਰਾਣਕ ਕਹਾਣੀ ਤੇ ਅਧਾਰਤ ਇਕ ਨਹੀਂ ਦੋ ਨਹੀਂ ਬਲਕਿ ਤਿੰਨ ਰਚਨਾਵਾਂ ਰਚੀਆਂ। ਉਸਦਾ ਕਾਰਣ ਸਪਸ਼ਟ ਸੀ ਕੀ ਦੁਰਗਾ ਦਾ ਚਰਿਤ੍ਰ ਬਾਕੀ ਸਾਰੀਆਂ ਪੌਰਣਕ ਕਹਾਣੀਆਂ, ਦੇਵੀਆਂ ਤੋਂ ਇਕ ਦਮ ਭਿੰਨ ਹੈ। ਦੁਰਗਾ ਦੇ ਕਿਰਦਾਰ ਵਿਚ ਕੋਈ ਪਰਿਵਾਰਕ ਜਾਂ ਨਿਜ ਦਾ ਉਦੇਸ਼ ਨਹੀਂ ਹੈ। ਉਹ ਇਹ ਕਿ ਜਦੋਂ ਇੰਦ੍ਰ ਨੂੰ ਸੁੰਭ ਨਿਸੁੰਭ ਨੇ ਸਿੰਘਾਸਨ ਤੋਂ ਪਟਕਾ ਕੇ ਥੱਲੇ ਡੇਗ ਲਿਆ ਤਾਂ ਉਹ ਰੋਂਦਾ ਕੁਰਲਾਂਦਾ ਪਹਾੜਾਂ ਵਿਚ ਤਪ ਕਰ ਰਹੀ ਦੁਰਗਾ ਕੋਲ ਗਿਆ ਅਤੇ ਕਿਹਾ ਕਿ ਮਾਈ ਮੈਨੂੰ ਬਚਾ ਲੈ। ਦੁਰਗਾ ਖਿੜਖਿੜਾ ਕੇ ਹੱਸੀ ਤੇ ਕਹਿਣ ਲੱਗੀ ਕਿ ਕੋਈ ਗੱਲ ਨਹੀਂ ਮੈਂ ਆਈ। ਮਿਥਿਹਾਸਕ ਕਹਾਣੀ ਮੁਤਾਬਕ ਦੁਰਗਾ ਯੁੱਧ ਕਰਦੀ ਹੈ ਅਤੇ ਭਗਉਤੀ ਫੜ ਕੇ ਸੁੰਭ ਨੂੰ ਮਾਰ ਦਿੰਦੀ ਹੈ। ਧਰਮ ਯੁਧ ਦੀ ਲਾਲਸਾ ਨਾਲ ਲਬਰੇਜ਼ ਸਤਿਗੁਰੂ ਜੀ ਇਕ ਅਬਲਾ ਕਹੀ ਜਾਂਦੀ ਔਰਤ ਵਲੋਂ ਦਾਨਵਾਂ ਨਾਲ ਕੀਤੇ ਯੁੱਧ ਨੂੰ ਕਮਾਲ ਦੇ ਅਲੰਕਾਰਾਂ ਨਾਲ ਸ਼ਿੰਗਾਰਦੇ ਹਨ ਕਿ ਦੁਰਗਾ ਨੇ ਹੱਥ ਵਿਚ ਸ਼ਕਤੀਸ਼ਾਲੀ ਭਗਉਤੀ ਫੜ ਲਈ ਅਤੇ ਰਾਜੇ ਸੁੰਭ ਨੂੰ ਜਦੋਂ ਮਾਰੀ ਉਹ ਉਸਦਾ ਖੂਨ ਪੀ ਗਈ। ਸੁੰਭ ਡਿੱਗ ਗਿਆ ਅਤੇ ਦੁਰਗਾ ਨੇ ਜਦੋਂ ਲਹੂ ਨਾਲ ਭਰੀ ਬਰਛੀ ਬਾਹਰ ਕੱਢੀ ਤਾਂ ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਕੋਈ ਨਵੀਂ ਵਿਆਹੀ ਦੁਲਹਨ ਲਾਲ ਸਾੜੀ ਪਾ ਕੇ ਆਈ ਹੈ।

**ਦੁਹਾ ਕੰਧਾਰਾ ਮੁਹਿ ਜੁੜੇ ਨਾਲ ਧਉਸਾ ਭਾਰੀ॥**
**ਲਈ ਭਗਉਤੀ ਦੁਰਗਸਾਹਿ ਵਰ ਜਾਗਣਿ ਭਾਰੀ॥**
**ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ॥**
**ਸੁੰਭ ਪਾਲਾਣੋ ਡਿਗਿਆ ਉਪਮਾ ਵੀਚਾਰੀ॥**



ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

**ਡੁਬਿ ਰਤੂ ਨਾਲਹੁ ਨਿਕਲੀ ਬਰਛੀ ਦੋਧਾਰੀ॥**
**ਜਾਣੁ ਰਜਾਦੀ ਉਤਰੀ ਪੈਨ੍ਹ ਸੂਹੀ ਸਾੜ੍ਹੀ॥ ੫੩॥**

ਯੁੱਧ ਦੇ ਇਤਨੇ ਭਿਆਨਕ ਦ੍ਰਿਸ਼ ਨੂੰ ਸਤਿਗੁਰ ਸੱਚੇ ਪਾਤਸ਼ਾਹ ਕਿਤਨੀ ਸਹਿਜਤਾ ਨਾਲ ਪੇਸ਼ ਕਰਦੇ ਹਨ। ਇਸਦੇ ਬਾਅਦ ਦੁਰਗਾ ਇੰਦ੍ਰ ਨੂੰ ਉਸਦਾ ਸਿੰਘਾਸਨ ਦਿਵਾ ਕੇ ਉਸ ਵਿਚੋਂ ਕਿਸੇ ਹਿੱਸੇ ਦੀ ਮੰਗ ਨਹੀਂ ਕਰਦੀ ਬਲਕੀ ਵਾਪਸ ਪਹਾੜਾਂ ਵਿਚ ਚਲੀ ਜਾਂਦੀ ਹੈ। ਇੰਦ੍ਰ ਦੀ ਇਸ ਪੌਰਾਣਕ ਕਹਾਣੀ ਨੂੰ ਸਤਿਗੁਰੂ ਚਿਤ੍ਰਤ ਕਰਦੇ ਹਨ ਕਿ ਅਸਲ ਵਿਚ ਇਹ ਸਾਰੀ ਕਰਤਾ ਪੁਰਖ ਦੀ ਖੇਡ ਹੈ, ਦੁਰਗਾ ਤਾਂ ਇਕ ਨਮਿਤ ਮਾਤਰ ਹੈ, ਕਹੂੰ ਇੰਦ੍ਰ ਰਾਜਾ ਕੋ ਮਿਲਤ ਇੰਦ੍ਰ ਪਦਵੀ ਸੀ ਕਹੂੰ ਇੰਦ੍ਰ ਪਦਵੀ ਛਪਾਇ ਛੀਨ ਲੇਤ ਹੋ॥ (ਪਾ.੧੦)

ਇਹ ਚਰਿਤ੍ਰ ਅਤੇ ਕਿਰਦਾਰ ਸੀ ਜੋ ਕਲਗੀਧਰ



ਪਿਤਾ ਨੇ ਸਿੰਘਾਂ ਲਈ ਚਿਤਵਿਆ ਅਤੇ ਘੜਿਆ। ਬਾਅਦ ਵਿਚ ਜਾਜੋਂ ਦੀ ਜੰਗ ਵਿਚ ਦਸਮ ਪਾਤਸ਼ਾਹ ਨੇ ਉਸ ਨੂੰ ਅਮਲ ਵਿਚ ਲਿਆਂਦਾ। ਔਰੰਗਜ਼ੇਬ ਦੀ ਮੌਤ ਦੇ ਬਾਅਦ ਉਸਦੇ ਪੁੱਤਰਾਂ ਦੀ ਵਿਰਾਸਤ ਦੀ ਲੜਾਈ ਵਿਚ ਬਹਾਦੁਰ ਸ਼ਾਹ ਨੇ ਜਦੋਂ ਕਲਗੀਧਰ ਪਿਤਾ ਤੋਂ ਸਹਾਇਤਾ ਮੰਗੀ, ਸਤਿਗੁਰੂ ਜੀ ਨੇ ਬਹਾਦੁਰ ਸ਼ਾਹ ਨੂੰ ਯੋਗ ਜਾਣ ਕੇ ਉਸਦੀ ਮਦਦ ਕੀਤੀ, ਉਸਨੂੰ ਸਿੰਘਾਸਨ ਤੇ ਬਿਠਾਇਆ ਪਰ ਰਾਜ ਵਿਚ ਕੋਈ ਹਿੱਸਾ ਨਹੀਂ ਮੰਗਿਆ। ਇੱਥੇ ਦੇਵੀ ਦੇ ਇਸ ਕਰਤਬ ਦੀ ਉਸਤਿਤ ਕੀਤੀ ਗਈ ਹੈ ਪਰ ਸਤੁਤੀ (ਅਰਾਧਨਾ) ਨਹੀਂ। ਦੇਵੀ ਇਸ਼ਟ ਨਹੀਂ ਹੈ। ਬਾਅਦ ਦਾ ਖਾਲਸੇ ਦਾ ਇਤਿਹਾਸ ਵੀ ਇਹੀ ਚਰਿਤ੍ਰ ਦੁਹਰਾਉਂਦਾ ਹੈ ਕਿ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਖਾਲਸੇ ਨੇ ਹਰ ਮਜ਼ਲੂਮ ਦੀ ਬਾਂਹ ਫੜੀ। ਹੁਣੇ ਹੁਣੇ ਕੋਵਿਡ ਦੀ ਬਿਪਤਾ ਵੇਲੇ ਵੀ ਖਾਲਸੇ ਨੇ ਐਸੀਆਂ ਪੈੜਾਂ ਪਾਈਆਂ ਕਿ ਸਾਰਾ ਸੰਸਾਰ ਇਸ ਦਾ ਕਾਇਲ ਹੋ ਨਿਬੜਿਆ।

ਅਕਾਲ ਪੁਰਖ ਅਤੇ ਉਸਦੀ ਸ਼ਕਤੀ ਦੇ ਰੂਪ ਵਿਚ ਭਗਉਤੀ ਨੂੰ ਗੁਰੂ ਸਾਹਿਬ ਨੇ ਆਪ ਚਿਤਵਿਆ ਹੈ। ਸ਼ਸ਼ਤ੍ਰਨਾਮ ਮਾਲਾ ਵਿਚ ਵੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਨ ਕਰਦੇ ਹਨ ਲਏ ਭਗਉਤੀ ਨਿਕਸ ਹੈ ਆਪ ਕਲੰਕੀ ਹਾਥਿ॥੪੬॥ ਇਹ ਭਗਉਤੀ ਦੇਵੀ ਨਹੀਂ ਬਲਕਿ ਪ੍ਰਤੱਖ ਲੋਹੇ ਚੋਂ ਘੜੀ ਹੋਈ ਹੈ। ਦੁਰਗਾ ਨੇ ਇਹ ਹੱਥ ਵਿਚ ਫੜ ਕੇ ਯੁੱਧ ਕੀਤਾ। ਭਾਈ ਗੁਰਦਾਸ ਜੀ ਵੀ ਇਸ ਦਾ ਹਵਾਲਾ ਦਿੰਦੇ ਹਨ, ਨਾਉ ਭਗਉਤੀ ਲੋਹੁ ਘੜਾਇਆ। (ਵਾਰ ੨੫ ਪਉੜੀ ੬)

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪੁਰਾਤਨ ਸਾਰੇ ਹੀ ਸਰੂਪਾਂ ਵਿਚ ਭਗਉਤੀ ਅੰਕਤ ਹੈ। ਸਤਿਗੁਰੂ ਜੀ ਨੇ ਭਗਉਤੀ ਦਾ ਵਰਣਨ ਕੇਵਲ ਵਾਰ ਦੁਰਗਾ ਵਿਚ ਹੀ ਨਹੀਂ ਕੀਤਾ ਬਲਕਿ ਅਕਾਲ ਉਸਤਤਿ, ਚੰਡੀ ਦੀ ਵਾਰ, ਗਿਆਨ ਪ੍ਰਬੋਧ, ਚੌਬੀਸ ਅਵਤਾਰ, ਸ਼ਸਤ੍ਰ ਨਾਮ ਮਾਲਾ ਆਦਿ ਬਹੁਤ ਰਚਨਾਵਾਂ ਵਿਚ ਕੀਤਾ ਹੈ। ਕਿਸੇ ਵੀ ਹਿੰਦੂ ਵੇਦ, ਸ਼ਾਸਤ੍ਰ, ਪੁਰਾਣ ਵਿਚ ਭਗਉਤੀ ਲਫ਼ਜ਼ ਨਹੀਂ ਆਇਆ। ਜਿਵੇਂ ਸਿੱਖ ਲਫਜ਼ ਵੀ ਕਿਸੇ ਹਿੰਦੂ ਪੁਰਾਤਨ ਜਾਂ ਪੌਰਾਣਕ ਗ੍ਰੰਥ ਵਿਚ ਨਹੀਂ ਮਿਲਦਾ। ਅਲਬੱਤਾ ਪੌਰਾਣਿਤ ਗ੍ਰੰਥਾਂ ਵਿਚ ਭਗਵਤੀ ਦੁਰਗਾ, ਸ਼ਕਤੀ, ਸ਼ਾਕਤ ਮਤ ਲਈ ਹੈ। ਪਰ ਭਗਉਤੀ ਲਫਜ਼ ਨਿਰੋਲ ਸਤਿਗੁਰੂ ਜੀ ਦੀ ਬਖਸ਼ਿਸ਼ ਹੈ, ਗੁਰਮਤਿ ਦਾ ਫਲਸਫਾ ਹੈ।

ਇਸ ਲਈ ਇੱਥੇ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਭਗਉਤੀ ਅਕਾਲ ਪੁਰਖ, ਅਕਾਲ ਪੁਰਖ ਦੀ ਸ਼ਕਤੀ, ਸ੍ਰੀ ਸਾਹਿਬ ਹੈ ਅਤੇ ਭਗਵਤੀ ਦੇਵੀ ਹੈ, ਦੁਰਗਾ ਹੈ।

ਸਤਿਗੁਰੂ ਜੀ ਨੇ ਗੁਰਮਤਿ ਦੀ ਰਖਿਆ ਲਈ ਰਾਮਕਾਰ ਇਤਨੀ ਮਜ਼ਬੂਤ ਸਿਰਜੀ ਹੈ ਕਿ ਕੋਈ ਇਸ ਵਿਚ ਸੰਨ੍ਹ ਲਾ ਹੀ ਨਹੀਂ ਸਕਦਾ। ਪਰ ਖਾਲਸੇ ਨੂੰ ਹਰ ਸਮੇਂ ਤਿਆਰ ਬਰ ਤਿਆਰ ਅਤੇ ਸੁਚੇਤ ਹੋਣ ਦੀ ਲੋੜ ਹੈ।

editor@santsipahi.org
www.santsipahi.org;
www.patshah10@.org




# ਰੋਮਿਆਂ ਕਲੈ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ

ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤ੍ਰਿਕਾਲ ਦਰਸ਼ੀ ਅਤੇ ਤ੍ਰਿਲੋਕੀ ਦੇ ਮਾਲਕ ਹਨ। ਇਕ ਛੋਟਾ ਜਿਹਾ ਹਵਾਲਾ ਹੈ ਰੋਮਿਆਂ ਕਲੈ (roman à clef) ਦਾ। ਸਾਹਿਤ ਦੀ ਦੁਨੀਆ ਵਿਚ ਜਦੋਂ ਕਿਸੇ ਕਾਲਪਨਿਕ ਕਹਾਣੀ, ਨਾਵਲ ਜਾਂ ਗਾਥਾ ਵਿਚ ਅਸਲੀ ਨਾਵਾਂ, ਥਾਵਾਂ ਜਾਂ ਵਿਅਕਤੀਆਂ ਦਾ ਨਾਮ ਸ਼ਾਮਲ ਕਰ ਲਿਆ ਜਾਏ ਤਾਂ ਇਸ ਨਾਲ ਪਾਠਕ ਅਤੇ ਸ੍ਰੋਤੇ ਦਾ ਧਿਆਨ ਅਤੇ ਰੁਚੀ ਇਕ ਦਮ ਉਸ ਕਹਾਣੀ ਵਿਚ ਗੂੜ੍ਹੀ ਹੋ ਜਾਂਦੀ ਹੈ ਅਤੇ ਪਾਠਕ ਨੂੰ ਇਕ ਦਮ ਉਹ ਕਹਾਣੀ ਗੋਈ ਪਾਵਪਰੀ ਘਟਨਾ ਲਗਣ ਲਗ ਜਾਂਦੀ ਹੈ। ਇਹ ਸਾਹਿਤ ਦੀ ਉਹ ਪਰਿਪਾਟੀ ਹੈ ਜਿਸ ਵਿਚ ਕਾਲਪਨਿਕ ਕਹਾਣੀ ਇਕ ਦਮ ਯਥਾਰਥਕ ਲਗਣ ਲਗ ਪਏ। ("roman à clef") ਫਰੈਂਚ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੁੰਦਾ ਹੈ novel with a key. ਇਸ ਲਈ ਇਸ ਰੋਮਿਆਂ ਕਲੈ ("roman à clef") ਨੂੰ ਕੁੰਜੀਵਤ ਸਾਹਿਤ ਜਾਂ ਘੁੰਡੀਵਤ ਸਾਹਿਤ ਕਿਹਾ ਜਾਂਦਾ ਹੈ। ਰੋਮਾਂ ਕਲੇ ਦੀ ਵਿਸ਼ੇਸ਼ਤਾ ਹੈ ਕਿ ਇਸ ਵਿਚ ਅਸਲ ਵਿਅਕਤੀਆਂ ਜਾਂ ਘਟਨਾਵਾਂ ਨੂੰ ਕਾਲਪਨਿਕ ਕਹਾਣੀ ਦੇ ਨਾਲ ਇਸ ਤਰ੍ਹਾਂ ਗੁੰਦਿਆ ਜਾਂਦਾ ਹੈ, ਜਿਸ ਨਾਲ ਕਹਾਣੀ ਇਕ ਵਾਪਰੀ ਘਟਨਾ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਇਸ ਤਰ੍ਹਾਂ ਪਾਠਕ ਨੂੰ ਅਸਲੀਅਤ ਅਤੇ ਕਲਪਨਾ ਵਿਚਕਾਰ ਲੱਭਣ ਲਈ 'ਕੁੰਜੀ' ਦੀ ਜ਼ਰੂਰਤ ਪੈਂਦੀ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਵਿੱਚ ਇਸ ਦੀ ਵਰਤੋਂ ਕਰਦਿਆਂ ਕਈ ਥਾਵੇਂ ਅਸਲ ਇਤਿਹਾਸਕ ਵਿਅਕਤੀਆਂ, ਥਾਵਾਂ ਜਾਂ ਘਟਨਾਵਾਂ ਨੂੰ ਪ੍ਰਤੀਕਾਤਮਕ ਜਾਂ ਮਿਥਿਹਾਸਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ਜਿਸ ਨਾਲ ਉਹ ਘਟਨਾ ਜਾਂ ਕਹਾਣੀ ਇਤਿਹਾਸਕ ਲਗਣ ਲਗ ਜਾਂਦੀ ਹੈ।

ਪੱਛਮੀ ਸਾਹਿਤ ਵਿਚ ਤਾਂ ਇਸ ਰੋਮਿਆਂ ਕਲੈ ਦੇ ਪੁਰਾਣੇ ਹਵਾਲੇ ਮਿਲਦੇ ਹਨ ਪਰ ਭਾਰਤੀ ਖਿੱਤੇ ਵਿਚ ਇਸ ਦੀ ਵਰਤੋਂ ਤਕਰੀਬਨ ਪੰਜਾਹ ਸਾਲ ਤੋਂ ਹੀ ਹੋਣੀ ਸ਼ੁਰੂ ਹੋਈ ਹੈ। ਪਰ ਸਿਰ ਝੁਕਦਾ ਹੈ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਤੇ ਜਿਹਨਾਂ ਨੇ ਅੱਜ ਤੋਂ ਤਕਰੀਬਨ ਸਵਾ ਤਿੰਨ ਸੌ ਸਾਲ ਪਹਿਲਾਂ ਇਸ ਦੀ ਵਰਤੋਂ ਆਪਣੀ ਬਾਣੀ ਵਿਚ ਕੀਤੀ।

ਜਿਵੇਂ ਕਲਗੀਧਰ ਪਾਤਸ਼ਾਹ ਨੇ ਕ੍ਰਿਸ਼ਨਾਵਤਾਰ ਦੀ ਰਚਨਾ ਕਰਦਿਆਂ ਉਸ ਵਿਚ ਕਿਤਨੇ ਸਾਰੇ ਸਿੰਘ ਨਾਵਾਂ ਵਾਲੇ ਕਿਰਦਾਰ ਸ਼ਾਮਲ ਕੀਤੇ। ਜਿਵੇਂ ਖੜਗ ਸਿੰਘ, ਸ੍ਰੀ ਨਰ ਸਿੰਘ, ਬਲਿ ਗਜ ਸਿੰਘ, ਧਨ ਸਿੰਘ, ਹਰੀ ਸਿੰਘ, ਰਨ ਸਿੰਘ, ਅਮਿਤ ਸਿੰਘ, ਅਣਗ ਸਿੰਘ, ਅਮਰ ਸਿੰਘ, ਅਚਲ ਸਿੰਘ, ਅਨਘ ਸਿੰਘ, ਧੂਮ ਸਿੰਘ, ਧੁਜ ਸਿੰਘ, ਮਨਿ ਸਿੰਘ, ਧਉਲ ਸਿੰਘ, ਧਰਾਧਰ ਸਿੰਘ, ਸਾਹਿਬ ਸਿੰਘ, ਸਦਾ ਸਿੰਘ, ਸੁੰਦਰ ਸਿੰਘ, ਸਾਜਨ ਸਿੰਘ, ਸਫਲ ਸਿੰਘ, ਸਕਤਿ ਸਿੰਘ, ਸਵਛ ਸਿੰਘ, ਬਰ ਸਿੰਘ, ਸਵਨ ਸਿੰਘ, ਧਰਮ ਸਿੰਘ, ਭਵ ਸਿੰਘ, ਸਰਸ ਸਿੰਘ, ਬੀਰ ਸਿੰਘ, ਮਹਾਂ ਸਿੰਘ, ਸਾਰ (ਸਰਬਲੋਹ) ਸਿੰਘ ਆਦਿ। ਇਸੇ ਤਰ੍ਹਾਂ ਮੁਸਲਮਾਨ ਨਾਮ ਅਜਾਇਬ ਖਾਨ, ਗੈਰਤ ਖਾਨ, ਸੇਰ ਖਾਨ, ਸੈਦ ਖਾਂ, ਸੈਮ ਮੀਰੁ, ਫਰੀਦ ਸੇਖ, ਨਾਹਿਰ ਖਾਨ, ਝੜਾਝੜ ਖਾਂ ਆਦਿ ਆਦਿ ਵਰਤੇ। ਬਲਕਿ ਕਈ ਥਾਵੇਂ ਪਾਤਰ ਵੀ ਬਦਲ ਦਿੱਤੇ। ਇਸ ਨੂੰ ਵੇਖ ਕੇ ਕਈ ਨਾਸਮਝ ਵਿਅਕਤੀਆਂ ਨੇ ਟਿੱਪਣੀਆਂ ਸ਼ੁਰੂ ਕਰ ਦਿੱਤੀਆਂ ਕਿ "ਕ੍ਰਿਸ਼ਨਾਵਤਾਰ ਵੇਲੇ ਸਿੰਘ ਤੇ ਮੁਸਲਮਾਨ ਕਿਥੋਂ ਆ ਗਏ। ਇਹ ਤਾਂ ਲਿਖਾਰੀ ਦੀ ਭੁਲ ਹੈ।

ਇਸੇ ਤਰ੍ਹਾਂ ਮੂਲ ਪੌਰਾਣਿਕ ਗਾਥਾਵਾਂ ਵਿਚ ਜਿਹਨਾਂ ਘਟਨਾਵਾਂ ਦਾ ਜ਼ਿਕਰ ਵੀ ਨਹੀਂ ਸਤਿਗੁਰੂ ਜੀ ਨੇ ਉਹਨਾਂ ਨੂੰ ਉਸ ਘਟਨਾ ਦੇ ਹਵਾਲੇ ਨਾਲ ਸ਼ਾਮਲ ਕੀਤਾ ਹੈ।

ਚਰਿਤ੍ਰੋਪਾਖਯਾਨ ਹਾਲਾਂ ਕਿ ਪੂਰੀ ਤਰ੍ਹਾਂ ਪਾਖਯਾਨ ਜਾਂ ਪਹਿਲੇ ਕਹੀਆਂ ਜਾ ਚੁੱਕੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਇਹ ਨਾ ਤਾਂ ਇਤਿਹਾਸ ਹੈ ਅਤੇ ਨਾ ਹੀ ਆਤਮਕਥਾ ਪਰ ਸਤਿਗੁਰੂ ਜੀ ਨੇ ਇਸ ਵਿਚ ਇਤਿਹਾਸਕ, ਮਿਥਿਹਾਸਕ ਪਾਤਰ, ਥਾਵਾਂ ਅਤੇ ਨਗਰਾਂ ਦਾ ਜ਼ਿਕਰ ਇਸ ਢੰਗ ਨਾਲ ਕੀਤਾ ਹੈ ਕਿ ਇਹ ਘਟਨਾਵਾ ਵਾਕਈ ਹੀ ਵਾਪਰੀਆਂ ਪ੍ਰਤੀਤ ਹੁੰਦੀਆਂ ਹਨ। ਜਿਵੇਂ ਅਨੰਦਪੁਰ, ਪਾਵਟਾ, ਰਾਮਦਾਸ ਪੁਰ ਆਦਿ ਨਗਰਾਂ, ਗਰਾਵਾਂ ਦਾ ਜ਼ਿਕਰ। ਇਹੀ ਘੁੰਡੀ ਸਹਿਤ ਸਾਹਿਤ ਸੀ ਜਿਸਨੂੰ ਖੋਹਲਣ ਲਈ ਕੂੰਜੀ ਦੀ ਲੋੜ ਪੈਂਦੀ ਹੈ। ਨਹੀਂ ਤਾਂ ਅਰਥ ਦਾ ਅਨਰਥ ਹੁੰਦਾ ਹੈ। ਸਤਿਗੁਰ ਜੀ ਦੇ ਬਚਨ ਹਨ, ਇਸੇ ਨੂੰ ਰੋਮਿਆਂ ਕਲੈ ("roman à clef") ਕਿਹਾ ਜਾਂਦਾ ਹੈ। ਅਨਹਦ ਬਾਣੀ ਪੂੰਜੀ।। ਸੰਤਨ ਹਥਿ ਰਾਖੀ ਕੂੰਜੀ।। (ਮ:੫ ੮੯੪)

ਮੌਜੂਦਾ ਦੌਰ ਵਿਚ ਸਲਮਾਨ ਰਸ਼ਦੀ ਨੇ ਨਾਵਲ ਸੈਟਾਨਿਕ ਵਰਸਿਸ ਲਿਖਿਆ। ਉਸ ਵਿਚ ਦਾਰਾ ਸਿੰਘ, ਬੂਟਾ ਸਿੰਘ, ਤਵਲੀਨ ਸਿੰਘ ਅਤੇ ਭਾਈ ਮਾਨ ਸਿੰਘ ਦੇ ਨਾਮ ਸ਼ਾਮਲ ਹਨ। ਵਿਕਰਮ ਸੇਠ ਦੇ ਨਾਵਲ ਏ ਸੂਟੇਬਲ ਬੌਏ ਵਿਚ ਜਵਾਹਰ ਲਾਲ ਨਹਿਰੂ ਦਾ ਨਾਮ ਸ਼ਾਮਲ ਕੀਤਾ ਗਿਆ। ਲੈਰੀ ਕਾਲਨਸ ਦੇ ਨਾਵਲ ਦੀ ਫਿਫਥ ਹਾਰਸਮੈਨ ਵਿਚ ਕਰਨਲ ਗੱਦਾਫੀ, ਨਿਊਯਾਰਕ ਅਤੇ ਹੋਰ ਕਈ ਅਸਲੀ ਵਿਅਕਤੀਆਂ, ਨਾਵਾਂ ਅਤੇ ਥਾਵਾਂ ਨੂੰ ਗੁੰਦ ਦਿੱਤਾ ਗਿਆ ਹੈ। ਹੁਣ ਤਾਂ ਇਸ ਕਿਸਮ ਦੇ ਸਾਹਿਤ ਦੀ ਸੂਚੀ ਵਧਦੀ ਹੀ ਜਾ ਰਹੀ ਹੈ।

ਸਤਿਗੁਰੂ ਜੀ ਨੇ ਜਿੱਥੇ ਆਪਣੇ ਜੀਵਨ ਦੀ ਗੱਲ ਕੀਤੀ ਹੈ ਉੱਥੇ ਸਪਸ਼ਟ ਤੌਰ 'ਤੇ ਬਚਨ ਕੀਤੇ ਹਨ, ਅਬ ਮੈ ਅਪਨੀ ਕਥਾ ਬਖਾਨੋ, ਮੁਰ ਪਿਤ ਪੂਰਬ ਕੀਅਸ ਪਿਆਨਾ, ਤਾਤ ਮਾਤ ਮੁਰ ਅਲਖ ਅਰਾਧਾ, ਤਹ ਹਮ ਅਧਿਕ ਤਪਸਿਆ ਸਾਧੀ, ਮੁਰ ਪਿਤ ਪੂਰਬਿ ਕਿਯਸਿ ਪਯਾਨਾ॥, ਲੋਹ ਪਰਾ ਹਮ ਸੋ ਬਿਨੁ ਕਾਜਾ॥੩॥, ਠਾਂਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਯਾਇ॥ ਆਦਿ ਆਦਿ। ਪਰ ਚਰਿਤ੍ਰੋਪਾਖਯਾਨ, ਚੌਬੀਸ ਅਵਤਾਰ ਆਦਿ ਵਿਚ ਰੋਮਿਆਂ ਕਲੈ ("roman à clef") ਦੀ ਵਰਤੋਂ ਥਾਂ ਥਾਂ ਤੇ ਕੀਤੀ ਹੈ। ਉੱਥੇ ਵਰਣਤ ਘਟਨਾਵਾਂ ਕਾਲਪਨਿਕ ਕਹਾਣੀਆਂ ਹਨ ਪਰ ਜਾਪਦੀਆਂ ਹਨ ਕਿ ਇਹ ਇਤਿਹਾਸਕ ਹਨ ਜਾਂ ਸਹੀ ਵਾਪਰੀਆਂ ਹਨ। ਤਾਂਹੀਉਂ ਤਾਂ ਸੱਚੇ ਪਾਤਸ਼ਾਹ ਫੁਰਮਾਂਦੇ ਹਨ ਕਿ ਇਹਨਾਂ ਚਰਿਤ੍ਰਾਂ ਨੂੰ ਧਿਆਨ ਨਾਲ ਪੜ੍ਹਨ ਨਾਲ ਚਤੁਰਤਾ ਪ੍ਰਾਪਤ ਹੋਏਗੀ। ਨਹੀਂ ਤਾਂ ਅਰਥਹ ਛਾਡਿ ਅਨਰਥ ਬਤਾਵਤ॥ ਧਰਮ ਕਰਮ ਚਿਤਿ ਏਕ ਨ ਲਿਆਵਤ॥

ਇਸ ਲਈ ਕਲਗੀਧਰ ਪਿਤਾ ਵਲੋਂ ਵਰਤਿਆ ਗਿਆ ਇਹ ਢੰਗ ਬਿਲਕੁਲ ਅਨੂਠਾ ਅਤੇ ਆਪਣੇ ਸਮੇਂ ਤੋਂ ਤਿੰਨ ਸੌ ਸਾਲ ਅੱਗੇ ਦਾ ਸੀ ਅਤੇ ਕਲਗੀਧਰ ਪਿਤਾ ਦੀ ਰਚਨਾ ਵੀ ਬਚਿਤ੍ਰ ਹੈ। ਕਲਗੀਧਰ ਸਵਾਮੀ ਦੀ ਅਸੀਸ ਹੈ, ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ॥ ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ॥ ਮੇਰੇ ਅਰਸ਼ੀ ਪ੍ਰੀਤਮ ਨੇ ਸਿੱਖ ਬੁਧੀਜੀਵੀ ਨਹੀਂ ਬੁਧੀਮਾਨ ਚਾਹੇ ਸਨ।

–ਗੁਰਚਰਨਜੀਤ ਸਿੰਘ ਲਾਂਬਾ

# ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਨੂੰ ਲੈ ਕੇ ਤਿਆਰੀਆਂ ਸ਼ੁਰੂ



ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ 538ਵੇਂ ਵਿਆਹ ਪੁਰਬ ਨੂੰ ਲੈ ਕੇ ਗੁਰਦੁਆਰਾ ਕੰਧ ਸਾਹਿਬ ,ਡੇਹਰਾ ਸਾਹਿਬ ਅਤੇ ਸਤਿਕਰਤਾਰੀਆਂ ਸਾਹਿਬ ਵਿਖੇ ਤਿਆਰੀਆਂ ਜ਼ੋਰਾਂ ਨਾਲ ਚੱਲ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਜਥੇਦਾਰ ਗੁਰਨਾਮ ਸਿੰਘ ਜੱਸਲ ਅਤੇ ਗ੍ਰੰਥੀ ਅਰਵਿੰਦਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਦੇ ਨਾਲ 30 ਅਗਸਤ ਦਿਨ ਸ਼ਨੀਵਾਰ ਨੂੰ ਵਿਆਹ ਪੁਰਬ ਸਲਾਨਾ ਜੋੜ ਮੇਲਾ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।



ਮੈਂ ਦੱਸਿਆ ਗੁਰਦੁਆਰਾ ਕੰਦ ਸਾਹਿਬ ਵਿਖੇ ਰੰਗ ਰੋਗਣ ਦੀ ਸੇਵਾ ਸ਼ੁਰੂ ਹੋ ਗਈ ਹੈ ਅਤੇ ਸੰਗਤਾਂ ਉਤਸ਼ਾਹ ਨਾਲ ਸੇਵਾ ਚ ਹਿੱਸਾ ਲੈ ਰਹੀਆਂ ਹਨ।

# ਪਟਿਆਲਾ ਸਟਰੀਟ ਕਲੱਬ 'ਚ ਦੇਰ ਰਾਤ ਗੋਲੀਬਾਰੀ, ਬਾਊਂਸਰ ਜ਼ਖਮੀ

ਪਟਿਆਲਾ : ਪਟਿਆਲਾ ਦੇ ਇੱਕ ਸਟਰੀਟ ਕਲੱਬ ਵਿੱਚ ਦੇਰ ਰਾਤ ਗੋਲੀਬਾਰੀ ਦੀ ਇੱਕ ਸਨਸਨੀਖੇਜ਼ ਘਟਨਾ ਵਾਪਰੀ। ਜਾਣਕਾਰੀ ਅਨੁਸਾਰ ਚਾਰ ਨੌਜਵਾਨ ਡੀਜੇ ਵਜਾਉਣ ਲਈ ਜ਼ਿੱਦ ਕਰ ਰਹੇ ਸਨ। ਕਲੱਬ ਦੇ ਬਾਊਂਸਰ ਨੇ ਉਨ੍ਹਾਂ ਨੂੰ ਰੋਕਿਆ ਅਤੇ ਕਿਹਾ ਕਿ ਸਮਾਂ ਸੀਮਾ ਪੂਰੀ ਹੋ ਗਈ ਹੈ, ਇਸ ਲਈ ਹੁਣ ਡੀਜੇ ਨਹੀਂ ਵਜਾਏਗਾ। ਜਦੋਂ ਬਾਊਂਸਰ ਨੇ ਉਸਨੂੰ ਰੋਕਿਆ, ਤਾਂ ਇੱਕ ਨੌਜਵਾਨ ਨੇ




ਅਚਾਨਕ ਪਿਸਤੌਲ ਕੱਢੀ ਅਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਦੋਸ਼ੀ ਨੇ ਕੁੱਲ ਚਾਰ ਗੋਲੀਆਂ ਚਲਾਈਆਂ, ਜਿਨ੍ਹਾਂ ਵਿੱਚੋਂ ਦੋ ਬਾਊਂਸਰ ਦੇ ਹੱਥ ਅਤੇ ਬਾਂਹ ਵਿੱਚ ਲੱਗੀਆਂ।

ਘਟਨਾ ਤੋਂ ਬਾਅਦ ਸਾਰੇ ਦੋਸ਼ੀ ਨੌਜਵਾਨ ਮੌਕੇ ਤੋਂ ਭੱਜ ਗਏ। ਜ਼ਖਮੀ ਬਾਊਂਸਰ ਨੂੰ ਗੰਭੀਰ ਹਾਲਤ ਵਿੱਚ ਤੁਰੰਤ ਰਾਜਿੰਦਰਾ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦਾ ਇਲਾਜ ਚੱਲ ਰਿਹਾ ਹੈ।

ਸੂਤਰਾਂ ਅਨੁਸਾਰ ਇਹ ਸਾਰੀ ਘਟਨਾ ਕਲੱਬ ਦੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਹੈ। ਪੁਲਿਸ ਨੇ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਵਿੱਚ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।






# ਮੋਗਾ ਦੇ ਸਰਾਫਾ ਬਾਜ਼ਾਰ 'ਚ ਮਾਮੂਲੀ ਗੱਲ ਨੂੰ ਲੈ ਕੇ ਲੜਾਈ ਹੋਈ

## • ਦੁਕਾਨਦਾਰ ਦੀ ਕੁੱਟਮਾਰ • ਸਿਰ ਵਿੱਚ ਗੰਭੀਰ ਸੱਟਾਂ • ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ











ਮੋਗਾ : ਬੀਤੇ ਦਿਨੀਂ ਮੋਗਾ ਦੇ ਸਰਾਫਾ ਬਾਜ਼ਾਰ ਵਿੱਚ ਜਦੋਂ ਇੱਕ ਸਰਾਫਾ ਦਾ ਪੁੱਤਰ ਕਿਰਾਇਆ ਮੰਗਣ ਲਈ ਦੂਜੀ ਦੁਕਾਨ 'ਤੇ ਗਿਆ, ਤਾਂ ਉਸਦੀ ਉਸ ਦੁਕਾਨ ਦੇ ਕਰਮਚਾਰੀਆਂ ਨਾਲ ਮਾਮੂਲੀ ਗੱਲ ਨੂੰ ਲੈ ਕੇ ਲੜਾਈ ਹੋ ਗਈ ਅਤੇ ਉੱਥੇ ਕੰਮ ਕਰਨ ਵਾਲੇ ਕਰਮਚਾਰੀ ਜ਼ਖਮੀ ਹੋ ਗਏ। ਮੁਲਾਜ਼ਮਾਂ ਨੇ ਮੁੰਡੇ ਦੀ ਕੁੱਟਮਾਰ ਕੀਤੀ ਅਤੇ ਉਸਦੇ ਸਿਰ ਵਿੱਚ ਗੰਭੀਰ ਸੱਟ ਲੱਗੀ। ਲੜਾਈ ਦੀ ਪੂਰੀ ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ। ਜ਼ਖਮੀ ਦੇ ਪਿਤਾ ਰਾਜੂ ਨੇ ਦੱਸਿਆ ਕਿ ਉਸਦੀ ਸਰਾਫਾ ਬਾਜ਼ਾਰ ਵਿੱਚ ਸੁਨਿਆਰੇ ਦੀ ਦੁਕਾਨ ਹੈ ਅਤੇ ਉਹ ਕਿਤੇ ਬਾਹਰ ਗਿਆ ਹੋਇਆ ਸੀ ਅਤੇ ਉਸਦਾ ਪੁੱਤਰ ਦੁਕਾਨ 'ਤੇ ਸੀ ਅਤੇ ਜਦੋਂ ਉਸਦਾ ਪੁੱਤਰ ਕਿਰਾਇਆ ਮੰਗਣ ਲਈ ਇੱਕ ਦੁਕਾਨ 'ਤੇ ਗਿਆ ਤਾਂ ਉਸਦੀ ਦੂਜੀ ਦੁਕਾਨ 'ਤੇ ਕੰਮ ਕਰਨ ਵਾਲੇ ਮੁੰਡਿਆਂ ਨਾਲ ਲੜਾਈ ਹੋ ਗਈ ਅਤੇ ਉਨ੍ਹਾਂ ਨੇ ਮੇਰੇ ਪੁੱਤਰ ਨੂੰ ਕੁੱਟਿਆ ਅਤੇ ਉਹ ਜ਼ਖਮੀ ਹੋ ਗਿਆ। ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਦੂਜੇ ਪਾਸੇ, ਜਾਂਚ ਅਧਿਕਾਰੀ ਸਤਨਾਮ ਸਿੰਘ ਨੇ ਕਿਹਾ ਕਿ ਬੀਤੇ ਦਿਨ ਲੜਾਈ ਹੋਈ ਸੀ; ਇਹ ਇੱਕ ਮਾਮੂਲੀ ਮਾਮਲਾ ਸੀ। ਸਾਡੇ ਕੋਲ ਸੀਸੀਟੀਵੀ ਫੁਟੇਜ ਵੀ ਹੈ। ਬਿਆਨ ਲਏ ਜਾ ਰਹੇ ਹਨ ਅਤੇ ਜੋ ਵੀ ਕਾਰਵਾਈ ਜ਼ਰੂਰੀ ਹੋਵੇਗੀ, ਕੀਤੀ ਜਾਵੇਗੀ।

# ਪੁਲਿਸ ਨੇ ਚਾਰ ਬਾਈਕ ਚੋਰਾਂ ਨੂੰ ਕੀਤਾ ਗ੍ਰਿਫ਼ਤਾਰ

## • ਬਾਈਕ ਚੋਰੀ ਕਰਕੇ ਭੱਜਦੇ ਸਮੇਂ ਗਏ ਫੜੇ • ਬਾਈਕ ਚੋਰਾਂ ਦੀ ਕੁੱਟਮਾਰ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ







ਮੋਗਾ ਦੇ ਭਿੰਡਰ ਪਿੰਡ ਦਾ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ। ਇਸ ਵੀਡੀਓ ਵਿੱਚ ਸਾਫ਼ ਦੇਖਿਆ ਜਾ ਸਕਦਾ ਹੈ ਕਿ ਕੁਝ ਲੋਕ ਤਿੰਨ ਮੁੰਡਿਆਂ ਨੂੰ ਡੰਡਿਆਂ ਅਤੇ ਲੱਤਾਂ ਨਾਲ ਕੁੱਟ ਰਹੇ ਹਨ। ਜਾਣਕਾਰੀ ਅਨੁਸਾਰ ਇਹ ਵੀਡੀਓ ਮੋਗਾ ਜ਼ਿਲ੍ਹੇ ਦੇ ਪਿੰਡ ਭਿੰਡਰ ਦਾ ਹੈ।

ਇਨ੍ਹਾਂ ਨੌਜਵਾਨਾਂ ਨੇ ਅੱਜ ਮੋਗਾ ਦੇ ਪਿੰਡ ਭਿੰਡਰਾਂ ਤੋਂ ਮੋਟਰਸਾਈਕਲ ਚੋਰੀ ਕੀਤਾ ਸੀ ਅਤੇ ਬਾਘਾਪੁਰਾਣਾ ਵੱਲ ਜਾ ਰਹੇ ਸਨ ਪਰ ਜਿਵੇਂ ਹੀ ਉਹ ਪਿੰਡ ਦਾਤਾ ਪਹੁੰਚੇ, ਪਿੰਡ ਵਾਸੀਆਂ ਨੇ ਉਨ੍ਹਾਂ ਨੂੰ ਫੜ ਲਿਆ ਅਤੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਇਸ ਪੂਰੀ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਡੀਐਸਪੀ ਰਮਨਦੀਪ ਸਿੰਘ ਨੇ ਦੱਸਿਆ ਕਿ ਇਹ ਚਾਰੇ ਮੁਲਜ਼ਮ ਮੋਟਰਸਾਈਕਲ ਚੋਰੀ ਕਰਕੇ ਭੱਜ ਰਹੇ ਸਨ ਅਤੇ ਉਨ੍ਹਾਂ ਨੂੰ ਪਿੰਡ ਵਾਸੀਆਂ ਦੀ ਮਦਦ ਨਾਲ ਫੜ ਲਿਆ ਗਿਆ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਇਨ੍ਹਾਂ ਦੇ ਦੋ ਹੋਰ ਸਾਥੀ ਹਨ ਜਿਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।



ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੇ ਸੰਬੰਧ ਦੇ ਵਿੱਚ ਇਤਿਹਾਸਿਕ ਗੁਰਦੁਆਰਾ ਕੰਧ ਸਾਹਿਬ ਵਿਖੇ ਵੱਖ-ਵੱਖ ਮਿਠਾਈਆਂ ਬਣਨੀਆਂ ਸ਼ੁਰੂ ਹੋਈਆਂ। ਸੰਗਤ ਵੱਡੀ ਗਿਣਤੀ ਵਿੱਚ ਪਹੁੰਚ ਕੇ ਕਰ ਰਹੀ ਹੈ ਸੇਵਾ। ਬੀਬੀਆਂ ਆਉਣ ਵਾਲੀ ਸੰਗਤ ਲਈ ਬਣਾ ਰਹੀਆਂ ਅਲੱਗ ਅਲੱਗ ਪਕਵਾਨ।

# 3500 ਦੇ ਲੈਣ ਦੇਣ ਨੂੰ ਲੈ ਕੇ ਚਲ ਗਈ ਗੋਲੀ

## ਨੌਜਵਾਨ ਹੋਇਆ ਜ਼ਖ਼ਮੀ- ਗੋਲੀ ਚਲਾਉਣ ਵਾਲਾ ਮੌਕੇ ਤੋਂ ਫਰਾਰ





ਇੱਕ ਵਾਰ ਫਿਰ ਕਲਾਨੌਰ ਵਿੱਚ ਗੋਲੀ ਚੱਲਣ ਕਾਰਨ ਦਹਿਸ਼ਤ ਦਾ ਮਾਹੌਲ ਬਣ ਗਿਆ। ਦੱਸਿਆ ਜਾ ਰਿਹਾ ਹੈ ਕਿ ਸਿਰਫ 3500 ਦੇ ਲੈਣ ਦੇਣ ਨੂੰ ਲੈ ਕੇ ਹੋ ਰਹੀ ਬਹਿਸਬਾਜ਼ੀ ਤੋਂ ਬਾਅਦ ਕਲਾਨੌਰ ਦੇ ਅਗਵਾਨ ਰੋਡ ਤੇ ਇੱਕ ਸੈਲੂਨ ਦੇ ਬਾਹਰ ਇੱਕ ਨੌਜਵਾਨ ਨੇ ਦੂਜੇ ਨੌਜਵਾਨ ਤੇ ਗੋਲੀ ਚਲਾ ਦਿੱਤੀ ਜਿਸ ਨਾਲ ਹਰਜੀਤ ਸਿੰਘ ਨਾਮ ਦਾ ਨੌਜਵਾਨ ਜਖਮੀ ਹੋ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਮੌਕੇ ’ਤੇ ਪਹੁੰਚ ਕੇ ਪੁਲਿਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਮਾਮਲੇ ਦੇ ਤਫਤੀਸ਼ੀ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪੈਸਿਆਂ ਦੇ ਲੈਣ ਦੇਣ ਨੂੰ ਲੈ ਕੇ ਦੋ ਵਿੱਅਕਤੀਆਂ ’ਚ ਸੈਲੂਨ ਦੇ ਬਾਹਰ ਪਹਿਲਾਂ ਬਹਿਸਬਜੀ ਝੱਗੜਾ ਹੋ ਗਿਆ ਅਤੇ ਇਸ ਝਗੜੇ ਦੌਰਾਨ ਇੱਕ ਵਿਅਕਤੀ ਨੇ ਗੋਲੀ ਚਲਾ ਦਿੱਤੀ ਜੋ ਦੂਸਰੇ ਵਿਅਕਤੀ ਦੇ ਹੱਥ ਵਿੱਚ ਜਾ ਕੇ ਲੱਗੀ ਜ਼ਖਮੀ ਦੀ ਪਹਿਚਾਨ ਹਰਜੀਤ ਸਿੰਘ ਦੇ ਤੌਰ ਤੇ ਹੋਈ ਹੈ ਜੋ ਨਜ਼ਦੀਕੀ ਪਿੰਡ ਧੀਰੋਵਾਲ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਜਿਸ ਨੂੰ ਗੁਰਦਾਸਪੁਰ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਜੱਦ ਕਿ ਦੂਸਰਾ ਗੋਲੀ ਚਲਾਉਂਣ ਵਾਲਾ ਵਿੱਅਕਤੀ ਫਰਾਰ ਹੈ ਜਿਸ ਦੀ ਭਾਲ ਕੀਤੀ ਜਾ ਰਹੀ ਹੈ।

# ਕਾਦੀਆਂ ਚੋਰੀ ਕਾਂਡ ਦੀ ਪੁਲਿਸ ਨੇ 24 ਘੰਟਿਆਂ’ਚ ਸੁਲਝਾਈ ਗੁੱਥੀ

## ਪੁਲਿਸ ਨੇ ਕੀਮਤੀ ਗਹਿਣੇ ਅਤੇ ਨਕਦੀ ਕੀਤੀ ਬਰਾਮਦ




ਪਿਛਲੇ ਦਿਨੀਂ ਰਜਾਦਾ ਰੋਡ ਤੋਂ ਇਕ ਘਰ ਵਿੱਚੋਂ ਜੇਵਰ ਚੋਰੀ ਕਰਨ ਵਾਲੇ ਚੋਰਾਂ ਨੂੰ ਕਾਦੀਆਂ ਪੁਲਿਸ ਨੇ ਕੁਝ ਘੰਟਿਆਂ ਵਿੱਚ ਹੀ ਗ੍ਰਿਫਤਾਰ ਕਰ ਲਿਆ ਹੈ। ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਡੀਐਸਪੀ ਸ੍ਰੀ ਹਰਗੋਬਿੰਦਪੁਰ ਹਰੀਸ਼ ਬਹਿਲ ਅਤੇ ਐਸਐਚਓ ਕਾਦੀਆਂ ਗੁਰਮੀਤ ਸਿੰਘ ਨੇ ਦੱਸਿਆ ਕਿ ਸਾਡੀ ਟੀਮ ਨੇ ਬੜੀ ਮਿਹਨਤ ਨਾਲ ਇਹਨਾਂ ਚੋਰਾਂ ਨੂੰ ਟਰੇਸ ਕੀਤਾ ਅਤੇ ਗ੍ਰਿਫਤਾਰ ਕਰਕੇ ਇਹਨਾਂ ਕੋਲੋਂ ਚੋਰੀ ਦਾ ਸਮਾਨ ਬਰਾਮਦ ਕਰ ਲਿਆ। ਉਨ੍ਹਾਂ ਕਿਹਾ ਕਿ ਇਹ ਤਿੰਨੋਂ ਚੋਰ ਹਿਮਾਚਲ ਦੇ ਰਹਿਣ ਵਾਲੇ ਸਨ ਅਤੇ ਕਾਦੀਆਂ ਵਿਖੇ ਵੱਖ ਵੱਖ ਥਾਵਾਂ ਤੇ ਕੰਮ ਕਰ ਰਹੇ ਸਨ।

# ਦੋ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਕ੍ਰਿਕਟਰ ਹਰਭਜਨ ਨੇ ਸੁਲਤਾਨਪੁਰ ਲੋਧੀ ਵਿਖੇ ਹੜ੍ਹ ਪ੍ਰਭਾਵਿਤ ਖੇਤਰ ਦਾ ਕੀਤਾ ਦੌਰਾ




ਸੁਲਤਾਨਪੁਰ : ਸੁਲਤਾਨਪੁਰ ਲੋਧੀ ਵਿੱਚ ਹੜ੍ਹ ਵਰਗੀ ਸਥਿਤੀ ਅਤੇ ਲੋਕਾਂ ਦਾ ਜਾਇਜ਼ਾ ਲੈਣ ਲਈ ਦੋ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਕ੍ਰਿਕਟਰ ਹਰਭਜਨ ਨੇ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕੀਤਾ ਅਤੇ ਇਸ ਦੌਰਾਨ ਉਨ੍ਹਾਂ ਨੇ ਪ੍ਰਭਾਵਿਤ ਲੋਕਾਂ ਦਾ ਹਾਲ-ਚਾਲ ਪੁੱਛਿਆ। ਗੱਲਬਾਤ ਦੌਰਾਨ ਰਾਜ ਸਭਾ ਮੈਂਬਰ ਹਰਭਜਨ ਸਿੰਘ ਅਤੇ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਇਸ ਇਲਾਕੇ ਵਿੱਚ ਬਿਆਸ ਦਰਿਆ ਦੇ ਪਾਣੀ ਦਾ ਪੱਧਰ ਵੱਧ ਰਿਹਾ ਹੈ ਇਸ ਕਾਰਨ ਇਨ੍ਹਾਂ ਪਿੰਡਾਂ ਵਿੱਚ ਹੜ੍ਹ ਵਰਗੀ ਸਥਿਤੀ ਹੈ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੀ ਮਦਦ ਲਈ ਨਿੱਜੀ ਤੌਰ ’ਤੇ ਸਰਗਰਮ ਹਨ ਅਤੇ ਇਸ ਸਬੰਧ ਵਿੱਚ ਸਰਕਾਰ ਨਾਲ ਵਿਚਾਰ-ਵਟਾਂਦਰਾ ਚੱਲ ਰਿਹਾ ਹੈ ਅਤੇ ਲੋਕਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਮੁੱਦਾ ਸੰਸਦ ਵਿੱਚ ਵੀ ਉਠਾਇਆ ਜਾਵੇਗਾ।

# ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਹਾੜ ਪ੍ਰਭਾਵਿਤ ਇਲਾਕਿਆਂ ਦਾ ਮੰਤਰੀ ਨੇ ਲਿਆ ਜਾਇਜ਼ਾ







ਕਪੂਰਥਲਾ : ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਵਿੱਚ ਹੜ੍ਹਾਂ ਦਾ ਜਾਇਜ਼ਾ ਲੈਣ ਲਈ ਪੰਜਾਬ ਸਰਕਾਰ ਦਾ ਪੂਰਾ ਪ੍ਰਸ਼ਾਸਨਕ ਦਲ ਮੈਦਾਨ ਵਿੱਚ ਉਤਰਿਆ। ਇਸ ਦੌਰਾਨ ਬਰਿੰਦਰ ਕੁਮਾਰ ਗੋਇਲ, ਪੰਜਾਬ ਸੰਜਾਈ ਮੰਤਰੀ, ਖ਼ੁਦ ਲੋਕਾਂ ਦੇ ਦਰਦ ਨੂੰ ਜਾਣਨ ਲਈ ਬੇੜੀ ਰਾਹੀਂ ਹੜ੍ਹ-ਪੀੜਤ ਪਿੰਡਾਂ ਵਿੱਚ ਪਹੁੰਚੇ। ਹੜ੍ਹ ਪੀੜਤ ਲੋਕਾਂ ਦੀ ਪ੍ਰੇਸ਼ਾਨੀਆਂ ਨੂੰ ਨੇੜੇ ਤੋਂ ਵੇਖਣ ਲਈ ਬਰਿੰਦਰ ਕੁਮਾਰ ਗੋਇਲ, ਨਾਲ ਹੀ ਰਾਜਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ, ਡੀਸੀ ਕਪੂਰਥਲਾ ਅਤੇ ਐਸਐਸਪੀ ਕਪੂਰਥਲਾ ਬੇੜੀਆਂ ਵਿੱਚ ਬੈਠ ਕੇ ਲੋਕਾਂ ਦੇ ਘਰਾਂ ਤੱਕ ਪਹੁੰਚੇ।

ਇਸ ਦੌਰਾਨ ਮੰਤਰੀ ਗੋਇਲ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਪੂਰੀ ਤਰ੍ਹਾਂ ਨਾਲ ਉਹਨਾਂ ਦੇ ਨਾਲ ਖੜ੍ਹੀ ਹੈ ਅਤੇ ਹਰ ਸੰਭਵ ਮਦਦ ਕੀਤੀ ਜਾਵੇਗੀ। ਹੜ ਪੀੜਤਾਂ ਲਈ ਸਰਕਾਰ ਵੱਲੋਂ ਰਾਹਤ ਕੈਂਪ ਅਤੇ ਲਾਜ਼ਮੀ ਸਹੂਲਤਾਂ ਤੁਰੰਤ ਉਪਲਬਧ ਕਰਵਾਈਆਂ ਜਾ ਰਹੀਆਂ ਹਨ।

ਲੋਕਾਂ ਦੇ ਘਰਾਂ ਵਿੱਚ ਪਹੁੰਚ ਕੇ ਹਕੀਕਤ ਜਾਣਨ ਤੋਂ ਬਾਅਦ, ਪ੍ਰਸ਼ਾਸਨ ਨੇ ਤੁਰੰਤ ਰਾਹਤ ਸਮੱਗਰੀ ਵੰਡਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਡੀਸੀ ਕਪੂਰਥਲਾ ਵੱਲੋਂ ਖ਼ਾਸ ਮਾਨੀਟਰਿੰਗ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ ਤਾਂ ਜੋ ਕੋਈ ਵੀ ਪੀੜਤ ਪਰਿਵਾਰ ਬਿਨਾਂ ਸਹਾਇਤਾ ਦੇ ਨਾ ਰਹਿ ਜਾਵੇ। ਹੜ੍ਹਾਂ ਦੀ ਇਹ ਤਬਾਹੀ ਲੋਕਾਂ ਲਈ ਵੱਡੀ ਕਸੌਟੀ ਹੈ, ਪਰ ਪ੍ਰਸ਼ਾਸਨਕ ਪੱਧਰ ’ਤੇ ਸਰਕਾਰ ਦੇ ਦਾਅਵੇ ਹਨ ਕਿ ਹਰ ਪੀੜਤ ਤੱਕ ਸਹਾਇਤਾ ਜ਼ਰੂਰ ਪਹੁੰਚੇਗੀ।

# ਫਤਿਹਗੜ੍ਹ ਚੂੜੀਆਂ ਨਜ਼ਦੀਕ ਤਲਵੰਡੀ ਨਾਹਰ ਦੇ ਨੌਜਵਾਨ ਵੱਲੋਂ ਖੁਦਕੁਸ਼ੀ ਦੀ ਕੋਸ਼ਿਸ਼

**• ਹਸਪਤਾਲ ’ਚ ਲੜ ਰਿਹਾ ਹੈ ਜੀਵਨ ਮੌਤ ਦੀ ਲੜਾਈ • ਪਰਿਵਾਰ ਨੇ ਏਜੰਟ ਅਤੇ ਪੁਲਿਸ ਉਪਰ ਲਗਾਏ ਗੰਭੀਰ ਦੋਸ਼**





ਫਤਿਹਗੜ੍ਹ ਚੂੜੀਆਂ : ਵਿਦੇਸ਼ ਭੇਜਣ ਦੇ ਨਾਂ ਤੇ ਆਮ ਲੋਕਾਂ ਨਾਲ ਠੱਗੀ ਮਾਰਨ ਦੇ ਅਕਸਰ ਹੀ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ ਅਜਿਹਾ ਹੀ ਇੱਕ ਮਾਮਲਾ ਫਤਿਹਗੜ੍ਹ ਚੂੜੀਆਂ ਦੇ ਨਾਲ ਲੱਗਦੇ ਪਿੰਡ ਤਲਵੰਡੀ ਨਾਹਰ ਥਾਣਾ ਝੰਡੇਰ ਜਿਲਾ ਅਮ੍ਰਿਤਸਰ ਤੋਂ ਸਾਹਮਣੇ ਆਇਆ ਹੈ ਜਿੱਥੇ ਤਲਵੰਡੀ ਨਾਹਰ ਦੇ ਵਸਨੀਕ ਸਰਦਾਰ ਪਿਆਰਾ ਸਿੰਘ- ਉਨ੍ਹਾਂ ਦੀ ਪਤਨੀ- ਰਿਸ਼ਤੇਦਾਰਾਂ ਅਤੇ ਸਕੇ ਸਬੰਧੀਆਂ ਨੇ ਕਥਿਤ ਤੌਰ ਤੇ ਨੇ ਦੁਖੀ ਮਨ ਨਾਲ ਪਿੰਡ ਦੀ ਹੀ ਮਹਿਲਾ ਏਜੰਟ ਉਪਰ ਕਥਿਤ ਤੌਰ ਤੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਉਨਾਂ ਦੇ ਲੱੜਕੇ ਬਲਜਿੰਦਰ ਸਿੰਘ ਨੂੰ ਵਰਕ ਪਰਮਿਟ ਤੇ ਵਿਦੇਸ਼ ਭੇਜਣ ਲਈ ਨਵੰਬਰ 2024 ਵਿੱਚ ਆਪਣੇ ਹੀ ਪਿੰਡ ਦੀ ਮਹਿਲਾ ਏਜੰਟ ਦੇ ਰਾਹੀਂ ਫਾਈਲ ਲਗਵਾਈ ਸੀ। ਉਹਨਾਂ ਕਿਹਾ ਕਿ 14 ਜੁਲਾਈ 2025 ਨੂੰ ਉਨ੍ਹਾਂ ਦਾ ਬੇਟਾ ਬਲਜਿੰਦਰ ਸਿੰਘ ਜਦੋਂ ਦਿੱਲੀ ਏਅਰਪੋਰਟ ਤੇ ਪਹੁੰਚਿਆ ਤਾਂ ਪਤਾ ਚੱਲਿਆ ਕਿ ਇਹ ਵੀਜ਼ਾ ਅਤੇ ਟਿਕਟ ਦੋਵੇਂ ਜਾਅਲੀ ਹਨ। ਜਿਸ ਨਾਲ ਉਸ ਨੂੰ ਖੱਜਲ ਖ਼ੁਆਰ ਹੋ ਕੇ ਵਾਪਸ ਆਉਂਣਾ ਪਿਆ। ਉਸ ਤੋਂ ਬਾਅਦ ਏਜੰਟ ਵੱਲੋਂ ਦੁਬਾਰਾ 18 ਜੁਲਾਈ 25 ਨੂੰ ਟੂਰਿਸਟ ਵੀਜੇ ਦੀ ਗੱਲ ਕਰਕੇ ਫਿਰ ਟਿਕਟ ਕਰਵਾਈ ਗਈ ਜੋ ਕਿ ਸਰਾਸਰ ਗਲਤ ਕੰਮ ਸੀ ਕਿਉਂਕਿ ਅਸੀਂ ਉਸ ਨੂੰ ਵਰਕ ਪਰਮਿਟ ਲਈ ਫਾਈਲ ਲਗਵਾਈ ਸੀ। ਦਿੱਲੀ ਏਅਰਪੋਰਟ ਤੇ ਪੁਲਿਸ ਨੇ ਪੁੱਛ ਗਿੱਛ ਦੌਰਾਨ ਹੀ ਬਲਰਿੰਦਰ ਸਿੰਘ ਨੂੰ ਵਾਪਸ ਭੇਜ ਦਿੱਤਾ। ਪਿਆਰਾ ਸਿੰਘ ਨੇ ਅੱਗੇ ਦੱਸਿਆ ਕਿ ਇਸ ਸਬੰਧੀ ਉਹਨਾਂ ਪਿੰਡ ਦੇ ਮੋਹਤਬਰਾਂ ਨੂੰ ਲੈ ਕੇ ਏਜੰਟ ਮਹਿਲਾ ਏਜੰਟ ਨਾਲ ਗੱਲਬਾਤ ਕੀਤੀ ਤਾਂ ਉਹ ਸਾਡੀ ਕੋਈ ਵੀ ਗੱਲ ਸੁਣਨ ਲਈ ਤਿਆਰ ਨਹੀਂ ਸੀ। ਕਿਉ ਕਿ ਉਹ ਸਾਲੇ ਕੋਲੋਂ ਸਾਰੇ ਕੰਮ ਲਈ 7 ਲੱਖ 50 ਹਜਾਰ ਰੁਪਈਆ ਹੜੱਪ ਚੁੱਕੀ ਸੀ। ਬਾਹਰ ਭੇਜਣ ਲਈ ਕੰਮ ਸਿਰੇ ਨਾ ਚੜਦਾ ਵੇਖ ਕੇ ਜਦੋਂ ਅਸੀਂ ਆਪਣੀ ਰਕਮ ਵਾਪਸ ਮੰਗੀ ਤਾਂ ਸਾਨੂੰ ਕਈ ਤਰ੍ਹਾਂ ਦੀਆਂ ਗੱਲਾਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ। ਅੱਕ ਕੇ ਅਸੀਂ ਦੁਖੀ ਹਿਰਦੇ ਨਾਲ ਝੰਡੇਰ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਪਰ ਪੁਲਿਸ ਨੇ ਵੀ ਸਾਡੀ ਕੋਈ ਸੁਣਵਾਈ ਨਹੀਂ ਕੀਤੀ। ਪਿਆਰਾ ਸਿੰਘ ਨੇ ਭਰੇ ਮਨ ਨਾਲ ਦੱਸਿਆ ਕਿ ਅੱਕ ਕੇ ਉਸ ਦੇ ਬੇਟੇ ਬਲਜਿੰਦਰ ਸਿੰਘ ਨੇ 14 ਅਗਸਤ ਨੂੰ ਕੋਈ ਜਹਰੀਲੀ ਚੀਜ਼ ਨਿਗਲ ਲਈ ਜਿਸ ਨੂੰ ਫਤਿਹਗੜ੍ਹ ਚੂੜੀਆਂ ਦੇ ਢੀਂਡਸਾ ਹਸਪਤਾਲ ਵਿਖੇ ਦਾਖਲ ਹੈ ਜਿੱਥੇ ਉਹ ਜੀਵਨ ਮੌਤ ਦੀ ਲੜਾਈ ਲੜ ਰਿਹਾ ਹੈ ਅਤੇ ਉਸ ਦੀ ਹਾਲਤ ਚਿੰਤਾਜਨਕ ਬਣੀ ਹੋਈ ਹੈ। ਉਨ੍ਹਾਂ ਦੱਸਿਆ ਕਿ ਬਲਜਿੰਦਰ ਸਿੰਘ ਨੇ ਜਹਰੀਲੀ ਚੀਜ਼ ਖਾਣ ਤੋਂ ਪਹਿਲਾਂ ਆਪਣਾ ਹੱਥ ਲਿਖਤ ਸੂ ਸਾਈਡ ਨੋਟ ਵੀ ਲਿਖਿਆ ਹੈ, ਜਿਸ ਵਿੱਚ ਉਸਨੇ ਪਿੰਡ ਦੇ ਏਜੰਟ ਖਿਲਾਫ ਉਸ ਦਾ ਕੰਮ ਨਾ ਕਰਨ ਅਤੇ ਲੱਖਾਂ ਰੁਪਏ ਹੜੱਪਣ ਦੇ ਕਥਿਤ ਤੌਰ ਤੇ ਦੋਸ਼ ਲਗਾਏ ਹਨ। ਪਿਆਰਾ ਸਿੰਘ ਅਤੇ ਉਸ ਦੇ ਸਮੂਹ ਪਰਿਵਾਰ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਏਜੰਟ ਰਜਵੰਤ ਕੌਰ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

# ਆਪਣੀਆਂ ਧਾਰਮਿਕ ਵਿਰਾਸਤਾਂ ਨੂੰ ਨਾ ਭੁੱਲਣ ਅਗਲੀ ਪੀੜ੍ਹੀ ਦੇ ਨੌਜਵਾਨ

## ਸ਼੍ਰੀ ਸਨਾਤਨ ਚੇਤਨਾ ਮੰਚ ਦੇ ਜਨਮ ਅਸ਼ਟਮੀ ਨੂੰ ਸਮਰਪਿਤ ਸਮਾਗਮ ਵਿੱਚ ਸਕੂਲੀ ਬੱਚਿਆਂ ਨੇ ਖੂਬਸੂਰਤ ਪੇਸ਼ਕਾਰੀਆ ਨਾਲ ਬੰਨੇ ਰੰਗ







ਸ਼੍ਰੀ ਸਨਾਤਨ ਚੇਤਨਾ ਮੰਚ ਵੱਲੋਂ ਜਨਮ ਅਸ਼ਟਮੀ ਦੇ ਤਿਉਹਾਰ ਨੂੰ ਸਮਰਪਿਤ ਬੇਹਦ ਆਕਰਸ਼ਕ ਪ੍ਰੋਗਰਾਮ ਕੱਦ ਵਾਲੀ ਮੰਡੀ ਵਿਖੇ ਕਰਵਾਇਆ ਗਿਆ ਜਿਸ ਵਿੱਚ ਵੱਖ ਵੱਖ ਸਕੂਲਾਂ ਦੇ ਛੋਟੇ ਛੋਟੇ ਸਕੂਲੀ ਬੱਚਿਆਂ ਨੇ ਸ਼੍ਰੀ ਰਾਤ ਦਾ ਕ੍ਰਿਸ਼ਨ ਦੇ ਜੀਵਨ ਨਾਲ ਸੰਬੰਧਿਤ ਬੇਹਦ ਖੂਬਸੂਰਤ ਧਾਰਮਿਕ ਪੇਸ਼ਕਾਰੀਆਂ ਦਿੱਤੀਆਂ। ਸਮਾਗਮ ਇਨ੍ਹਾਂ ਦਿਲ ਖਿੱਚਵਾਂ ਸੀ ਕਿ ਅੱਧੀ ਰਾਤ ਤੱਕ ਸ਼ਹਿਰ ਦੇ ਸੈਂਕੜਿਆਂ ਲੋਕ ਇਸ ਸਮਾਗਮ ਦਾ ਆਨੰਦ ਮਾਣਦੇ ਰਹੇ। ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਅਤੇ ਐਸਐਸਪੀ ਅਦਿਤਿਆ ਵੀ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਸਮਾਗਮ ਦੇ ਆਯੋਜਕਾਂ ਕਹਿਣਾ ਹੈ ਕਿ ਆਪਣੇ ਧਾਰਮਿਕ ਵਿਰਸੇ ਨਾਲ ਨਵੀਂ ਪੀੜੀ ਜੁੜੀ ਰਹੇ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਅਜਿਹੇ ਸਮਾਗਮ ਕਰਵਾਏ ਜਾਂਦੇ ਹਨ।

# ਪੌਂਗ ਡੈਮ ਦੀ ਮਹਾਰਾਣਾ ਪ੍ਰਤਾਪ ਸਾਗਰ ਝੀਲ ਵਿੱਚ ਪਾਣੀ ਦਾ ਵਹਾਅ ਵਧਿਆ



ਹਿਮਾਚਲ ਦੇ ਕਈ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਕਾਰਨ ਪੌਂਗ ਡੈਮ ਦੀ ਮਹਾਰਾਣਾ ਪ੍ਰਤਾਪ ਸਾਗਰ ਝੀਲ ਦੇ ਪਾਣੀ ਦਾ ਪੱਧਰ 1 ਫੁੱਟ ਤੋਂ ਵੱਧ ਵਧ ਗਿਆ ਹੈ। ਜਾਣਕਾਰੀ ਅਨੁਸਾਰ ਪੌਂਗ ਡੈਮ ਦਾ ਪਾਣੀ ਦਾ ਪੱਧਰ 1378.46 ਫੁੱਟ ਮਾਪਿਆ ਗਿਆ। ਤਲਵਾੜਾ ਦੇ ਸ਼ਾਹ ਨਹਿਰ ਬੈਰਾਜ ਵਿਖੇ ਪੌਂਗ ਡੈਮ ਦੇ ਸਪਿਲਵੇਅ ਗੇਟਾਂ ਰਾਹੀਂ ਬਿਆਸ ਦਰਿਆ ਵਿੱਚ 56 ਹਜ਼ਾਰ ਕਿਊਸਿਕ ਪਾਣੀ ਲਗਾਤਾਰ ਛੱਡਿਆ ਜਾ ਰਿਹਾ ਹੈ। ਇਸ ਦੇ ਨਾਲ ਹੀ, ਜਿਸ ਤਰ੍ਹਾਂ ਹਿਮਾਚਲ ਵਿੱਚ ਬੱਦਲ ਫਟਣ ਅਤੇ ਭਾਰੀ ਮੀਂਹ ਦੀਆਂ ਖ਼ਬਰਾਂ ਆ ਰਹੀਆਂ ਹਨ, ਉਸ ਤੋਂ ਇਹ ਖਦਸ਼ਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਡੈਮ ਦੇ ਪਾਣੀ ਦਾ ਪੱਧਰ ਹੋਰ ਵਧੇਗਾ। ਦੂਜੇ ਪਾਸੇ, ਬਿਆਸ ਦਰਿਆ ਦੇ ਕੰਢੇ ਸਥਿਤ ਪੰਜਾਬ ਅਤੇ ਹਿਮਾਚਲ ਦੇ ਪਿੰਡਾਂ ਵਿੱਚ ਪਾਣੀ ਦਾ ਵਹਾਅ ਹੌਲੀ-ਹੌਲੀ ਵਧ ਰਿਹਾ ਹੈ। ਪੌਂਗ ਡੈਮ ਤੋਂ ਲਗਾਤਾਰ ਵੱਡੀ ਮਾਤਰਾ ਵਿੱਚ ਪਾਣੀ ਛੱਡਣ ਕਾਰਨ, ਬਿਆਸ ਦਰਿਆ ਉਛਾਲ ਵਿੱਚ ਹੈ ਅਤੇ ਕਈ ਥਾਵਾਂ 'ਤੇ ਤਬਾਹੀ ਦੇਖਣ ਨੂੰ ਮਿਲੀ ਹੈ।

# ਤਿੰਨ ਰੋਜ਼ਾ 'ਉਮੀਦ ਬਜ਼ਾਰ' 'ਚ 50 ਤੋਂ ਵੱਧ ਸਵੈ-ਸਹਾਇਤਾ ਸਮੂਹਾਂ ਅਤੇ ਕਿਸਾਨ ਸਮੂਹਾਂ ਨੇ ਆਪਣੇ ਸਟਾਲ ਲਗਾਏ

## ਡੀ.ਸੀ. ਦਲਵਿੰਦਰਜੀਤ ਸਿੰਘ ਅਤੇ ਐੱਸ.ਐੱਸ.ਪੀ. ਆਦਿੱਤਯ ਨੇ ਉਮੀਦ ਬਜ਼ਾਰ ਦਾ ਕੀਤਾ ਉਦਘਾਟਨ

ਭਾਰਤ ਸਰਕਾਰ ਦੇ ਨੀਤੀ ਆਯੋਗ ਵੱਲੋਂ ਚਲਾਏ ਜਾ ਰਹੇ ਅਕਾਂਕਸ਼ਾ ਹੱਟ ਪ੍ਰੋਗਰਾਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਵੇਕਲੀ ਪਹਿਲ ਕਰਦਿਆਂ' ਗੁਰਦਾਸਪੁਰ ਸ਼ਹਿਰ ਦੇ ਪੁਰਾਣੇ ਬੱਸ ਅੱਡੇ ਵਿੱਚ ਤਿੰਨ ਰੋਜ਼ਾ 'ਉਮੀਦ ਬਜ਼ਾਰ' ਦਾ ਅੱਜ ਸ਼ਾਨਦਾਰ ਅਗਾਜ਼ ਹੋ ਗਿਆ। ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ ਅਤੇ ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਆਦਿੱਤਯ ਵੱਲੋਂ ਅਕਾਂਕਸ਼ਾ ਹੱਟ (ਉਮੀਦ ਬਜ਼ਾਰ) ਦਾ ਉਦਘਾਟਨ ਕੀਤਾ ਗਿਆ। 'ਉਮੀਦ ਬਜ਼ਾਰ' ਦਾ ਉਦਘਾਟਨ ਕਰਨ ਤੋਂ ਬਾਅਦ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਅਤੇ ਐੱਸ.ਐੱਸ.ਪੀ. ਆਦਿੱਤਯ ਵੱਲੋਂ ਸਵੈ ਸਹਾਇਤਾ ਸਮੂਹਾਂ ਵੱਲੋਂ ਲਗਾਏ ਗਏ ਸਟਾਲਾਂ ਦਾ ਦੌਰਾ ਕੀਤਾ ਅਤੇ ਓਥੇ ਵੇਚੇ ਜਾ ਰਹੇ ਸਮਾਨ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਦੇ ਨੀਤੀ ਆਯੋਗ ਵੱਲੋਂ ਪੇਂਡੂ ਤੇ ਸ਼ਹਿਰੀ



ਖੇਤਰ ਦੇ ਸਵੈ-ਸਹਾਇਤਾ ਸਮੂਹਾਂ ਨੂੰ ਉਤਸ਼ਾਹਿਤ ਕਰਨ ਲਈ ਅਕਾਂਕਸ਼ਾ ਹੱਟ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਸਵੈ-ਸਹਾਇਤਾ ਸਮੂਹਾਂ ਨੂੰ ਉਨ੍ਹਾਂ ਵੱਲੋਂ ਤਿਆਰ ਕੀਤੇ ਸਮਾਨ ਨੂੰ ਵੇਚਣ ਲਈ ਪਲੇਟਫ਼ਾਰਮ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਵੀ ਏਥੇ ਦੋ ਰੋਜ਼ਾ ਉਮੀਦ ਬਜ਼ਾਰ ਲਗਾਇਆ ਗਿਆ ਸੀ ਜੋ ਬੇਹੱਦ ਕਾਮਯਾਬ ਰਿਹਾ ਸੀ। ਸਾਡੇ ਜ਼ਿਲ੍ਹੇ ਵਿੱਚ ਹੁਨਰ ਦੀ ਕੋਈ ਘਾਟ ਨਹੀਂ ਹੈ ਅਤੇ ਅੱਜ ਉਮੀਦ ਬਜ਼ਾਰ ਦੌਰਾਨ ਸਵੈ-ਸਹਾਇਤਾ ਸਮੂਹਾਂ ਵੱਲੋਂ ਆਪਣੇ ਹੱਥੀਂ ਬਣਾਇਆ ਜੋ ਸਮਾਨ ਵੇਚਿਆ ਜਾ ਰਿਹਾ ਹੈ ਉਹ ਉੱਚ ਮਿਆਰੀ ਤੇ ਬਜ਼ਾਰ ਦੇ ਮੁਕਾਬਲੇ ਕਿਫ਼ਾਇਤੀ ਹੈ। ਉਨ੍ਹਾਂ ਕਿਹਾ ਕਿ ਇਹ ਉਮੀਦ ਬਜ਼ਾਰ ਤਿੰਨ ਦਿਨ ਚੱਲੇਗਾ ਅਤੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਹੈ ਕਿ ਉਹ ਇਸ ਬਜ਼ਾਰ ਵਿੱਚ ਪਹੁੰਚ ਕੇ ਵੱਧ ਤੋਂ ਵੱਧ ਖ਼ਰੀਦਦਾਰੀ ਕਰਨ ਤਾਂ ਜੋ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਸਵਾਣੀਆਂ ਨੂੰ ਲਾਭ ਪਹੁੰਚ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰਹਿਣਗੇ। ਇਸ ਮੌਕੇ ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਆਦਿੱਤਯ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਇਹ ਕੋਸ਼ਿਸ਼ ਘਰੇਲੂ ਔਰਤਾਂ ਨੂੰ ਰੁਜ਼ਗਾਰ ਨਾਲ ਜੋੜ ਕੇ ਉਨ੍ਹਾਂ ਲਈ ਆਮਦਨ ਦੇ ਨਵੇਂ ਅਵਸਰ ਪੈਦਾ ਕਰਨ ਵਿੱਚ ਸਹਾਈ ਹੋਵੇਗੀ। ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਸਵਾਣੀਆਂ ਨੂੰ ਸਵੈ-ਸਹਾਇਤਾ ਸਮੂਹਾਂ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

# ਫਸਲਾਂ ਦਾ ਹੋਇਆ ਉਜਾੜਾ, ਮੁਆਵਜੇ ਦੀ ਉੱਠਣ ਲੱਗੀ



ਜੰਮੂ ਦੇ ਕਠੂਆ ਬੱਦਲ ਫਟਣ ਤੋਂ ਬਾਅਦ ਜਿੱਥੇ ਖੇਤਰ ਦੀਆਂ ਚੋਆ ਅਤੇ ਨਾਲੀਆਂ ਵਿੱਚ ਪਾਣੀ ਦਾ ਪੱਧਰ ਵੱਧ ਰਿਹਾ ਹੈ ਉੱਥੇ ਹੀ ਜ਼ਿਆਦਾ ਪਾਣੀ ਆਉਣ ਕਾਰਨ ਰਾਵੀ ਅਤੇ ਉਝ ਦਰਿਆ ਵਿੱਚ ਬੀਤੇ ਦਿਨ ਡੇਢ ਲੱਖ ਕਿਉਸਕ ਪਾਣੀ ਛੱਡਿਆ ਗਿਆ ਸੀ ਜਿਸ ਕਾਰਨ ਜਿਲਾ ਗੁਰਦਾਸਪੁਰ ਦੇ ਵੀ ਕਈ ਇਲਾਕੇ ਪ੍ਰਭਾਵਿਤ ਹੋਏ ਸਨ ਪਰ ਦੇਰ ਸ਼ਾਮ ਤੱਕ ਰਾਵੀ ਦਰਿਆ ਦਾ ਪਾਣੀ ਹੌਲੀ ਹੌਲੀ ਘੱਟਣਾ ਸ਼ੁਰੂ ਹੋ ਗਿਆ ਸੀ ਪਰ ਅੱਜ ਫੇਰ ਦਰਿਆ ਵਿੱਚ ਕਰੀਬ ਸਵਾ ਲੱਖ ਕਿਊਸਿਕ ਪਾਣੀ ਛੱਡ ਦਿੱਤਾ ਗਿਆ ਹੈ ਜਿਸ ਕਾਰਨ ਹੌਲੀ ਹੌਲੀ ਕਰਕੇ ਪਾਣੀ ਮੁੜ ਤੋਂ ਦਰਿਆ ਕਿਨਾਰੇ ਦੇ ਖੇਤਾਂ ਵਿੱਚ ਵੜਨਾ ਸ਼ੁਰੂ ਹੋ ਗਿਆ ਹੈ। ਇਸ ਕਰਕੇ ਜਿੱਥੇ ਗੁਰਦਾਸਪੁਰ ਜਿਲ੍ਹਾ ਪ੍ਰਸਾਸਨ ਵਲੋਂ ਲੋਕਾਂ ਨੂੰ ਦਰਿਆਵਾ ਦੇ ਕਿਨਾਰਿਆ ਤੋਂ 500 ਮੀਟਰ ਦੂਰ ਰਹਿਣ ਦੀਆਂ ਹਿਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਉੱਥੇ ਹੀ ਦਰਿਆ ਕਿਨਾਰੇ ਦੇ ਹਾਲਾਤਾਂ ਤੇ ਪਲ ਪਲ ਵੀ ਨਜ਼ਰ ਰੱਖੀ ਜਾ ਰਹੀ ਹੈ ਤੇ ਕਈ ਇਲਾਕਿਆਂ ਦੇ ਸਕੂਲਾਂ ਵਿੱਚ ਸ਼ੈਲਟਰ ਹੋਮ ਬਣਾ ਕੇ ਉਹਨਾਂ ਦੀ ਸਫਾਈ ਕਰਵਾ ਦਿੱਤੀ ਗਈ ਹੈ। ਦੂਜੇ ਪਾਸੇ ਲਗਾਤਾਰ ਪਾਣੀ ਆਉਣ ਕਾਰਨ ਰਾਵੀ ਦਰਿਆ ਕਿਨਾਰੇ ਦੀਆਂ ਫਸਲਾਂ ਖਰਾਬ ਹੋ ਗਈਆਂ ਹਨ। ਖਾਸ ਕਰ ਝੋਨਾ, ਕਮਾਦ ਤੇ ਪਸ਼ੂਆਂ ਦੇ ਚਾਰੇ ਦੀਆਂ ਫਸਲਾਂ ਖਰਾਬ ਹੋਣ ਕਾਰਨ ਕਿਸਾਨ ਇਹਨਾਂ ਦੇ ਮੁਆਵਜੇ ਦੀ ਮੰਗ ਕਰਨ ਲੱਗ ਪਏ ਹਨ।

# 18 ਦਿਨਾਂ ਬਾਅਦ 27 ਸਾਲਾ ਨੌਜਵਾਨ ਦੀ ਮ੍ਰਿਤਕ ਦੇਹ ਸਾਊਦੀ ਅਰਬ ਤੋਂ ਪਿੰਡ ਪਹੁਚੀ

## ਘਰ ਦੇ ਮਾੜੇ ਹਾਲਾਤਾਂ ਨੂੰ ਦੇਖਦੇ ਹੋਏ ਇਕ ਸਾਲ ਪਹਿਲਾਂ ਗਿਆ ਸੀ ਗਗਨਦੀਪ ਸਾਊਦੀ ਅਰਬ







18 ਦਿਨਾਂ ਬਾਅਦ ਪਹਿਲ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਜੋਗਿੰਦਰ ਸਲਾਰੀਆ ਦੀ ਮਦਦ ਨਾਲ ਮ੍ਰਿਤਕ ਦੀ ਲਾਸ਼ ਪਹੁਚੀ ਜੱਦੀ ਪਿੰਡ ਪਹੁੰਚੀ। ਰੋਜੀ ਰੋਟੀ ਕਮਾਉਣ ਲਈ ਪੰਜਾਬ ਦੇ ਕਈ ਨੌਜਵਾਨ ਵਿਦੇਸ਼ਾਂ ਦਾ ਰੁੱਖ ਕਰ ਰਹੇ ਹਨ ਪਰ ਉੱਥੇ ਵੀ ਉਹਨਾਂ ਨਾਲ ਕਈ ਵਾਰ ਅਜਿਹੇ ਹਾਦਸੇ ਹੋ ਜਾਂਦੇ ਹਨ ਕਿ ਉਹ ਦੁਬਾਰਾ ਆਪਣੀ ਮਿੱਟੀ ਵਿੱਚ ਵਾਪਸ ਨਹੀਂ ਆ ਪਾਉਂਦੇ। ਇਸੇ ਤਰ੍ਹਾਂ ਦਾ ਹੀ ਮਾਮਲਾ ਸਾਹਮਣੇ ਆਇਆ ਗੁਰਦਾਸਪੁਰ ਦੇ ਪਿੰਡ ਕੋਟਲੀ ਸੂਰਤ ਮੱਲੀ ਤੋਂ ਜਿੱਥੋਂ ਦੇ ਇੱਕ ਗਰੀਬ ਪਰਿਵਾਰ ਦਾ 27 ਸਾਲਾਂ ਗਗਨਦੀਪ ਸਿੰਘ ਰੋਜੀ ਰੋਟੀ ਕਮਾਉਣ ਲਈ 1 ਸਾਲ ਪਹਿਲਾਂ ਸਾਊਦੀ ਅਰਬ ਗਿਆ ਸੀ ਜਿਸ ਦੀ ਉੱਥੇ ਕਰੀਬ 18 ਦਿਨ ਪਹਿਲਾ ਹਾਰਟ ਅਟੈਕ ਨਾਲ ਮੌਤ ਹੋਣ ਜਾਣ ਦੀ ਖ਼ਬਰ ਪਰਿਵਾਰ ਨੂੰ ਮਿਲੀ ਪਰਿਵਾਰ ਉਦੋ ਤੋ ਤਰਸ ਰਿਹਾ ਸੀ ਕਿ ਜਿੰਦਾ ਨਾ ਸਹੀ ਪੁੱਤ ਦੀ ਲਾਸ਼ ਹੀ ਉਹ ਵੇਖ ਪਾਉਣ ਅਤੇ ਅੰਤਿਮ ਰਸਮਾਂ ਕਰ ਸਕਣ। ਕਰੀਬ 18 ਦਿਨਾਂ ਬਾਅਦ ਦੁਬਈ 'ਚ ਬੈਠੇ ਕਾਰੋਬਾਰੀ ਅਤੇ ਸਮਾਜ ਸੇਵੀ ਜੋਗਿੰਦਰ ਸਲਾਰੀਆ ਵਲੋ ਇਸ ਪਰਿਵਾਰ ਦੀ ਮਦਦ ਕਰਦੇ ਹੋਏ ਉੱਥੋ ਮ੍ਰਿਤਕ ਨੌਜਵਾਨ ਦੀ ਲਾਸ਼ ਭਾਰਤ ਭੇਜੀ ਅਤੇ ਜੱਦੀ ਪਿੰਡ ਜਿਵੇਂ ਹੀ ਮ੍ਰਿਤਕ ਦੇਹ ਪਹੁਚੀ ਤਾਂ ਪੂਰੇ ਪਰਿਵਾਰ ਅਤੇ ਰਿਸਤੇਦਾਰ ਦਾ ਰੋ ਰੋ ਬੁਰਾ ਹਾਲ ਸੀ। ਉੱਥੇ ਹੀ ਮ੍ਰਿਤਕ ਗਗਨਦੀਪ ਸਿੰਘ ਦੇ ਮਾਪਿਆਂ ਨੇ ਦੱਸੀ ਕੀ ਹਾਲੇ ਤਾਂ ਪੁੱਤ ਦੇ ਰੀਝਾਂ ਚਾਅ ਪੂਰੇ ਨਹੀਂ ਸੀ ਹੋਏ ਅਤੇ ਇਹ ਵੀ ਵੱਡਾ ਦੁਖਾਂਤ ਪਰਿਵਾਰ ਦਾ ਹੈ ਕਿ ਇਸੇ ਪਰਿਵਾਰ ਦੇ ਪਹਿਲਾਂ ਵੀ ਇਕ ਜਵਾਨ ਪੁੱਤ ਦੀ ਮੌਤ ਹੋਈ ਹੈ। ਉੱਥੇ ਹੀ ਮ੍ਰਿਤਿਕ ਗਗਨਦੀਪ ਸਿੰਘ ਆਪਣੇ ਪਿੰਡ ਵਿਚ ਗਗਨ ਭਲਵਾਨ ਵਜੋਂ ਜਾਣਿਆ ਜਾਂਦਾ ਸੀ ਆਪਣੇ ਇਲਾਕੇ ਅਤੇ ਇਲਾਕੇ ਦੇ ਬਾਹਰ ਆਪਣੀ ਭਲਵਾਨੀ ਦੇ ਜੌਹਰ ਦਿਖਾਇਆ ਕਰਦਾ ਸੀ। ਆਪਣੇ ਘਰ ਦਾ ਗੁਜ਼ਾਰਾ ਅਤੇ ਆਪਣੇ ਬਜ਼ੁਰਗ ਮਾਂ ਬਾਪ ਦਾ ਇਕਲੌਤਾ ਸਹਾਰਾ ਸੀ। 13 ਸਾਲ ਪਹਿਲਾਂ ਵੱਡੇ ਪੁੱਤ ਦੀ ਵੀ ਬਿਮਾਰੀ ਨਾਲ ਹੋ ਗਈ ਸੀ ਮੌਤ। ਉੱਥੇ ਹੀ ਜਿੱਥੇ ਇਲਾਕੇ ਭਰ 'ਚ ਇਸ ਮੌਕੇ ਇਕ ਦੁੱਖ ਹੈ ਉੱਥੇ ਹੀ ਉਹ ਪਹਿਲ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਜੋਗਿੰਦਰ ਸਲਾਰੀਆ ਦਾ ਧੰਨਵਾਦ ਵੀ ਕਰ ਰਹੇ ਹਨ।

# ਮੋਗਾ 'ਚ ਪੁਲਿਸ ਛਾਪੇਮਾਰੀ ਦੌਰਾਨ ਨੌਜਵਾਨ ਦੀ ਮੌਤ, ਪਰਿਵਾਰਕ ਮੈਂਬਰਾਂ ਨੇ ਲਾਸ਼ ਰੱਖ ਕੇ ਕੀਤਾ ਵਿਰੋਧ







ਮੋਗਾ ਜ਼ਿਲ੍ਹੇ ਦੇ ਪਿੰਡ ਮੱਲਿਆਂਵਾਲਾ ਵਿੱਚ ਮੰਗਲਵਾਰ ਨੂੰ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਪੁਲਿਸ ਦੇ ਛਾਪੇ ਦੇ ਡਰੋਂ ਇੱਕ ਨੌਜਵਾਨ ਨੇ ਛੱਪੜ ਵਿੱਚ ਛਾਲ ਮਾਰ ਕੇ ਆਪਣੀ ਜਾਨ ਗੁਆ ਦਿੱਤੀ। ਮ੍ਰਿਤਕ ਦੀ ਪਛਾਣ 22 ਸਾਲਾ ਜਗਦੀਪ ਸਿੰਘ ਵਜੋਂ ਹੋਈ ਹੈ।ਜਾਣਕਾਰੀ ਅਨੁਸਾਰ ਪੁਲਿਸ ਨੂੰ ਸ਼ੱਕ ਸੀ ਕਿ ਨੌਜਵਾਨ ਗੈਰ-ਕਾਨੂੰਨੀ ਸ਼ਰਾਬ ਦੇ ਕਾਰੋਬਾਰ ਵਿੱਚ ਸ਼ਾਮਲ ਸੀ। ਇਸ ਸਬੰਧ ਵਿੱਚ ਪੁਲਿਸ ਨੇ ਉਸਦੇ ਘਰ ਛਾਪਾ ਮਾਰਿਆ। ਛਾਪੇਮਾਰੀ ਦੌਰਾਨ ਡਰੇ ਹੋਏ ਨੌਜਵਾਨ ਨੇ ਪਹਿਲਾਂ ਘਰ ਦੀ ਛੱਤ 'ਤੇ ਚੜ੍ਹ ਕੇ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਫਿਰ ਛਾਲ ਵਿੱਚ ਛਾਲ ਮਾਰ ਦਿੱਤੀ। ਡੁੱਬਣ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਪਿੰਡ ਵਾਸੀਆਂ ਅਤੇ ਪਰਿਵਾਰਕ ਮੈਂਬਰਾਂ ਨੇ ਨੌਜਵਾਨ ਦੀ ਲਾਸ਼ ਨੂੰ ਬਾਹਰ ਕੱਢ ਕੇ ਮੋਗਾ ਸਿਵਲ ਹਸਪਤਾਲ ਦੇ ਬਾਹਰ ਸੜਕ 'ਤੇ ਰੱਖ ਦਿੱਤਾ ਅਤੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ। ਉਨ੍ਹਾਂ ਦਾ ਦੋਸ਼ ਹੈ ਕਿ ਪੁਲਿਸ ਦੀ ਕਾਰਵਾਈ ਕਾਰਨ ਜਗਦੀਪ ਦੀ ਜਾਨ ਚਲੀ ਗਈ। ਮ੍ਰਿਤਕ ਦੀ ਮਾਸੀ ਨੇ ਮੀਡੀਆ ਨੂੰ ਦੱਸਿਆ ਕਿ ਜਗਦੀਪ ਸ਼ਟਰਿੰਗ ਵਰਕਰ ਵਜੋਂ ਕੰਮ ਕਰਦਾ ਸੀ। ਉਸਦਾ ਨਸ਼ੇ ਜਾਂ ਸ਼ਰਾਬ ਦੇ ਕਾਰੋਬਾਰ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਪੁਲਿਸ ਕਾਰਵਾਈ ਨੇ ਸਾਡੇ ਪੁੱਤਰ ਦੀ ਜਾਨ ਲੈ ਲਈ, ਅਸੀਂ ਇਨਸਾਫ ਚਾਹੁੰਦੇ ਹਾਂ। ਇਸ ਮਾਮਲੇ 'ਤੇ ਡੀਐਸਪੀ ਸਿਟੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਜਗਦੀਪ ਸਿੰਘ ਗੈਰ-ਕਾਨੂੰਨੀ ਸ਼ਰਾਬ ਵੇਚਣ ਦੇ ਮਾਮਲਿਆਂ ਵਿੱਚ ਸ਼ਾਮਲ ਸੀ। ਇਸ ਤੋਂ ਪਹਿਲਾਂ ਵੀ ਆਬਕਾਰੀ ਵਿਭਾਗ ਦੀ ਟੀਮ ਨੇ ਉਸਦੇ ਘਰ ਛਾਪਾ ਮਾਰਿਆ ਸੀ। ਮੰਗਲਵਾਰ ਨੂੰ ਪੁਲਿਸ ਪਾਰਟੀ ਕਿਸੇ ਹੋਰ ਕੰਮ ਲਈ ਜਾ ਰਹੀ ਸੀ। ਪੁਲਿਸ ਦੀ ਗੱਡੀ ਦੇਖ ਕੇ ਉਹ ਘਬਰਾ ਗਿਆ ਅਤੇ ਛੱਪੜ ਵਿੱਚ ਛਾਲ ਮਾਰ ਦਿੱਤੀ, ਜਿਸ ਕਾਰਨ ਉਸਦੀ ਮੌਤ ਹੋ ਗਈ। ਪਿੰਡ ਵਾਸੀਆਂ ਅਤੇ ਪੁਲਿਸ ਨੇ ਉਸਨੂੰ ਬਾਹਰ ਕੱਢਿਆ ਅਤੇ ਹਸਪਤਾਲ ਲੈ ਗਏ। ਪਰਿਵਾਰ ਨੇ ਅਜੇ ਤੱਕ ਆਪਣਾ ਬਿਆਨ ਦਰਜ ਨਹੀਂ ਕਰਵਾਇਆ ਹੈ। ਬਿਆਨ ਆਉਣ ਤੋਂ ਬਾਅਦ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

### ਵਹਿਸ਼ੀਪੁਣੇ ਦੀ ਹੱਦ ਪਾਰ

# 36 ਲੱਖ ਦਾਜ ਪਿੱਛੇ ਮਾਸੂਮ ਬੱਚੇ ਸਾਹਮਣੇ ਮਾਂ ਨੂੰ ਜ਼ਿੰਦਾ ਸਾੜਿਆ, ਤੜਫਦੀ ਦੀ ਬਣਾਈ ਵੀਡੀਓ







ਉੱਤਰ ਪ੍ਰਦੇਸ਼ ਦੀ ਧਰਤੀ ਇੱਕ ਵਾਰ ਫਿਰ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਨਾਲ ਕੰਬ ਗਈ ਹੈ, ਜਿੱਥੇ ਦਾਜ ਦੇ ਲਾਲਚੀ ਦੈਂਤਾਂ ਨੇ ਇੱਕ ਔਰਤ ਨੂੰ ਉਸਦੇ ਮਾਸੂਮ ਬੱਚੇ ਦੇ ਸਾਹਮਣੇ ਹੀ ਅੱਗ ਦੀਆਂ ਲਪਟਾਂ ਵਿੱਚ ਧੱਕ ਦਿੱਤਾ। ਇਹ ਸਿਰਫ਼ ਇੱਕ ਕਤਲ ਨਹੀਂ, ਸਗੋਂ ਇਨਸਾਨੀਅਤ ਦਾ ਗਲਾ ਘੁੱਟਣ ਵਾਲੀ ਇੱਕ ਵਹਿਸ਼ੀਆਨਾ ਕਰਤੂਤ ਹੈ।

ਇਸ ਦਿਲ-ਕੰਬਾਊ ਘਟਨਾ ਦੇ ਮੁੱਖ ਨੁਕਤੇ:

**ਜ਼ੁਲਮ ਦੀ ਜੜ੍ਹ:** ਪੀੜਤਾ ਦੇ ਪਰਿਵਾਰ ਦਾ ਦੋਸ਼ ਹੈ ਕਿ ਸਹੁਰਾ ਪਰਿਵਾਰ 36 ਲੱਖ ਰੁਪਏ ਦੇ ਦਾਜ ਦੀ ਮੰਗ ਕਰ ਰਿਹਾ ਸੀ, ਜੋ ਪੂਰੀ ਨਾ ਹੋਣ 'ਤੇ ਉਨ੍ਹਾਂ ਨੇ ਇਹ ਘਿਨਾਉਣਾ ਕਦਮ ਚੁੱਕਿਆ।

**ਕਾਤਲ ਕੌਣ ?:** ਇਸ ਵਹਿਸ਼ੀ ਕਾਰੇ ਨੂੰ ਅੰਜਾਮ ਦੇਣ ਵਾਲੇ ਕੋਈ ਹੋਰ ਨਹੀਂ, ਸਗੋਂ ਔਰਤ ਦਾ ਆਪਣਾ ਪਤੀ, ਸੱਸ, ਸਹੁਰਾ ਅਤੇ ਜੇਠ ਹੀ ਸਨ, ਜਿਨ੍ਹਾਂ ਨੂੰ ਉਸਦਾ ਰਖਵਾਲਾ ਹੋਣਾ ਚਾਹੀਦਾ ਸੀ।

**ਬੇਰਹਿਮੀ ਦੀ ਇੰਤਹਾ:** ਸਭ ਤੋਂ ਵੱਧ ਸ਼ਰਮਨਾਕ ਗੱਲ ਇਹ ਹੈ ਕਿ ਜਦੋਂ ਉਹ ਔਰਤ ਅੱਗ ਵਿੱਚ ਤੜਫ ਰਹੀ ਸੀ, ਤਾਂ ਦੋਸ਼ੀ ਉਸਨੂੰ ਬਚਾਉਣ ਦੀ ਬਜਾਏ ਉਸਦੀ ਵੀਡੀਓ ਬਣਾ ਕੇ ਆਪਣੀ ਹੈਵਾਨੀਅਤ ਦਾ ਸਬੂਤ ਦਿੰਦੇ ਰਹੇ।

ਇਹ ਘਟਨਾ ਇਸ ਸਮਾਜ 'ਤੇ ਇੱਕ ਕਰਾਰੀ ਚਪੇੜ ਹੈ ਜੋ 33 ਕਰੋੜ ਦੇਵੀ-ਦੇਵਤਿਆਂ ਦੀ ਪੂਜਾ ਤਾਂ ਕਰਦਾ ਹੈ, ਪਰ ਆਪਣੇ ਹੀ ਘਰ ਦੀ ਧੀ-ਨੂੰਹ ਨੂੰ ਜਿਉਂਦਿਆਂ ਸਾੜਨ ਲੱਗਿਆਂ ਇੱਕ ਪਲ ਵੀ ਨਹੀਂ ਸੋਚਦਾ। ਸਵਾਲ ਇਹ ਉੱਠਦਾ ਹੈ ਕਿ ਆਖ਼ਰ ਕਦੋਂ ਤੱਕ ਦਾਜ ਦੀ ਇਹ ਅੱਗ ਸਾਡੀਆਂ ਧੀਆਂ ਨੂੰ ਨਿਗਲਦੀ ਰਹੇਗੀ ?

ਇਸੇ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਆਫ਼ ਪੁਲੀਸ (ਏਡੀਸੀਪੀ) ਗ੍ਰੇਟਰ ਨੋਇਡਾ ਸੁਧੀਰ ਕੁਮਾਰ ਨੇ ਕਿਹਾ, "21 ਅਗਸਤ ਨੂੰ, ਸਾਨੂੰ ਫੋਰਟਿਸ ਹਸਪਤਾਲ ਤੋਂ ਇੱਕ ਫੋਨ ਆਇਆ ਜਿਸ ਵਿੱਚ ਸਾਨੂੰ ਦੱਸਿਆ ਗਿਆ ਕਿ ਇੱਕ ਸੜੀ ਹੋਈ ਔਰਤ ਨੂੰ ਦਾਖਲ ਕਰਵਾਇਆ ਗਿਆ ਹੈ ਅਤੇ ਉਸ ਨੂੰ ਸਫਦਰਜੰਗ ਹਸਪਤਾਲ ਰੈਫਰ ਕੀਤਾ ਗਿਆ ਹੈ। ਪੁਲੀਸ ਤੁਰੰਤ ਸਫਦਰਜੰਗ ਹਸਪਤਾਲ ਲਈ ਰਵਾਨਾ ਹੋਈ, ਪਰ ਟੀਮ ਦੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਔਰਤ ਦੀ ਮੌਤ ਹੋ ਗਈ।" ਕੰਚਨ ਨੇ ਕਿਹਾ ਕਿ ਉਸ ਦੇ ਸਹੁਰੇ ਚਾਹੁੰਦੇ ਸਨ ਕਿ ਉਸ ਦੀ ਭੈਣ ਘਰੋਂ ਚਲੀ ਜਾਵੇ ਤਾਂ ਜੋ ਵਿਪਿਨ ਮੁੜ ਵਿਆਹ ਕਰ ਸਕੇ।

ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਕੈਨੇਡਾ ਤੋਂ ਪੰਜਾਬ ਜਾ ਕੇ ਸ਼ਹੀਦ ਹੋਣ ਵਾਲੇ ਮਹਾਨ ਯੋਧੇ ਬਾਣੀ ਤੇ ਬਾਣੇ ਦੀ ਧਾਰਨੀ ਬਬਰ ਅਕਾਲੀ ਸ਼ਹੀਦ ਭਾਈ ਕਰਮ ਸਿੰਘ ਦੌਲਤਪੁਰ

ਬਬਰ ਅਕਾਲੀ ਲਹਿਰ ਦੇ ਮਹਾਨ ਯੋਧੇ ਸ਼ਹੀਦ ਭਾਈ ਕਰਮ ਸਿੰਘ 'ਬਬਰ ਅਕਾਲੀ' ਦਾ ਨਾਂ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ 'ਚ ਦਰਜ ਹੈ, ਜਿਨ੍ਹਾਂ ਕੈਨੇਡਾ ਤੋਂ ਪੰਜਾਬ ਜਾ ਕੇ 'ਬਬਰ ਅਕਾਲੀ' ਅਖ਼ਬਾਰ ਕੱਢਿਆ ਅਤੇ ਲੋਕਾਂ ਵਿੱਚ ਇਨਕਲਾਬੀ ਚੇਤਨਾ ਦਾ ਛੱਟਾ ਦਿੱਤਾ। ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ 'ਬਬਰ ਅਕਾਲੀ' ਸ਼ਹੀਦ ਭਾਈ ਕਰਮ ਸਿੰਘ 'ਚੀਫ਼ ਐਡੀਟਰ' ਨੇ 102 ਸਾਲ ਪਹਿਲਾਂ, ਐਬਸਫੋਰਡ ਤੋਂ ਪੰਜਾਬ ਜਾ ਕੇ ਸ਼ਹੀਦੀ ਪਾਈ। ਆਪ 'ਬਬਰ ਅਕਾਲੀ ਲਹਿਰ' ਦੀ ਜਿੰਦ-ਜਾਨ ਸਨ ਅਤੇ ਇਸ ਜਥੇਬੰਦੀ ਨੂੰ 'ਬਬਰ ਅਕਾਲੀ' ਨਾਂ ਵੀ ਆਪ ਜੀ ਦੀ ਹੀ ਦੇਣ ਹੈ। ਲੇਖ ਦੇ ਸ਼ੁਰੂ ਵਿੱਚ ਇਹ ਗੱਲ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਲੇਖ ਵਿੱਚ ਸ਼ਬਦ 'ਬਬਰ ਅਕਾਲੀ' ਹੀ ਵਰਤਿਆ ਜਾ ਰਿਹਾ ਹੈ, ਕਿਉਂਕਿ ਜੋ ਅਖ਼ਬਾਰ ਭਾਈ ਕਰਮ ਸਿੰਘ ਚੀਫ਼ ਐਡਟਰ ਵੱਲੋਂ ਅਖ਼ਬਾਰ ਗਿਆ, ਉਸ ਵਿੱਚ ਬਬਰ ਅਕਾਲੀ ਹੀ ਲਿਖਿਆ ਗਿਆ ਹੈ। ਉਸ ਵਿੱਚ ਬਬਰ ਸ਼ਬਦ ਉਪਰ ਅੱਧਕ ਨਹੀਂ। ਬਬਰ ਦਾ ਅਰਥ ਸ਼ੇਰ ਹੈ, ਜਦਕਿ 'ਬੱਬਰ' ਦਾ ਅਰਥ ਚਿੱੜ ਹੈ। 'ਮਹਾਨ ਸਿੱਖ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਜੀ ਦੀ ਲਿਖਤ 'ਗੁਰ ਸ਼ਬਦ ਰਤਨਾਗਰ ਮਹਾਨ ਕੋਸ਼' ਦੇ ਪੰਨਾ 36 ਉੱਤੇ ਦਰਜ ਹੈ; 'ਬਬਰ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਸ਼ੇਰ ਤੇ 'ਅਕਾਲੀ' ਪੰਜਾਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ- ਕਾਲ, ਸਮਾਂ ਭਾਵ ਮੌਤ ਤੋਂ ਰਹਿਤ ਜਾਂ ਅਮਰ। ਇਸ ਲਈ ਉਹ ਜੀਵ, ਜਿਸ ਵਿੱਚ ਬਬਰ ਸ਼ੇਰ ਵਾਲੀਆਂ ਸਾਰੀਆਂ ਸਿਫ਼ਤਾਂ, ਯਾਨੀ ਕਹਿਰ ਭਰਪੂਰ ਹਮਲਾ ਤੇ ਖ਼ੂਨੀ ਤੇ ਮੌਤ ਵਲੋਂ ਨਿੱਡਰ ਹੋਵੇ, ਨੂੰ 'ਬਬਰ ਅਕਾਲੀ' ਆਖਿਆ ਜਾਂਦਾ ਹੈ।' ਬਬਰ ਅਕਾਲੀਆਂ ਦਾ ਇਤਿਹਾਸ' ਪੁਸਤਕ ਦੀ ਭੂਮਿਕਾ ਵਿੱਚ ਡਾ. ਬਖ਼ਸ਼ੀਸ਼ ਸਿੰਘ ਨਿੱਝਰ, ਬਬਰ ਅਕਾਲੀ ਸ਼ਬਦਾਵਲੀ ਬਾਰੇ ਪੰਨਾ ਇੱਕ 'ਤੇ ਹਵਾਲਾ ਸਾਂਝਾ ਕਰਦੇ ਹਨ;

**"ਕਮਲ ਜਿਉਂ ਮਾਇਆ ਵਿਚ ਹੈ ਅਲੇਪ ਸਦਾ,**
**ਸਭ ਦਾ ਸਨੇਹੀ ਚਾਲ ਸਭ ਤੋਂ ਨਰਾਲੀ ਹੈ।**
**ਕਰਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ,**
**ਭਾਣੇ ਵਿਚ ਵਿਪਤਾ ਨੂੰ ਮੰਨੇ ਖੁਸ਼ਹਾਲੀ ਹੈ।**
**ਸਵਾਰਥ ਤੋਂ ਬਿਨਾਂ ਗੁਰਦਵਾਰਿਆਂ ਦਾ ਚੌਕੀਦਾਰ,**
**ਧਰਮ ਦੀ ਜੰਗ ਲਈ ਚੜੇ ਮੁਖ ਲਾਲੀ ਹੈ।**
**ਪੂਜੇ ਨ ਅਕਾਲ ਬਿਨਾਂ ਹੋਰ ਕੋਈ ਦੇਵੀ ਦੇਵ,**
**ਸਿੱਖ ਦਸਮੇਸ਼ ਦਾ, ਸੋ ਕਹੀਏ ਅਕਾਲੀ ਹੈ।"**

**ਭਾਈ ਕਰਮ ਸਿੰਘ (ਪਹਿਲਾ ਨਾਂ ਨਰੈਣ ਸਿੰਘ ਥਾਂਦੀ) ਦਾ ਮੁਢਲਾ ਜੀਵਨ :** ਪੰਜਾਬ ਦੀ ਧਰਤੀ 'ਤੇ ਨਵਾਂਸ਼ਹਿਰ ਨੇੜੇ ਅਤੇ ਅੱਜ-ਕੱਲ੍ਹ ਸ਼ਹੀਦ ਭਗਤ ਸਿੰਘ ਨਗਰ 'ਚ ਪੈਂਦੇ ਪਿੰਡ ਦੌਲਤਪੁਰ ਵਿੱਚ 20 ਮਾਰਚ 1880 ਨੂੰ ਭਾਈ ਨੱਥਾ ਸਿੰਘ ਥਾਂਦੀ ਦੇ ਘਰ ਬੀਬੀ ਦੁੱਲੀ ਦੀ ਕੁੱਖੋਂ ਜਨਮੇ ਕਰਮ ਸਿੰਘ ਦਾ ਪਹਿਲਾ ਨਾਂ ਨਰੈਣ ਸਿੰਘ ਸੀ। ਆਪ ਬਲਾਚੌਰ ਦੇ ਸਕੂਲ ਤੋਂ ਆਰੰਭਿਕ ਵਿੱਦਿਆ ਹਾਸਿਲ ਕਰਨ ਮਗਰੋਂ ਇਲਾਕੇ ਦੇ ਪਹਿਲੇ ਅੰਗਰੇਜ਼ੀ ਸਕੂਲ, ਗੌਰਮੈਂਟ ਹਾਈ ਸਕੂਲ ਰਾਹੋਂ ਪੜੇ ਅਤੇ 1896 ਚ ਦਸਵੀਂ ਦੀ ਪ੍ਰੀਖਿਆ 16 ਸਾਲ ਦੀ ਉਮਰ ਵਿੱਚ, ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਪਾਸ ਕੀਤੀ। 18 ਸਾਲ ਦੀ ਉਮਰ ਵਿੱਚ ਸੰਨ 1898 'ਚ ਬ੍ਰਿਟਿਸ਼ ਫੌਜ 'ਚ ਭਰਤੀ ਹੋ ਗਏ। ਭਾਈ ਨਰੈਣ ਸਿੰਘ ਨੇ ਅੰਗਰੇਜ਼ਾਂ ਦੀ ਫੌਜ 'ਚ ਗੁਲਾਮੀ ਅਤੇ ਜਲਾਲਤ ਭਰੇ ਵਤੀਰੇ ਤੋਂ ਦੁਖੀ ਹੋ ਕੇ ਨੌਕਰੀ ਛੱਡ ਦਿੱਤੀ। ਇਸ ਦੌਰਾਨ ਮਹਾਨ ਸਿੱਖ ਸ਼ਖ਼ਸੀਅਤ ਬਾਬਾ ਕਰਮ ਸਿੰਘ ਹੋਤੀ ਮਰਦਾਨ ਤੋਂ ਪ੍ਰਭਾਵਿਤ ਹੋ ਕੇ ਆਪ ਧਾਰਮਿਕ ਰੁਚੀਆਂ ਵੱਲ ਪ੍ਰੇਰਿਤ ਹੋ ਗਏ।

**ਪੰਜਾਬ ਤੋਂ ਸੰਨ 1907 ਵਿੱਚ ਐਬਸਫੋਰਡ, ਕੈਨੇਡਾ ਪਹੁੰਚਣਾ :** ਕੈਨੇਡਾ ਦੇ ਮੋਢੀ ਸਿੱਖਾਂ 'ਚ ਗਿਣੇ ਜਾਂਦੇ ਭਾਈ ਵਰਿਆਮ ਸਿੰਘ ਥਾਂਦੀ ਨੇ ਭਾਈ ਨਰੈਣ ਸਿੰਘ ਥਾਂਦੀ ਤੇ ਉਨ੍ਹਾਂ ਦੇ ਭਰਾ ਭਾਈ ਹਰੀ ਸਿੰਘ ਥਾਂਦੀ ਨੂੰ ਸੰਨ 1907 ਵਿਚ ਕੈਨੇਡਾ ਸੱਦ ਲਿਆ। ਥਾਂਦੀ ਪਰਿਵਾਰ ਦੀ ਐਬਸਫੋਰਡ ਵਿੱਚ ਰਹਿ ਰਹੀ ਬਜ਼ੁਰਗ ਬੀਬੀ ਆਸੀ (ਆਸੋ) ਕੌਰ ਥਾਂਦੀ ਨੇ ਇਸ ਲੇਖਕ ਨੂੰ ਦੱਸਿਆ ਕਿ ਐਬਸਫੋਰਡ 'ਚ ਬਾਬਾ ਨਰੈਣ ਸਿੰਘ ਥਾਂਦੀ, ਬਾਬਾ ਸੁੰਦਰ ਸਿੰਘ ਥਾਂਦੀ ਅਤੇ ਬਾਬਾ ਹਰੀ ਸਿੰਘ ਥਾਂਦੀ ਨੇ ਸੰਘਰਸ਼ਮਈ ਜੀਵਨ ਸ਼ੁਰੂ ਕੀਤਾ। ਥਾਂਦੀ ਪਰਿਵਾਰਾਂ ਨਾਲ ਸਬੰਧਿਤ ਬੀਬੀ ਆਸੀ ਕੌਰ ਥਾਂਦੀ ਅਨੁਸਾਰ 1907 ਉਹ ਸਮਾਂ ਸੀ, ਜਦੋਂ ਕੈਨੇਡਾ ਬ੍ਰਿਟਿਸ਼ ਸਾਮਰਾਜ ਦੀ ਬਸਤੀ ਸੀ ਅਤੇ ਇਥੇ ਨਸਲਵਾਦ ਦਾ ਬੋਲਬਾਲਾ ਸੀ ਤੇ ਉਹਨਾਂ ਦੇ ਬਜ਼ੁਰਗਾਂ ਨੇ ਨਸਲਵਾਦ ਦਾ ਡੱਟ ਕੇ ਮੁਕਾਬਲਾ ਕੀਤਾ। ਇਤਿਹਾਸਿਕ ਹਵਾਲਿਆਂ ਅਨੁਸਾਰ ਜਿਸ ਵੇਲੇ ਕੈਨੇਡਾ ਵਸਦੇ ਭਾਰਤੀਆਂ ਨੂੰ ਇਥੋਂ ਕੱਢ ਕੇ ਹਾਂਡੂਰਸ ਭੇਜਿਆ ਜਾ ਰਿਹਾ ਸੀ, ਉਸ ਵੇਲੇ ਪ੍ਰੋਫੈਸਰ ਸੰਤ ਤੇਜਾ ਦੀ ਅਗਵਾਈ ਵਿਚ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਆਗੂਆਂ ਨੇ ਕੈਨੇਡਾ ਸਰਕਾਰ ਦੇ ਅਜਿਹੇ ਨਸਲਵਾਦੀ ਫੈਸਲਾ ਦਾ ਜ਼ੋਰਦਾਰ ਵਿਰੋਧ ਕੀਤਾ। ਅਜਿਹਾ ਸਮੇਂ ਭਾਈ ਨਰੈਣ ਸਿੰਘ ਥਾਂਦੀ ਨੇ ਸਰਗਰਮ ਭੂਮਿਕਾ ਨਿਭਾਈ ਅਤੇ ਨਸਲਵਾਦੀ ਸਰਕਾਰੀ ਨੀਤੀਆਂ ਖ਼ਿਲਾਫ਼ ਆਵਾਜ਼ ਉਠਾਈ। ਆਪ ਨੇ ਸੰਤ ਤੇਜਾ ਸਿੰਘ ਦੁਆਰਾ ਸਥਾਪਿਤ 'ਗੁਰੂ ਨਾਨਕ ਮਾਈਨਿੰਗ ਐਂਡ ਟਰੱਸਟ ਕੰਪਨੀ' ਵਿਚ ਵੀ ਹਿੱਸਾ ਪਾਇਆ ਅਤੇ ਵੱਧ ਚੜ੍ਹ ਕੇ ਭਾਈਚਾਰੇ ਦੀ ਸੇਵਾ ਕੀਤੀ।

**ਬ੍ਰਿਟਿਸ਼ ਫੌਜ ਦੀਆਂ ਵਰਦੀਆਂ ਅਤੇ ਮੈਡਲ ਫੂਕਣੇ :** ਕੈਨੇਡਾ 'ਚ ਆ ਵਸੇ ਸਾਬਕਾ ਸਿੱਖ ਫ਼ੌਜੀਆਂ ਨੇ ਬ੍ਰਿਟਿਸ਼ ਨਸਲਵਾਦ ਅਤੇ ਬਸਤੀਵਾਦ ਤੋਂ ਤੰਗ ਆ ਕੇ 3 ਅਕਤੂਬਰ 1909 ਨੂੰ, ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ 'ਚ ਅੰਗਰੇਜ਼ਾਂ ਵਲੋਂ ਮਿਲੇ ਤਮਗੇ, ਵਰਦੀਆਂ, ਇਨਸਿਗਨੀਏ ਅਤੇ ਸਰਟੀਫਿਕੇਟ ਸਾੜੇ। ਤਦ ਭਾਈ ਨਰੈਣ ਸਿੰਘ ਵਲੋਂ ਵੀ ਅੰਗਰੇਜ਼ ਫੌਜ ਦੇ ਸਾਬਕਾ ਸਿਪਾਹੀ ਹੋਣ ਦੇ ਨਾਤੇ ਬਸਤੀਵਾਦ ਅਤੇ ਨਸਲਵਾਦ ਖਿਲਾਫ ਰੋਸ ਪ੍ਰਗਟਾਇਆ ਗਿਆ। ਇਥੋਂ ਤੱਕ ਕਿ ਬਰਤਾਨੀਆਂ ਦੇ ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਦੇ ਜਸ਼ਨਾਂ ਸਬੰਧੀ ਸਤੰਬਰ 1912 ਨੂੰ, ਕੈਨੇਡਾ ਦੇ ਸਿੱਖ ਯੋਧਿਆਂ ਨੇ ਵਿਰੋਧ ਪ੍ਰਗਟਾਇਆ ਅਤੇ ਅੰਗਰੇਜ਼ੀ ਦੀ ਗੁਲਾਮੀ ਖਿਲਾਫ਼ ਝੰਡਾ ਚੁਕਿਆ। ਇੱਥੇ ਇਹ ਗੱਲ ਗੌਰ ਕਰਨ ਵਾਲੀ ਹੈ ਕਿ ਵਿਰਾਸਤੀ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਵਿਖੇ ਘੋੜਿਆਂ ਤੇ ਸਵਾਰ ਸਿੱਖ ਫ਼ੌਜੀਆਂ ਦੇ ਬੁੱਤ ਤਾਂ ਲਗਾਏ ਗਏ ਹਨ, ਪਰ ਇਨ੍ਹਾਂ ਸਾਬਕਾ ਫ਼ੌਜੀਆਂ ਵੱਲੋਂ ਅੰਗਰੇਜ਼ਾਂ ਤੋਂ ਮਿਲੇ ਤਗਮੇ ਅਤੇ ਵਰਦੀਆਂ ਸਾੜਨ ਦਾ ਕਿਧਰੇ ਜ਼ਿਕਰ ਨਹੀਂ ਮਿਲਦਾ। ਇਹ ਅੱਜ ਦੀ ਪੀੜ੍ਹੀ ਨੂੰ 'ਅਧੂਰਾ ਇਤਿਹਾਸ' ਸਿਖਾਉਣ ਤੇ ਪੜ੍ਹਾਉਣ ਦੀ 'ਇਤਿਹਾਸਕ ਉਣਤਾਈ ਕਹੀ ਜਾ ਸਕਦੀ ਹੈ। ਇਹ ਹੋ ਵੀ ਉਸ ਥਾਂ 'ਤੇ ਰਹੀ ਹੈ, ਜੋ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਅਤੇ ਸਾਬਕਾ ਸਿੱਖ ਫ਼ੌਜੀ ਦਾ ਅਸਥਾਨ ਹੈ। ਅਜਿਹੀ ਇਤਿਹਾਸਕ ਭੁੱਲ ਨੂੰ ਤੁਰੰਤ ਦਰੁਸਤ ਕਰਨਾ ਬਹੁਤ ਜ਼ਰੂਰੀ ਹੈ। ਉੱਤਰੀ ਅਮਰੀਕਾ ਦੀ ਧਰਤੀ 'ਤੇ ਸੰਨ 1913 'ਚ ਉੱਠੀ ਗ਼ਦਰ ਲਹਿਰ ਵਿਚ ਭਾਈ ਨਰੈਣ ਸਿੰਘ ਥਾਂਦੀ ਲਗਾਤਾਰ ਸਰਗਰਮ ਰਹੇ। ਆਪ ਜੀ ਦੀ ਸ਼ਖ਼ਸੀਅਤ ਦਾ ਇੱਕ ਅਣਗੌਲਿਆ ਪੱਖ ਇਹ ਹੈ ਕਿ ਆਪ ਕੈਨੇਡਾ ਦੀ ਧਰਤੀ 'ਤੇ 'ਗ਼ਦਰ' ਅਖ਼ਬਾਰ ਲਈ ਹਰ ਤਰ੍ਹਾਂ ਸਹਿਯੋਗ ਜੁਟਾਉਣ 'ਚ ਵੀ ਮੋਹਰੀ ਰਹੇ। 'ਗਦਰ' ਅਖ਼ਬਾਰ ਦੀ ਇਸ ਚਿਣਗ ਦਾ ਹੀ ਨਤੀਜਾ ਸੀ ਕਿ ਆਪ ਨੇ ਪੰਜਾਬ ਜਾ ਕੇ 'ਬੱਬਰ ਅਕਾਲੀ ਦੁਆਬਾ' ਅਖ਼ਬਾਰ ਕੱਢਿਆ। ਕੈਨੇਡਾ ਦੀ ਧਰਤੀ ਤੋਂ 23 ਜੁਲਾਈ 1914 ਨੂੰ 'ਗੁਰੂ ਨਾਨਕ ਜਹਾਜ਼' ਨੂੰ ਮੁਸਾਫਿਰਾਂ ਸਮੇਤ ਵਾਪਿਸ ਭਾਰਤ ਮੋੜੇ ਜਾਣ ਦੀ ਨਸਲੀ ਘਟਨਾ ਮਗਰੋਂ, ਗ਼ਦਰੀ ਬਾਬਿਆ ਅੰਦਰ ਫਿਰੰਗੀਆਂ ਖ਼ਿਲਾਫ਼ ਰੋਹ ਹੋਰ ਸਿਖਰਾਂ ਨੂੰ ਛੂਹ ਗਿਆ ਸੀ। ਅਜਿਹੇ ਸਮੇਂ ਕੈਨੇਡਾ ਅਤੇ ਅਮਰੀਕਾ ਤੋਂ ਵੱਡੀ ਗਿਣਤੀ 'ਚ ਗ਼ਦਰੀ ਯੋਧੇ ਵਤਨ ਪਰਤ ਕੇ, ਅੰਗਰੇਜ਼ਾਂ ਨੂੰ ਦੇਸ਼ 'ਚੋਂ ਕੱਢਣ ਲਈ ਤਿਆਰ ਹੋਏ।



**ਐਬਸਫੋਰਡ ਸਥਿਤ ਨਿੱਜੀ ਜ਼ਮੀਨ ਕੌਮ ਲੇਖੇ ਲਾ ਕੇ ਪੰਜਾਬ ਵਾਪਸੀ :** ਐਬਟਸਫੋਰਡ ਵਾਸੀ ਭਾਈ ਨਰੈਣ ਸਿੰਘ ਥਾਂਦੀ 'ਪੰਥ ਵਸੇ ਮੈਂ ਉਜੜਾਂ' ਦੀ ਸੋਚ ਦੇ ਧਾਰਨੀ ਸਨ। ਉਹਨਾਂ ਨੇ ਫੈਸਲਾ ਕੀਤਾ ਕਿ ਦੇਸ਼ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਪੰਜਾਬ ਪਰਤਣਾ ਜ਼ਰੂਰੀ ਹੈ। ਐਬਸਫੋਰਡ ਸ਼ਹਿਰ 'ਚ ਸਾਊਥ ਫਰੇਜ਼ਰ ਵੇਅ 'ਤੇ ਆਪ ਦੀ, ਆਪ ਦੇ ਭਰਾ ਹਰੀ ਸਿੰਘ ਥਾਂਦੀ ਤੇ ਪੋਤੂ ਭਾਈ ਸੁੰਦਰ ਸਿੰਘ ਥਾਂਦੀ ਦੀ ਪੌਣੇ ਕੁ ਚਾਰ ਏਕੜ ਦੇ ਕਰੀਬ ਸਾਂਝੀ ਜ਼ਮੀਨ ਸੀ, ਜਿਸ ਦੀ ਉਸ ਸਮੇਂ ਵੀ ਬਹੁਤ ਕੀਮਤ ਸੀ ਤੇ ਅੱਜ ਤਾਂ ਕੋਈ ਅੰਤ ਹੀ ਨਹੀਂ। ਆਪਣੇ ਭਾਈਆਂ ਸਮੇਤ ਭਾਈ ਕਰਮ ਸਿੰਘ ਨੇ ਨਿੱਜੀ ਜ਼ਮੀਨ ਸਿੱਖ ਕੌਮ ਤੇ ਗੁਰਦੁਆਰਾ ਸਾਹਿਬ ਲਈ ਭੇਟ ਕਰਦਿਆਂ ਸਮੂਹ ਭਾਈਆਂ ਨੂੰ ਕਿਹਾ ਕਿ ਜੇਕਰ ਉਹ ਵਤਨ ਜਾ ਕੇ ਸ਼ਹੀਦੀ ਪਾ ਗਏ, ਤਾਂ ਉਨ੍ਹਾਂ ਦੀ ਜ਼ਮੀਨ 'ਤੇ ਗੁਰਦੁਆਰਾ ਸਾਹਿਬ ਉਸਾਰ ਦਿੱਤਾ ਜਾਵੇ। ਭਾਈ ਕਰਮ ਸਿੰਘ ਬਬਰ ਨੇ ਪੰਜਾਬ



ਡਾ. ਗੁਰਵਿੰਦਰ ਸਿੰਘ
604 825 1550

ਜਾ ਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਸੰਘਰਸ਼ ਕਰਦਿਆਂ ਪੁਲਿਸ ਮੁਕਾਬਲਾ ਵਿਚ ਸ਼ਹੀਦੀ ਪ੍ਰਾਪਤ ਕੀਤੀ। ਆਪ ਦੀ ਇੱਛਾ ਅਨੁਸਾਰ, ਆਪ ਦੀ ਅਤੇ ਥਾਂਦੀ ਭਰਾਵਾਂ ਦੀ ਜ਼ਮੀਨ 'ਤੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਸੰਨ 1982 ਵਿੱਚ ਉਸਾਰਿਆ ਗਿਆ ਹੈ। ਭਾਈ ਸਾਹਿਬ ਕਰਮ ਸਿੰਘ ਬੱਬਰ ਅਕਾਲੀ ਦੀ ਸ਼ਹਾਦਤ ਦਾ ਇਤਿਹਾਸ ਗੁਰਦੁਆਰਾ ਸਾਹਿਬ ਵਿਖੇ ਨਿਸ਼ਾਨ ਸਾਹਿਬ ਦੇ ਕੋਲ ਲਿਖਿਆ ਹੋਇਆ ਹੈ। ਕੈਨੇਡਾ ਤੋਂ ਪੰਜਾਬ ਪਰਤਦਿਆਂ ਹੀ ਆਪ ਨੂੰ ਹੋਰਨਾਂ ਗ਼ਦਰੀਆਂ ਵਾਂਗ ਜੂਹ-ਬੰਦ ਕਰ ਦਿੱਤਾ ਗਿਆ। ਸੰਨ 1918 'ਚ ਇਹ ਪਾਬੰਦੀ ਹਟਦਿਆਂ ਸਾਰ ਹੀ ਆਪ ਸਰਗਰਮ ਹੋ ਗਏ ਅਤੇ ਥਾਂ-ਥਾਂ ਸਿਆਸੀ ਕਾਨਫਰੰਸਾਂ ਕਰਨ ਲੱਗੇ।

**ਅੰਗਰੇਜ਼ਾਂ ਦੇ ਪਿੱਠੂ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਉਣੇ :** ਬਬਰ ਅਕਾਲੀ ਕਰਮ ਸਿੰਘ ਸਮੇਤ ਸਮੂਹ ਜੁਝਾਰੂ ਸਿੰਘਾਂ ਦਾ ਮਨੋਰਥ ਅੰਗਰੇਜ਼ਾਂ ਦੇ ਪਿੱਠੂ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣਾ ਸੀ। ਅੰਗਰੇਜ਼ਾਂ ਦੇ ਪਿੱਠੂ ਮਹੰਤ ਨਰੈਣ ਦਾਸ ਨੇ ਜਦੋਂ 21 ਫਰਵਰੀ 1921 ਨੂੰ ਨਨਕਾਣਾ ਸਾਹਿਬ ਵਿਖੇ ਡੇਢ ਸੌ ਤੋਂ ਵੱਧ ਸਿੱਖਾਂ ਨੂੰ ਸ਼ਹੀਦ ਕਰਵਾਇਆ, ਤਾਂ ਆਪ ਦਾ ਖ਼ੂਨ ਖੌਲ ਉੱਠਿਆ। ਆਪ ਨੇ 21 ਮਾਰਚ 1921 ਨੂੰ ਨਨਕਾਣਾ ਸਾਹਿਬ ਪਹੁੰਚ ਕੇ ਭਾਈ ਆਸਾ ਸਿੰਘ ਭੁਕੜੂਦੀ ਤੇ ਹੋਰਨਾਂ ਸਾਥੀਆਂ ਸਮੇਤ ਅੰਮ੍ਰਿਤ ਛਕਿਆ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਆਗਿਆ ਲੈ ਕੇ 'ਨਰੈਣ' ਸਿੰਘ ਨਾਂ ਬਦਲ ਕੇ 'ਕਰਮ ਸਿੰਘ' ਨਾਂ ਰੱਖ ਲਿਆ। ਕੁਝ ਇਤਿਹਾਸਕਾਰਾਂ ਦਾ ਮੱਤ ਹੈ ਕਿ ਆਪ ਪਹਿਲਾਂ ਤੋਂ ਹੀ ਅੰਮ੍ਰਿਤਧਾਰੀ ਸਿੱਖ ਸਨ ਅਤੇ ਲੰਮਾ ਸਮਾਂ ਰੂਪੋਸ਼ ਰਹਿਣ ਕਾਰਨ ਜਾਣੇ-ਅਣਜਾਣੇ ਹੋ ਜਾਂਦੀਆਂ ਭੁੱਲਾਂ-ਚੁੱਕਾਂ ਨੂੰ ਧਿਆਨ ਵਿੱਚ ਰੱਖਦਿਆਂ, ਦੁਬਾਰਾ ਪਾਹੁਲ ਲਿਆ ਸੀ। ਇੱਥੇ ਇਤਿਹਾਸ ਦਾ ਇੱਕ ਹੋਰ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਇੱਕ ਪਾਸੇ ਲਾਜਪਤ ਰਾਏ ਦੁਸ਼ਟ ਨਰੈਣੂ ਮਹੰਤ ਦੇ ਹੱਕ 'ਚ ਵਕੀਲ ਵਜੋਂ ਕੇਸ ਲੜ ਰਿਹਾ ਸੀ, ਦੂਜੇ ਪਾਸੇ ਭਾਈ ਕਰਮ ਸਿੰਘ ਬਬਰ ਅਕਾਲੀ ਸਾਥੀਆਂ ਸਮੇਤ ਨਰੈਣੂ ਵਰਗੇ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਦੀ ਲੜਾਈ ਲੜ ਰਹੇ ਸੀ। ਆਪ ਚਾਬੀਆਂ ਦੇ ਮੋਰਚੇ ਤੋਂ ਲੈ ਕੇ ਵੱਖ- ਵੱਖ ਅਕਾਲੀ ਮੋਰਚਿਆਂ ਵਿੱਚ ਸ਼ਾਮਿਲ ਹੋਏ। ਜਦੋਂ ਭਾਈ ਕਰਮ ਸਿੰਘ ਦੌਲਤਪੁਰ, ਭਾਈ ਕਰਮ ਸਿੰਘ ਝਿੰਗੜ ਅਤੇ ਹੋਰਨਾਂ ਯੋਧਿਆਂ ਨੇ ਮਹਿਸੂਸ ਕੀਤਾ ਕਿ ਨਿਰੇ ਸ਼ਾਂਤਮਈ 'ਗਾਂਧੀਵਾਦੀ' ਤਰੀਕਿਆਂ ਦੀ ਥਾਂ, ਹਥਿਆਰਬੰਦ ਸੰਘਰਸ਼ ਹੀ ਜ਼ਾਲਮ ਫਿਰੰਗੀਆਂ ਨੂੰ ਭਾਂਜ ਦੇ ਸਕਦਾ ਹੈ, ਤਾਂ ਆਪ ਨੇ 'ਖੰਡਾ ਖੜਕਾਉਣ' ਦਾ ਫੈਸਲਾ ਕੀਤਾ। ਇਸ ਦੇ ਪ੍ਰਤੀਕਰਮ ਵਜੋਂ ਭਾਈ ਕਰਮ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਖਿਲਾਫ਼ ਅੰਗਰੇਜ਼ ਸਰਕਾਰ ਨੇ ਵਰੰਟ ਜਾਰੀ ਕਰਦਿਆਂ, ਇਨ੍ਹਾਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਉਸ ਸਮੇਂ ਹਜ਼ਾਰ ਤੋਂ 2000 ਰੁਪਏ ਤੱਕ ਦੇ ਇਨਾਮ ਰੱਖੇ ਤੇ ਬਬਰ ਅਕਾਲੀਆਂ ਦੇ ਸਿਰਾਂ ਦੇ ਮੁੱਲ ਪਾਏ।

**ਪੰਜਾਬ ਵਿੱਚ 'ਸਿੱਖ ਰਾਜ' ਅਤੇ ਭਾਰਤ ਵਿੱਚ 'ਸਵਰਾਜ' ਦੀ ਕਾਇਮੀ ਲਈ ਸੰਘਰਸ਼ :** ਸ਼ਹੀਦ ਭਾਈ ਕਰਮ ਸਿੰਘ ਬੱਬਰ ਸਮੇਤ ਸਮੂਹ ਬਬਰ ਅਕਾਲੀਆਂ ਦੀ ਸੋਚ ਬਾਰੇ 'ਬੱਬਰ ਅਕਾਲੀ ਟਰਾਇਲ ਕੇਸ' 1924 ਪੰਨਾ 8 ਉਪਰ ਲਿਖਿਆ ਮਿਲਦਾ ਹੈ ਕਿ 1921 ਦੇ ਆਖ਼ਰੀ ਹਿੱਸੇ ਵਿੱਚ ਬਬਰ ਅਕਾਲੀਆਂ ਨੇ ਦੁਆਬੇ ਵਿੱਚ, ਅੰਗਰੇਜ਼ ਸਰਕਾਰ ਵਿਰੁੱਧ ਭੜਕਾਊ ਤਕਰੀਰਾਂ ਨਾਲ ਜਨਤਾ ਨੂੰ ਬਾਗੀ ਬਣਾ ਦਿੱਤਾ ਅਤੇ ਅੰਗਰੇਜ਼ ਸਰਕਾਰ ਨੂੰ ਭਾਰਤ ਵਿੱਚੋਂ ਕੱਢ ਕੇ, ਪੰਜਾਬ ਵਿੱਚ ਸਿੱਖ ਰਾਜ ਅਤੇ ਭਾਰਤ ਵਿੱਚ ਸਵਰਾਜ ਕਾਇਮ ਹੋਣ ਦਾ ਐਲਾਨ ਕੀਤਾ। (ਕਿਤਾਬ 'ਬੱਬਰ ਅਕਾਲੀਆਂ ਦਾ ਇਤਿਹਾਸ', ਡਾ. ਬਖ਼ਸ਼ੀਸ਼ ਸਿੰਘ ਨਿੱਝਰ ਪੰਨਾ 14) 23 ਮਾਰਚ 1921 ਤੋਂ ਲੈ ਕੇ 21 ਮਈ 19 ਤੱਕ ਹੁਸ਼ਿਆਰਪੁਰ ਅਤੇ ਹੋਰਨਾ ਵੱਖ ਵੱਖ ਥਾਵਾਂ 'ਤੇ ਹੋਈਆਂ ਸਿੱਖ ਵਿਦਿਅਕ ਕਾਨਫਰੰਸਾਂ ਦੌਰਾਨ ਬਬਰ ਅਕਾਲੀ ਸਿੱਖ ਗੱਭਰੂਆਂ ਵੱਲੋਂ-ਵੱਖਰੇ ਤੌਰ 'ਤੇ ਮਤੇ ਪਾਸ ਕੀਤੇ ਗਏ। 'ਬੱਬਰ ਅਕਾਲੀਆਂ ਦਾ ਇਤਿਹਾਸ' ਕਿਤਾਬ ਦੇ ਪੰਨਾ 31 ਅਨੁਸਾਰ, 'ਪਹਿਲਾ ਬੱਬਰ ਅਕਾਲੀ ਵਿਦਰੋਹ ਕੇਸ', "ਭਾਰਤ ਦੀ ਆਜ਼ਾਦੀ ਦੀ ਸਿੱਖਾਂ ਵੱਲੋਂ ਜੰਗ ਦਾ ਮੁਕਦਮਾ, 'ਫਸਟ ਅਕਾਲੀ ਕਾਂਸਪਰੇਸੀ 1921' ਦੇ ਸਰਲੇਖ ਹੇਠ, ਮਿਸਟਰ ਪੀ ਜੇ ਰਸਟ ਨੇ ਸੁਣਿਆ ਸੀ, ਜੋ ਲਾਹੌਰ ਵਿਖੇ ਸਪੈਸ਼ਲ ਮੈਜਿਸਟਰੇਟ ਸੀ। ਇਸ ਸਿੱਖ ਵਿਦਿਅਕ ਇਕੱਤਰਤਾ ਵਿੱਚ ਸਾਰੇ ਭਾਰਤ ਦੇ ਸਿੱਖ ਲੀਡਰਾਂ ਨੇ ਹਿੱਸਾ ਲਿਆ ਸੀ, ਪਰ ਕੁਝ ਸਿੱਖ ਗਭਰੂਆਂ ਨੇ ਇੱਕ ਵੱਖਰੀ ਇਕੱਤਰਤਾ ਕੀਤੀ ਸੀ, ਜਿਸ ਵਿੱਚ ਇਹ ਮਤਾ ਇਹ ਪਾਸ ਕੀਤਾ ਗਿਆ ਸੀ ਸਿੱਖਾਂ ਦੀ ਵੱਖਰੇ ਪੋਲੀਟੀਕਲ ਸਟੇਟਸ ਲਈ ਜਦੋ-ਜਹਿਦ ਕੀਤੀ ਜਾਵੇ।" ਦੇਸ ਪੰਜਾਬ ਨੂੰ ਅੰਗਰੇਜ਼ਾਂ ਵੱਲੋਂ ਗੁਲਾਮ ਬਣਾਏ ਜਾਣ ਦੇ ਸੰਬੰਧ ਵਿੱਚ ਸ਼ਹੀਦ ਭਾਈ ਕਰਮ ਸਿੰਘ ਦੌਲਤਪੁਰ ਅਤੇ ਸਮੂਹ ਬੱਬਰ ਅਕਾਲੀਆਂ ਦੇ ਸ਼ਬਦਾਂ ਨੂੰ 'ਬੱਬਰ ਅਕਾਲੀ' ਕਿਤਾਬ ਵਿੱਚ ਲੇਖਕ ਪ੍ਰਿੰਸੀਪਲ ਨਿਹਾਲ ਸਿੰਘ ਸੀ, ਨੇ ਪੰਨਾ 38 'ਤੇ ਬਿਆਨ ਕਰਦਿਆਂ ਲਿਖਿਆ ਹੈ, "ਖਾਲਸਾ ਜੀ! ਇਹ ਸਰਕਾਰ ਅੰਗਰੇਜ਼ੀ, ਜਿਸ ਨੇ ਮਹਾਰਾਜਾ ਦਲੀਪ ਸਿੰਘ ਨਾਲ ਧੋਖਾ ਕਰਕੇ ਪੰਜਾਬ ਦਾ ਰਾਜ ਸੰਭਾਲ ਲਿਆ ਹੈ।" 'ਬੱਬਰ ਅਕਾਲੀ ਟਰਾਇਲ' ਦੌਰਾਨ ਅਦਾਲਤੀ ਬਿਆਨਾਂ ਵਿੱਚ ਇਹ ਦਰਜ ਮਿਲਦਾ ਹੈ ਕਿ ਸਿੱਖਾਂ ਵਿੱਚ ਵਿਸ਼ਵਾਸ ਪੱਕਾ ਹੋ ਗਿਆ ਹੈ ਕਿ ਸਿੱਖ ਰਾਜ, ਜੋ 70 ਵਰ੍ਹੇ ਪਹਿਲਾਂ ਅੰਗਰੇਜ਼ਾਂ ਨੇ ਖੋਹ ਲਿਆ ਸੀ ਉਹ ਮੁੜ ਕਾਇਮ ਹੋ ਰਿਹਾ ਹੈ। ਇਸ ਲਹਿਰ ਦੇ ਵੱਡੇ ਅੱਡੇ ਪਰਾਗਪੁਰ, ਕੋਟ ਫਤੂਹੀ, ਜੱਸੋਵਾਲ, ਡੱਮੇਲੀ, ਪੰਡੋਰੀ ਨਿੱਜਰਾਂ ਵਿੱਚ ਕਾਇਮ ਹੋ ਗਏ ਹਨ ਅਤੇ ਬਬਰ ਅਕਾਲੀਆਂ ਨੇ 'ਆਪਣੀ ਹਾਈਕੋਰਟ' ਵੀ ਕਾਇਮ ਕਰ ਲਈ, ਜਿੱਥੇ ਬੜੇ ਵੱਡੇ ਕੰਮਾਂ ਦੇ ਫੈਸਲੇ ਬੱਬਰ ਅਕਾਲੀਆਂ ਦੀ ਕੌਂਸਲ ਵਿੱਚ ਲਏ ਜਾਂਦੇ। ਇਹ ਆਜ਼ਾਦੀ ਦੀ ਲਹਿਰ ਸੰਨ 1920 ਜਾਂ 21 ਈਸਵੀ ਦੀ ਅੰਤ ਵਿੱਚ ਹੋਂਦ ਵਿੱਚ ਆਈ ਸੀ, ਜੋ ਅੰਗਰੇਜ਼ ਸਰਕਾਰ ਦੇ ਸਿੱਖਾਂ ਵਿਰੁੱਧ ਕੀਤੇ ਗਏ ਅੱਤਿਆਚਾਰਾਂ ਦਾ ਬਦਲਾ ਲੈਣ ਦੀ ਭਾਵਨਾ ਨਾਲ ਹੋਂਦ ਵਿੱਚ ਆਈ ਸੀ। ਖਾਲਿਸਤਾਨ ਬਣਨ ਬਣਾਉਣ ਦਾ ਇਹ ਸਭ ਤੋਂ ਪਹਿਲਾਂ ਸਿੱਖ ਗੱਭਰੂਆਂ ਦਾ ਖਿਆਲ ਸੀ।" (ਬੱਬਰ ਅਕਾਲੀਆਂ ਦਾ ਇਤਿਹਾਸ', ਡਾ. ਬਖ਼ਸ਼ੀਸ਼ ਸਿੰਘ ਨਿੱਝਰ, ਪੰਨਾ 16-17)

**'ਬੱਬਰ ਅਕਾਲੀ ਦੁਆਬਾ' ਅਖ਼ਬਾਰ ਕੱਢਣ ਦਾ ਫੈਸਲਾ :** ਭਾਈ ਕਰਮ ਸਿੰਘ ਜਿਥੇ ਮਹਾਨ ਸੂਰਬੀਰ ਸਨ, ਉਥੇ ਸੱਚ 'ਤੇ ਡੱਟਣ ਵਾਲੇ ਨਿਧੜਕ ਪੱਤਰਕਾਰ ਵੀ ਸਨ। ਇਤਿਹਾਸਕ ਵੇਰਵਿਆਂ ਅਨੁਸਾਰ ਮਈ, 1922 ਨੂੰ ਬਲਾਚੌਰ ਦੇ ਨਜ਼ਦੀਕ ਪਿੰਡ ਕੌਲਗੜ੍ਹ ਵਿਚ ਮੀਟਿੰਗ ਕੀਤੀ ਗਈ, ਜਿਸ ਵਿਚ ਕਰਮ ਸਿੰਘ ਦੌਲਤਪੁਰ, ਆਸਾ ਸਿੰਘ ਭੁਕੜੂਦੀ, ਉਦੇ ਸਿੰਘ ਰਾਮਗੜ੍ਹ, ਜਥੇਦਾਰ ਦਲੀਪ ਸਿੰਘ ਸਾਦੜਾਂ, ਹਰਨਾਮ ਸਿੰਘ ਗੜ੍ਹੀ ਕਾਨੂੰਗੋਆਂ ਤੇ ਉਦੇ ਸਿੰਘ ਦੌਲਤਪੁਰ ਜੁਝਾਰੂ ਇਕੱਠੇ ਹੋਏ। ਉਨ੍ਹਾਂ ਫ਼ੈਸਲਾ ਕੀਤਾ ਕਿ ਹੁਣ ਸਮਾਂ ਆ ਗਿਆ ਹੈ ਕਿ 'ਅਖ਼ਬਾਰ' ਦੀ ਵਰਤੋਂ ਕਰਕੇ ਆਜ਼ਾਦੀ ਦਾ ਵਿਰੋਧ ਕਰਨ ਵਾਲਿਆਂ ਨੂੰ ਨੱਥ ਪਾਈ ਜਾਵੇ। ਇਸ ਮੌਕੇ 'ਤੇ ਭਾਈ ਸਾਹਿਬ ਨੇ ਪ੍ਰੇਰਿਆ ਕਿ 'ਗਦਰ ਦੀ ਗੂੰਜ' ਅੱਜ ਤੱਕ ਲੋਕਾਂ ਦੇ ਦਿਲਾਂ ਵਿਚ ਵਸੀ ਹੋਈ ਹੈ, ਜਿਸ ਤੋਂ ਸੇਧ ਲੈ ਕੇ ਅਖ਼ਬਾਰ ਕੱਢਣਾ ਚਾਹੀਦਾ ਹੈ। ਭਾਈ ਕਰਮ ਸਿੰਘ ਦੌਲਤਪੁਰ ਨੇ ਦ੍ਰਿੜ ਨਿਸ਼ਚਾ ਕਰ ਲਿਆ ਕਿ ਉਨ੍ਹਾਂ ਦਾ ਕੈਨੇਡਾ ਵਾਲਾ ਤਜਰਬਾ ਇਸ ਗੱਲ ਦਾ ਗਵਾਹ ਹੈ ਕਿ 'ਗਦਰ' ਅਖ਼ਬਾਰ ਨੇ ਉਹ ਕੰਮ ਕੀਤਾ, ਜਿਹੜਾ ਭਾਸ਼ਣਾਂ ਤੋਂ ਕਿਤੇ ਵੱਧ ਅਸਰਦਾਰ ਹੋਇਆ ਸੀ। ਅਖ਼ਬਾਰ ਲਈ ਲੋੜੀਂਦਾ ਧਨ ਜਗੀਰਦਾਰਾਂ, ਨੰਬਰਦਾਰਾਂ ਤੇ ਸ਼ਾਹੂਕਾਰਾਂ ਕੋਲੋਂ ਹੀ ਕਿਉਂ ਨਾ ਖੋਹਣਾ ਪਵੇ, ਪਰ ਅਖ਼ਬਾਰ ਜ਼ਰੂਰ ਕੱਢਣਾ ਚਾਹੀਦਾ ਹੈ। ਆਖ਼ਰ ਇਸ ਫ਼ੈਸਲੇ ਨੂੰ ਅੰਜਾਮ ਦਿੰਦਿਆਂ 3 ਜੁਲਾਈ, 1922 ਬੱਬਰ ਅਕਾਲੀਆਂ ਨੇ ਸਰਕਾਰੀ ਖ਼ਜ਼ਾਨੇ ਵਿੱਚੋਂ 575 ਰੁਪਏ ਦੀ ਰਕਮ ਖੋਹੀ, ਜਿਸ ਨਾਲ ਇੱਕ ਸਾਈਕਲੋ-ਸਟਾਈਲ ਮਸ਼ੀਨ ਅਤੇ ਹਥਿਆਰ ਖ਼ਰੀਦੇ। ਇਸ 'ਚੋਂ ਸੌ ਰੁਪਏ ਨਾਲ ਲਾਹੌਰ ਤੋਂ ਪ੍ਰੈਸ ਮਸ਼ੀਨ ਖਰੀਦੀ ਗਈ ਤੇ ਬਾਕੀ ਰਾਸ਼ੀ ਨਾਲ ਜਥੇਬੰਦੀ ਦੀ ਸਰਗਰਮੀ ਆਦਿ ਦੇ ਹੋਰਨਾਂ ਕੰਮਾਂ ਤੋਂ ਇਲਾਵਾ ਪਰਚੇ ਛਾਪਣ ਅਤੇ ਹਥਿਆਰ ਖਰੀਦਣ ਦਾ ਪ੍ਰਬੰਧ ਕੀਤਾ ਗਿਆ। 'ਬੱਬਰ ਅਕਾਲੀ ਲਹਿਰ ਦਾ ਇਤਿਹਾਸ' ਕਿਤਾਬ ਵਿੱਚ ਮਿਲਖਾ ਸਿੰਘ ਨਿੱਝਰ ਪੰਨਾ 135 'ਤੇ ਲਿਖਦੇ ਹਨ ਕਿ ਇਸ ਕਾਰਜ ਵਿੱਚ ਵਕੀਲ ਰਾਮ ਸਿੰਘ

ਧਾਰੋਵਾਲ ਤੋਂ ਇਲਾਵਾ ਮਹਾਨ ਲੇਖਕ ਐਸ. ਐਸ. ਚਰਨ ਸਿੰਘ ਸ਼ਹੀਦ ('ਜਥੇਦਾਰ' ਅਖਬਾਰ) ਅਤੇ ਕੈਨੇਡਾ ਤੋਂ ਗਏ ਬਸੰਤ ਸਿੰਘ ਦਾ ਭਰਪੂਰ ਸਹਿਯੋਗ ਰਿਹਾ।

**'ਗੁਰੂ ਗ੍ਰੰਥ ਸਾਹਿਬ' ਦੀ ਆਗਿਆ ਨਾਲ ਅਖਬਾਰ ਦਾ ਨਾਮਕਰਨ:** ਐਡੀਟਰ ਕਰਮ ਸਿੰਘ ਦੇ ਨਾਂ ਥੱਲੇ 'ਸਫ਼ਰੀ ਪ੍ਰੈਸ' ਨਾਂ ਰੱਖ ਕੇ ਪਹਿਲਾ ਪਰਚਾ ਛਾਪਿਆ ਜਾਂਦਾ ਸੀ। ਇਸ ਦੌਰਾਨ ਭਾਈ ਕਰਮ ਸਿੰਘ ਦੌਲਤਪੁਰ ਵੱਲੋਂ ਹੋਰਨਾਂ ਜੁਝਾਰੂਆਂ ਨਾਲ ਮਿਲ ਕੇ 22 ਅਗਸਤ, 1922 ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਇਕੱਤਰਤਾ ਕੀਤੀ ਗਈ। ਇਸ ਦੌਰਾਨ ਪਰਚੇ ਦਾ ਨਾਂ 'ਬੱਬਰ ਅਕਾਲੀ ਦੁਆਬਾ' ਰੱਖਿਆ ਗਿਆ। 'ਬੱਬਰ ਅਕਾਲੀ' ਅਖਬਾਰ ਦੇ ਮੁੱਢ ਵਿੱਚ 'ਸ੍ਰੀ ਅਕਾਲ ਜੀ ਸਹਾਇ॥' ਅਤੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਭਗਤ ਕਬੀਰ ਜੀ ਦਾ ਸਲੋਕ ਲਿਖਿਆ ਜਾਂਦਾ;

**'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ ॥'**

ਕੁਝ ਇਤਿਹਾਸਕਾਰ ਬੱਬਰ ਅਕਾਲੀ ਅਖ਼ਬਾਰ ਕੱਢਣ ਦੀ ਮਿਤੀ 20 ਜਾਂ 21 ਅਗਸਤ 1922 ਵੀ ਲਿਖਦੇ ਹਨ। 'ਬੱਬਰ ਅਕਾਲੀ' ਅਖ਼ਬਾਰ ਨਿਰੋਲ ਜੁਝਾਰੂ ਅਕਾਲੀਆਂ ਦਾ ਸੀ, ਜਿਸ ਵਿਚ ਜੋਸ਼ੀਲੇ ਲੇਖ, ਕਵਿਤਾਵਾਂ ਤੇ ਸਿੱਖ ਇਤਿਹਾਸ ਦੇ ਗੌਰਵਮਈ ਵਿਰਸੇ ਨਾਲ ਸੰਬੰਧਤ ਲਿਖਤਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ। ਇਸੇ ਅਖ਼ਬਾਰ ਦੇ ਨਾਂ ਸਦਕਾ ਭਾਈ ਕਰਮ ਸਿੰਘ ਦੌਲਤਪੁਰ ਦੇ ਨਾਂ ਨਾਲ 'ਬੱਬਰ ਅਕਾਲੀ' ਸ਼ਬਦ ਜੁੜ ਗਿਆ।

**'ਬੱਬਰ ਅਕਾਲੀ' ਜਥੇਬੰਦੀ ਕਾਇਮ ਕਰਨ ਵਿੱਚ ਭਾਈ ਕਰਮ ਸਿੰਘ ਦੀ ਭੂਮਿਕਾ :** ਸਮੂਹ ਜੁਝਾਰੂਆਂ ਨੂੰ ਇੱਕ ਮੰਚ 'ਤੇ ਇਕੱਠਾ ਕਰਕੇ ਸ਼ਹੀਦਾਂ ਦੀ ਮਹਾਨ ਜਥੇਬੰਦੀ ਨੂੰ 'ਬੱਬਰ ਅਕਾਲੀ' ਜਥੇ ਦਾ ਨਾਂ ਦੇਣ ਦਾ ਸਿਹਰਾ ਸ਼ਹੀਦ ਭਾਈ ਕਰਮ ਸਿੰਘ 'ਬੱਬਰ ਅਕਾਲੀ' ਦੇ ਸਿਰ ਬੱਝਦਾ ਹੈ। ਬੱਬਰ ਅਕਾਲੀ ਲਹਿਰ ਦੇ ਇਤਿਹਾਸ ਦਾ ਜ਼ਿਕਰਯੋਗ ਪੱਖ ਹੈ ਕਿ 'ਚੱਕਰਵਰਤੀ ਜਥੇ' ਦੇ ਆਗੂ ਭਾਈ ਕਿਸ਼ਨ ਸਿੰਘ ਗੜਗੱਜ ਜਦੋਂ ਅਖ਼ਬਾਰ ਦੇ ਪ੍ਰਭਾਵ ਤੋਂ ਜਾਣੂ ਹੋਏ, ਤਾਂ ਉਹ ਐਡੀਟਰ ਕਰਮ ਸਿੰਘ ਨਾਲ ਵਿਚਾਰ ਵਟਾਂਦਰੇ ਲਈ ਅਗਸਤ 1922 ਦੇ ਤੀਜੇ ਹਫ਼ਤੇ ਮਿਲੇ। ਉਸ ਸਮੇਂ ਤੱਕ ਬੱਬਰ ਅਕਾਲੀ ਦੋਆਬਾ ਦੇ ਦੋ ਅੰਕ ਪ੍ਰਕਾਸ਼ਤ ਹੋ ਚੁੱਕੇ ਸਨ, ਜਿਨ੍ਹਾਂ ਦੀ ਇਲਾਕੇ ਚ ਭਰਪੂਰ ਚਰਚਾ ਹੋ ਰਹੀ ਸੀ। ਇਕ ਇਤਿਹਾਸਕ ਹਵਾਲੇ ਅਨੁਸਾਰ ਭਾਈ ਕਿਸ਼ਨ ਸਿੰਘ ਗੜਗੱਜ ਅਤੇ ਭਾਈ ਕਰਮ ਸਿੰਘ ਬੱਬਰ ਦੇ ਜਥਿਆਂ ਵਿਚ ਮੁਲਾਕਾਤ, ਕੈਨੇਡਾ ਤੋਂ ਹੀ ਗਏ ਭਾਈ ਕਰਮ ਸਿੰਘ ਝਿੰਗੜ ਦੇ ਉਪਰਾਲੇ ਨਾਲ, ਬਬਰ ਆਸਾ ਸਿੰਘ ਦੇ ਪਿੰਡ ਭੁਕੜੂਦੀ ਵਿੱਚ ਹੋਈ, ਜਿੱਥੇ ਭਾਈ ਕਿਸ਼ਨ ਸਿੰਘ ਗੜਗੱਜ ਨੇ ਬਬਰ ਅਕਾਲੀ ਦੋਆਬਾ ਅਖ਼ਬਾਰ ਕੱਢਣ ਲਈ ਭਾਈ ਕਰਮ ਸਿੰਘ ਦੌਲਤਪੁਰ ਦੀ ਭਰਪੂਰ ਸ਼ਲਾਘਾ ਕੀਤੀ। (ਹਵਾਲਾ : ਬੱਬਰ ਅਕਾਲੀ ਲਹਿਰ ਦਾ ਇਤਿਹਾਸ, ਲੇਖਕ ਮਿਲਖਾ ਸਿੰਘ ਨਿੱਝਰ, ਪੰਨਾ 127) ਇਕ ਹੋਰ ਇਤਿਹਾਸਕ ਹਵਾਲੇ ਅਨੁਸਾਰ ਦੋਹਾਂ ਜਥਿਆਂ ਵਿਚਕਾਰ ਮਿਲਣੀ ਸੰਤ ਠਾਕਰ ਸਿੰਘ ਗੁੱਜਰਵਾਲ ਦੀ ਕੁਟੀਆ ਵਿਚ 21 ਅਗਸਤ 1922 ਨੂੰ ਹੋਈ। (ਕਿਤਾਬ : ਬੱਬਰ ਅਕਾਲੀ, ਲੇਖਕ ਪ੍ਰਿੰਸੀਪਲ ਨਿਹਾਲ ਸਿੰਘ ਰਸ, ਪੰਨਾ 55) ਨਿਚੋੜ ਇਹ ਹੈ ਕਿ ਜਥੇਦਾਰ ਕਰਮ ਸਿੰਘ ਬੱਬਰ ਅਤੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਦੇ ਦੋਵੇਂ ਜਥੇ ਇਕ ਮੰਚ ਤੇ ਇਕੱਠੇ ਹੋਏ ਤੇ ਸਾਂਝਾ ਜਥੇਬੰਦਕ ਢਾਂਚਾ ਕਾਇਮ ਹੋਇਆ।

ਇਸ ਮੌਕੇ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਅਤੇ ਸਾਰੇ ਜੁਝਾਰੂਆਂ ਨੇ ਅਰਦਾਸ ਕਰ ਕੇ ਅਹਿਮ ਫ਼ੈਸਲੇ ਲਏ ਅਤੇ ਮਿਲ ਕੇ ਸਾਂਝਾ ਜਥਾ ਬਣਾ ਕੇ ਇਕਮੁੱਠ ਹੁੰਦਿਆਂ, ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ। ਪਹਿਲਾ ਫੈਸਲਾ ਜਥੇਬੰਦੀ ਦੇ ਨਾਂ ਦਾ ਸੀ, ਜਿਸ ਮੁਤਾਬਕ 'ਬੱਬਰ ਅਕਾਲੀ' ਅਖ਼ਬਾਰ ਦਾ ਪ੍ਰਭਾਵਸ਼ਾਲੀ ਨਾਂ ਮੁੱਖ ਰਖਦਿਆਂ, ਨਵੀਂ ਜਥੇਬੰਦੀ ਦਾ ਨਾਂ 'ਬੱਬਰ ਅਕਾਲੀ ਜਥਾ' ਐਲਾਨਿਆ ਗਿਆ। ਇਹ ਬਿਲਕੁਲ ਉਸੇ ਤਰ੍ਹਾਂ ਸੀ, ਜਿਵੇਂ 'ਗ਼ਦਰ' ਅਖ਼ਬਾਰ ਨੂੰ ਮੁੱਖ ਰੱਖ ਕੇ ਲਹਿਰ ਦਾ ਨਾਂ 'ਗ਼ਦਰ ਲਹਿਰ' ਮਕਬੂਲ ਹੋਇਆ ਸੀ। ਸਰਬਸੰਮਤੀ ਨਾਲ ਇਹ ਵੀ ਫੈਸਲਾ ਹੋਇਆ ਭਾਈ ਕਰਮ ਸਿੰਘ ਜਥੇ ਵਿੱਚ 'ਬੱਬਰ ਅਕਾਲੀ' ਕਰਕੇ ਜਾਣੇ ਜਾਣਗੇ ਤੇ ਬਾਕੀ ਸਾਰੇ 'ਬੱਬਰ ਅਕਾਲੀ ਜਥੇ' ਦੇ ਮੈਂਬਰ ਹੋਣਗੇ। ਜਥੇਬੰਦੀ ਨੇ ਇਹ ਵੀ ਫ਼ੈਸਲਾ ਲਿਆ ਕਿ ਅਖ਼ਬਾਰ 'ਤੇ ਸੰਪਾਦਕ ਦਾ ਨਾਂ ਕਰਮ ਸਿੰਘ ਬਬਰ ਹੀ ਰਹੇਗਾ ਤੇ ਇਸ ਵਿਚਲੇ ਲੇਖ ਭਾਈ ਕਿਸ਼ਨ ਸਿੰਘ ਬਬਰ ਵੱਲੋਂ ਸੰਪਾਦਤ ਕੀਤੇ ਜਾਣਗੇ। ਬੱਬਰ ਅਕਾਲੀ ਜਥੇ ਦੀ ਵਰਕਿੰਗ ਕਮੇਟੀ ਦਾ ਪ੍ਰਧਾਨ ਭਾਈ ਕਿਸ਼ਨ ਸਿੰਘ ਬੱਬਰ (ਗੜਗੱਜ) ਨੂੰ ਚੁਣਿਆ ਗਿਆ, ਜਦਕਿ ਮਾਸਟਰ ਦਲੀਪ ਸਿੰਘ ਗੋਸਲ ਇਸ ਦੇ ਸਕੱਤਰ ਅਤੇ ਕੈਨੇਡਾ ਤੋਂ ਗਏ ਬੱਬਰ ਕਰਮ ਸਿੰਘ ਝਿੰਗੜ ਖ਼ਜ਼ਾਨਚੀ ਬਣੇ। ਬੱਬਰ ਅਕਾਲੀ ਜਥੇ ਦੀ ਵਰਕਿੰਗ ਕਮੇਟੀ ਦੇ ਹੋਰਨਾਂ ਮੈਂਬਰਾਂ ਵਿੱਚ 'ਚੀਫ ਐਡੀਟਰ' ਭਾਈ ਕਰਮ ਸਿੰਘ ਬੱਬਰ, ਬਾਬੂ ਸੰਤਾ ਸਿੰਘ ਅਤੇ ਭਾਈ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਚੁਣੇ ਗਏ।

**'ਬੱਬਰ ਅਕਾਲੀ' ਜਥੇਬੰਦੀ ਦੀ ਮਰਿਆਦਾ ਅਤੇ ਨਿਯਮ :** ਬਬਰ ਅਕਾਲੀ ਸ਼ਹੀਦ ਭਾਈ ਕਰਮ ਸਿੰਘ ਦੌਲਤਪੁਰ ਦੀ ਜੀਵਨ ਅਤੇ ਸ਼ਖਸੀਅਤ ਬਾਰੇ ਜਾਣਨ ਸਮੇਂ ਉਹਨਾਂ ਦੀ ਜਥੇਬੰਦੀ ਦੀ ਮਰਿਆਦਾ ਤੇ ਨਿਯਮ ਗੌਰ ਕਰਨ ਯੋਗ ਹਨ। ਬਬਰ ਅਕਾਲੀ ਜਥੇ ਵਿੱਚ ਵਿਸ਼ੇਸ਼ ਮਰਿਯਾਦਾ ਤੇ ਨਿਯਮ ਬਣਾਏ ਗਏ ਸਨ, ਜਿਹਨਾਂ ਦੀ ਪਾਲਣਾ ਹਰ ਬਬਰ ਅਕਾਲੀ ਲਈ ਲਾਜ਼ਮੀ ਸੀ। 'ਬੱਬਰ ਅਕਾਲੀਆਂ ਦਾ ਇਤਿਹਾਸ' (ਲੇਖਕ ਡਾਕਟਰ ਬਖਸ਼ੀਸ਼ ਸਿੰਘ ਨਿੱਝਰ) ਪੰਨਾ 2 ਅਨੁਸਾਰ 'ਹਰ ਬਬਰ ਅਕਾਲੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ, ਨਿਯਮ ਅਨੁਸਾਰ ਸਵੇਰੇ, ਸ਼ਾਮ ਪੜ੍ਹਨੀ ਜ਼ਰੂਰੀ ਹੈ। ਬੱਬਰ ਅਕਾਲੀ ਆਪਣੀ ਪਾਰਟੀ ਜਾਂ ਮੈਂਬਰ ਦਾ ਵਿਰੋਧ ਨਹੀਂ ਕਰੇਗਾ। ਵਾਰਦਾਤ ਵੇਲੇ ਕਿਸੇ ਇਸਤਰੀ ਦੀ ਇੱਜ਼ਤ ਨੂੰ ਹੱਥ ਨਹੀਂ ਪਾਵੇਗਾ। ਕਿਸੇ ਧਰਮ, ਜਾਤ-ਪਾਤ ਨਾਲ ਵਿਤਕਰਾ ਨਹੀਂ ਕਰੇਗਾ। ਹਮਲਾ ਕਰਨ ਸਮੇਂ ਕਿਸੇ ਵੀ ਵਾਰਦਤ ਵਾਲੀ ਥਾਂ ਤੋਂ ਕੋਈ ਸ਼ੈ ਚੋਰੀ ਨਹੀਂ ਕਰੇਗਾ, ਜਥੇਦਾਰ ਦੀ ਆਗਿਆ ਬਿਨਾ ਕੋਈ ਕਦਮ ਨਹੀਂ ਚੁੱਕੇਗਾ। ਜਥੇਬੰਦੀ ਨਾਲ ਗਦਾਰੀ ਨਹੀਂ ਕਰੇਗਾ ਅਤੇ ਕੋਈ ਭੇਦ ਬਾਹਰ ਨਹੀਂ ਕੱਢੇਗਾ।

ਬਾਣੀ ਤੇ ਬਾਣੇ ਦੀ ਧਾਰਨੀ ਬਬਰ ਅਕਾਲੀ ਯੋਧੇ ਸ਼ਹੀਦ ਭਾਈ ਕਰਮ ਸਿੰਘ ਦੌਲਤਪੁਰ ਸੁਰਮਈ ਰੰਗ ਦਾ ਦਸਤਾਰਾ ਸਜਾਉਂਦੇ ਸਨ। ਇਸ ਤੋਂ ਇਲਾਵਾ ਕਕਾਰ ਵਜੋਂ ਆਪ ਤਿੰਨ ਫੁਟੀ ਕਿਰਪਾਨ ਪਹਿਨਦੇ ਸਨ। ਬੱਬਰ ਅਕਾਲੀਆਂ ਦੇ ਲਿਬਾਸ ਬਾਰੇ ਕਿਤਾਬ 'ਬੱਬਰ ਅਕਾਲੀ ਲਹਿਰ ਅਤੇ ਇਸ ਦੇ ਆਗੂ' (ਲੇਖਕ ਗੁਰਬਚਨ ਸਿੰਘ) ਦੇ ਪੰਨਾ 15 ਉਪਰ ਅੰਕਿਤ ਹੈ ਕਿ ਬੱਬਰ ਅਕਾਲੀ ਜਥੇ ਦੇ ਮੈਂਬਰ ਸੱਤ ਬਾਣੀਆਂ ਦੇ ਨਿਤਨੇਮੀ ਤੇ ਪੰਜ-ਕਕਾਰਾਂ ਦੀ ਰਹਿਤ ਦੇ ਧਾਰਨੀ ਸਨ। ਉਹ ਆਦਮੀ ਨੂੰ ਜਥੇ ਦਾ ਮੈਂਬਰ ਬਿਲਕੁਲ ਨਹੀਂ ਸੀ ਬਣਾਇਆ ਜਾਂਦਾ, ਜੋ ਗੁਰਸਿੱਖੀ ਅਸੂਲਾਂ ਵਿੱਚ ਢਿੱਲੜ ਹੋਵੇ ਅਤੇ ਇਸ ਅਰਸੇ ਵਿੱਚ ਵੀ ਚੱਕਰਵਰਤੀ 'ਅਕਾਲੀ ਲਿਬਾਸ' ਰੱਖਦੇ ਸਨ ਅਤੇ 'ਸੁਰਮਈ ਦਸਤਾਰੇ' ਕਦੇ ਨਹੀਂ ਸਨ ਬਦਲਦੇ। ਇੱਥੇ ਜ਼ਿਕਰ ਯੋਗ ਹੈ ਕਿ ਪਹਿਲੀ ਵਾਰ ਨੌਂ ਇੰਚ ਤੋਂ ਲੰਮੀ ਕਿਰਪਾਨ ਰੱਖਣ 'ਤੇ ਕਾਨੂੰਨੀ ਪਾਬੰਦੀ ਅੰਗਰੇਜ਼ ਕਾਲ ਦੌਰਾਨ, ਬਬਰ ਅਕਾਲੀ ਜਥੇਬੰਦੀ ਦੇ ਮੈਂਬਰਾਂ ਕਾਰਨ ਲਗਾਈ ਗਈ ਸੀ। ('ਬੱਬਰ ਅਕਾਲੀ', ਲੇਖਕ ਪ੍ਰਿੰਸੀਪਲ ਨਿਹਾਲ ਸਿੰਘ ਰਸ, ਪੰਨਾ 17)

**ਸ਼ਹੀਦ ਕਰਮ ਸਿੰਘ ਬਬਰ ਅਕਾਲੀ ਦੀ ਜੁਝਾਰੂ ਕਵਿਤਾ:** ਜੁਝਾਰੂ ਕਵੀ ਜਥੇਦਾਰ ਕਰਮ ਸਿੰਘ ਬੱਬਰ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਈ ਫ਼ਲਸਫ਼ੇ ਤੋਂ ਸੇਧ ਲੈ ਕੇ ਗ਼ੁਲਾਮੀ ਖ਼ਿਲਾਫ਼ ਲੜਨ ਅਤੇ ਜ਼ਾਲਮਾਂ ਨੂੰ ਸੋਧਣ ਲਈ ਕਾਵਿ ਰਚਨਾਵਾਂ ਲਿਖਦੇ। ਅਜਿਹੀ ਮਹਾਨ ਸੋਚ ਕਾਰਨ ਹੀ ਉਹਨਾਂ ਦੇ 'ਬਬਰ ਅਕਾਲੀ' ਪਰਚੇ ਵਿੱਚ ਲੇਖ ਅਤੇ ਕਵਿਤਾਵਾਂ ਮੁਰਦਾ ਦਿਲਾਂ 'ਚ ਰੂਹ ਫੂਕ ਦਿੰਦੀਆਂ ਸਨ। 'ਬੱਬਰ ਕੱਢ ਵਰੰਟ ਤੂੰ ਜ਼ਾਲਮਾਂ ਦੇ, ਹੱਥੀਂ ਆਪਣੀ ਦਫ਼ਾ ਲਗਾ ਭਾਈ' ਅਤੇ 'ਕਰਮ ਸਿੰਘ ਹੁਣ ਬੱਬਰ ਦਾ ਰੂਪ ਧਾਰੋ, ਵੇਲਾ ਆ ਗਿਆ ਧੂਮ ਧੁਮਾਵਣੇ ਦਾ' ਵਰਗੇ ਅਨੇਕਾਂ ਕਾਵਿ-ਬੰਦ ਜੁਝਾਰੂ ਸੋਚ ਪ੍ਰਗਟਾਉਂਦੇ ਸਨ। ਹੋਰ ਮਿਸਾਲਾਂ ਹਨ;

**'ਸ਼ਾਂਤਮਈ ਨੇ ਕੁਝ ਸਵਾਰਿਆ ਨਾ,**
**ਕੰਮ ਸ਼ੁਰੂ ਕਰਦੇ ਦੂਜੇ ਦਾ ਭਾਈ।**
**ਤੁਖਮ ਛੋੜ ਨਹੀਂ ਹੁਣ ਜ਼ਾਲਮਾਂ ਦਾ,**
**ਜਿਨ੍ਹਾਂ ਦਿੱਤੇ ਹਨ ਲੋਕ ਸਤਾ ਭਾਈ।**
**'ਕਰਮ ਸਿੰਘ' ਕਰਤਾਰ ਦੀ ਓਟ ਲੈ ਕੇ,**
**ਹੁਣ ਜ਼ਾਲਮਾਂ ਵੰਡੀਆਂ ਪਾ ਭਾਈ।'**

ਆਪ ਦੀਆਂ ਕਵਿਤਾਵਾਂ ਦਾ ਲੋਕਾਂ 'ਤੇ ਡੂੰਘਾ ਅਸਰ ਪਿਆ ਅਤੇ ਥਾਂ-ਥਾਂ ਲੋਕ ਅੰਗਰੇਜ਼ਾਂ ਖਿਲਾਫ਼ ਲਾਮਬੰਦ ਹੋਣ ਲੱਗੇ। 'ਖੰਡਾ ਪਕੜੋ ਸ਼ੇਰੋ', 'ਬੂਟੇ ਦੇਸ਼ ਆਜ਼ਾਦੀ ਦੇ', 'ਝੋਲੀ ਚੁੱਕ ਨਹੀਂ ਛੱਡਣੇ ਅਤੇ 'ਅੱਖਾਂ ਖੋਲੋ' ਆਦਿਕ ਕੁਝ ਮਿਸਾਲਾਂ ਹਨ। ਜਿਵੇਂ ਕਿ ;

**"ਪਕੜੋ ਖੰਡਾ ਸ਼ੇਰੋ, ਆਖੇ ਬੱਬਰ ਪੁਕਾਰ।**
**ਖੰਡਾ ਪਕੜੋ, ਸਾਣ ਤੇ ਲਾਉ, ਤੇਜ਼ ਕਰੋ ਇਹਦੀ ਧਾਰ।**
**ਬਿਨਾਂ ਖੰਡਿਓਂ ਨਾ ਮਿਲੇ, ਆਜ਼ਾਦੀ ਆਖੇ ਬਬਰ ਵੰਗਾਰ।"**

**"ਪੰਥ ਖਾਲਸਾ ਅਰਜ਼ ਗੁਜ਼ਾਰਦਾ ਹਾਂ**
**ਕਿਉਂ ਨਹੀਂ ਸਮਝਦਾ ਇਹਨਾਂ ਦੀ ਚਾਲ ਜਲਦੀ।**
**ਸ਼ਾਂਤੀ ਨਾਲ ਨਹੀਂ ਪਾਜੀਆਂ ਬਾਜ਼ ਆਉਣਾ**
**ਕਰੀਏ ਤੇਜ਼ ਤਲਵਾਰ ਦੀ ਧਾਰ ਜਲਦੀ।"**

ਬੱਬਰ ਅਕਾਲੀ ਭਾਈ ਕਰਮ ਸਿੰਘ ਦੌਲਤਪੁਰ ਦੀਆਂ ਕਵਿਤਾਵਾਂ ਸਿੱਖੀ ਜਜ਼ਬਾ 'ਤੇ ਅਧਾਰਤ ਹੁੰਦੇ ਸਨ। ਆਪਣੇ ਭਾਸ਼ਣਾ ਵਿੱਚ 'ਜ਼ਫਰਨਾਮੇ' ਵਿੱਚੋਂ ਹਵਾਲੇ;

**"ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ ॥**
**ਹਲਾਲ ਅਸਤੋ ਬੁਰਦਨ ਬ ਸ਼ਮਸ਼ੀਰ ਦਸਤ ॥**
**ਇਸ ਦੇ ਨਾਲ ਹੀ ਹੋਰ ਮਿਸਾਲਾ ਜਿਵੇਂ ਕਿ;**
**"ਅਸ ਕਿਰਪਾਨ ਖੰਡੋ ਖੜਗ ਤੁਬਕ ਤਬਰ ਅਰ ਤੀਰ ॥**
**ਸੈਫ ਸਰੋਹੀ ਸੈਹਿਥੀ ਜੇਹੀ ਹਮਾਰੇ ਪੀਰ ॥"**

ਦੇ ਕੇ, ਲੋਕਾਂ ਨੂੰ ਸੰਘਰਸ਼ ਤੇ ਆਜ਼ਾਦੀ ਦੇ ਰਾਹ 'ਤੇ ਤੋਰਨ ਲਈ ਬਬਰ ਅਕਾਲੀਆਂ ਦੀਆਂ ਤਕਰੀਰਾਂ, ਜੋਸ਼ ਭਰਪੂਰ ਹੁੰਦੀਆਂ। (ਇਤਿਹਾਸਕ ਹਵਾਲਾ 'ਬੱਬਰ ਅਕਾਲੀ ਲਹਿਰ ਦਾ ਇਤਿਹਾਸ' ਲੇਖਕ ਮਿਲਖਾ ਸਿੰਘ ਬੱਬਰ, ਪੰਨਾ 47-49)

**ਬੱਬਰ ਅਕਾਲੀਆਂ ਦਾ ਲੋਕ ਪੱਖੀ ਰਾਜ ਪ੍ਰਬੰਧ:** ਬੱਬਰ ਅਕਾਲੀਆਂ ਵੱਲੋਂ ਐਲਾਨ ਕੀਤਾ ਗਿਆ ਉਹਨਾਂ ਦੇ ਹੁੰਦਿਆਂ ਕਿ ਕੋਈ ਵੀ ਠੇਕੇਦਾਰ ਸ਼ਰਾਬ ਤੇ ਸੜਕਾਂ ਦੁਆਲੇ ਲੱਗੇ ਅੰਬਾਂ ਦਾ ਤੇ ਜਾਮਣਾਂ ਦਾ ਠੇਕਾ ਨਹੀਂ ਲਵੇਗਾ। ਇਸ ਦਾ ਅਸਰ ਇਹ ਹੋਇਆ ਕਿ 1922-23 ਦੌਰਾਨ ਕਿਸੇ ਵੀ ਠੇਕੇਦਾਰ ਨੇ ਜਾਮਣਾਂ ਅਤੇ ਅੰਬਾਂ ਦਾ ਠੇਕਾ ਲੈਣ ਦੀ ਹਿੰਮਤ ਨਾ ਕੀਤੀ। ਭਾਈ ਕਰਮ ਸਿੰਘ ਬੱਬਰ ਅਕਾਲੀ ਨੇ ਦੌਲਤਪੁਰ ਵਿਖੇ ਨਾਨਕ ਸ਼ਾਹੀ ਇੱਟਾਂ ਨਾਲ ਖੂਹ ਪਟਵਾਇਆ ਅਤੇ ਲੋਕਾਂ ਨੂੰ ਸਾਫ ਸੁਥਰੇ ਪਾਣੀ ਦੀਆਂ ਸੇਵਾਵਾਂ ਦਿੱਤੀਆਂ। ਪਿੰਡ ਵਿੱਚ ਸਹਿਕਾਰੀ ਬੈਂਕ ਬਣਾ ਕੇ ਲੋਕ ਸੇਵਾਵਾਂ ਨੂੰ ਹੋਰ ਮਜ਼ਬੂਤ ਕੀਤਾ। ਅਗਾਂਹਵਧੂ ਸੋਚ ਅਨੁਸਾਰ ਪਿੰਡ ਵਿੱਚ ਇੰਜਣ ਲਾ ਕੇ ਆਟਾ ਪੀਹਣ ਵਾਲੀ ਚੱਕੀ ਸਥਾਪਿਤ ਕੀਤੀ। ਜੁਝਾਰੂ ਸੋਚ ਅਧੀਨ ਭੋਰੇ ਤੋਂ ਖੂਹ ਤੱਕ ਜਾਣ ਲਈ, ਦੋ ਸੁਰੰਗਾਂ ਅਤੇ ਹਥਿਆਰਬੰਦ ਸਮਾਨ ਦੀ ਤਿਆਰੀ ਦਾ ਪ੍ਰਬੰਧ ਕੀਤਾ। ਕਿਸਾਨੀ ਖੇਤਰ ਨੂੰ ਮਜ਼ਬੂਤ ਕਰਨ ਲਈ ਇਲਾਕੇ ਦੇ ਕਿਰਤੀਆਂ ਕਿਸਾਨਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ। ਇਨ੍ਹਾਂ ਬੱਬਰਾਂ ਦੀ ਲੋਕ ਪ੍ਰਿਅਤਾ ਦਾ ਅਸਰ ਘੱਟ ਕਰਨ ਲਈ ਅੰਗਰੇਜ਼ਪ੍ਰਸਤ ਜ਼ੈਲਦਾਰਾਂ, ਨੰਬਰਦਾਰਾਂ, ਸਫੈਦਪੋਸ਼ਾਂ ਤੇ ਜਗੀਰਦਾਰਾਂ ਨੇ ਬੱਬਰਾਂ ਦੀ ਕਿਰਦਾਰਕੁਸ਼ੀ ਦੀਆਂ ਸਾਜਿਸ਼ਾਂ ਰਚੀਆਂ। ਸਰਕਾਰੀ ਸ਼ੈਅ ਉੱਪਰ ਅਖੌਤੀ 'ਅਮਨ ਕਮੇਟੀਆਂ' ਬਣਾਉਣ, ਨਾਚ-ਗਾਉਣ ਅਤੇ ਭੋਗ-ਵਿਲਾਸ ਦਾ ਪ੍ਰਚਾਰ ਕਰਨ ਅਤੇ ਰਾਤਾਂ ਨੂੰ ਦਿਖਾਵੇ ਮਾਤਰ ਪਹਿਰਾ ਲਾਉਣ ਵਾਲੇ ਮਸ਼ਵਰਿਆਂ ਨਾਲ, ਬੱਬਰਾਂ ਖ਼ਿਲਾਫ਼ ਲੋਕਾਂ ਨੂੰ ਭੜਕਾਉਣ ਦੇ ਕਾਰੇ ਸ਼ੁਰੂ ਕਰ ਦਿੱਤੇ ਗਏ। ਇਸ ਤੋਂ ਮੰਦਭਾਗੀ ਗੱਲ ਕੀ ਹੋ ਸਕਦੀ ਹੈ 'ਲੋਕਾਂ ਦੇ ਹੱਕਾਂ ਲਈ ਲੜਨ ਵਾਲੇ' ਯੋਧਿਆਂ ਖਿਲਾਫ਼ ਹੀ ਲੋਕ ਲਾਮਬੰਦ ਹੋਣੇ ਸ਼ੁਰੂ ਹੋ ਗਏ। ਇਹ ਵਰਤਾਰੇ ਮੁਰਦਾ ਜ਼ਮੀਰ ਅਤੇ ਗ਼ੁਲਾਮ ਮਾਨਸਿਕਤਾ ਦੇ ਪ੍ਰਤੱਖ ਸਬੂਤ ਸਨ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਬਬਰ ਅਕਾਲੀਆਂ ਦੇ ਅਜਿਹੀਆਂ ਅਮਨ ਕਮੇਟੀਆਂ ਤੇ ਅਖੌਤੀ ਸੱਭਿਆਚਾਰਕ ਮੇਲਿਆਂ ਦੇ ਪਾਜ ਉਧੇੜੇ ਅਤੇ ਕਈ ਵਾਰ ਉਹਨਾਂ ਦੀਆਂ ਸਟੇਜਾਂ ਤੇ ਹੀ ਜਾ ਕੇ, ਲੋਕਾਂ ਨੂੰ ਲਾਮਬੱਧ ਕੀਤਾ ਅਤੇ ਹਲੂਣੇ ਦਿੱਤੇ।

**ਜਥੇਬੰਦੀ ਦੇ ਅਨੁਸ਼ਾਸਨ : ਬੱਚਿਆਂ ਅਤੇ ਔਰਤਾਂ 'ਤੇ ਹਮਲੇ ਨਾ ਕਰਨਾ :** 12 ਜਨਵਰੀ, 1923 ਨੂੰ 'ਬੱਬਰ ਅਕਾਲੀ ਦੁਆਬਾ' ਅਖਬਾਰ ਵਿੱਚ ਜੁਝਾਰੂਆਂ ਦੀਆਂ ਚਿੱਠੀਆਂ ਛਾਪੀਆਂ, ਇਨ੍ਹਾਂ ਵਿੱਚ ਜਲੰਧਰ ਦੇ ਜ਼ਿਲ੍ਹਾ ਵਿਚ ਬੱਬਰਾਂ ਵੱਲੋਂ ਟੋਡੀਆਂ ਨੂੰ ਸੋਧਣ ਦੇ ਦਾ ਐਲਾਨ ਛਾਪਿਆ ਗਿਆ ਸੀ। ਜਥੇਬੰਦੀ ਦੇ ਅਨੁਸ਼ਾਸਨ ਨੂੰ ਮੁੱਖ ਰੱਖਦਿਆਂ 25 ਨਵੰਬਰ, 1922 ਨੂੰ ਇਕ ਬੈਠਕ 'ਚ ਮੈਂਬਰਾਂ ਨੂੰ ਔਰਤਾਂ ਅਤੇ ਬੱਚਿਆਂ ਉਤੇ ਹਮਲੇ ਨਾ ਕਰਨ ਦੀ ਹਦਾਇਤ ਤੋਂ ਇਲਾਵਾ, ਝੋਲੀ-ਚੁੱਕਾਂ ਨੂੰ ਸੋਧਣ ਦੀ ਜਿੰਮੇਵਾਰੀ ਲਈ ਬੱਬਰ ਕਰਮ ਸਿੰਘ ਦੌਲਤਪੁਰ, ਧੰਨਾ ਸਿੰਘ ਅਤੇ ਉਦੈ ਸਿੰਘ ਦੇ ਨਾਮ ਦਾ ਮਤਾ ਪਾਸ ਕੀਤਾ ਗਿਆ। 11 ਮਾਰਚ,1923 ਨੂੰ ਨੰਗਲ ਸਾਮਾਂ ਪਿੰਡ ਦਾ ਲੰਬਰਦਾਰ ਸੋਧਿਆ।19 ਮਾਰਚ,1923 ਨੂੰ ਸੀ.ਆਈ.ਡੀ. ਸਿਪਾਹੀ ਲਾਭ ਸਿੰਘ ਨੂੰ ਡਾਨਸੀਵਾਲ ਪਿੰਡ ਵਿਚ ਖਤਮ ਕੀਤਾ। 21 ਮਾਰਚ, 1923 ਨੂੰ ਪਿੰਡ ਕੌਲਗੜ੍ਹ, ਸਭਸ ਨਗਰ ਵਿਖੇ ਅੰਗਰੇਜ਼ ਪ੍ਰਸਤਾਂ ਨੂੰ ਸੋਧਣ ਦੀ ਜਿੰਮੇਵਰੀ ਲੈਣ ਦਾ ਬਬਰ ਅਕਾਲੀਆਂ ਦਾ ਦੂਜਾ ਐਲਾਨ 'ਬੱਬਰ ਅਕਾਲੀ' ਅਖਬਾਰ ਵਿੱਚ ਪ੍ਰਕਸ਼ਿਤ ਕੀਤਾ ਗਿਆ। ਭਾਈ ਕਰਮ ਸਿੰਘ ਬਬਰ ਅਕਾਲੀ ਨੇ ਆਪਣਾ ਜੀਵਨ ਲੋਕਾਂ ਦੀ ਆਜ਼ਾਦੀ ਲਈ ਸਮਰਪਿਤ ਕੀਤਾ। 20 ਮਈ, 1923 ਨੂੰ ਹਿਯਾਤਪੁਰ ਰੁੜਕੀ ਦੇ ਦੋ ਅੰਗਰੇਜ਼ਪ੍ਰਸਤ ਰਲਾ ਅਤੇ ਦਿੱਤੂ ਨੂੰ ਕੌਮੀ ਯੋਧਿਆਂ ਨਾਲ ਗ਼ੱਦਾਰੀ ਕਰਨ ਤੋਂ ਬਾਜ਼ ਨਾ ਆਉਣ ਕਾਰਨ ਖੁਦ ਬਬਰ ਅਕਾਲੀ ਨੇ ਸੋਧਿਆ। ਹਿਯਾਤਪੁਰ ਰੁੜਕੀ ਭਾਈ ਕਰਮ ਸਿੰਘ ਬਬਰ ਅਕਾਲੀ ਦਾ ਨਾਨਕਾ ਪਿੰਡ ਸੀ। ਇਸੇ ਦੌਰਾਨ ਕੁਝ ਅੰਗਰੇਜ਼-ਪ੍ਰਸਤ ਸੰਪਰਦਾਵਾਂ ਨੇ ਬਬਰ ਅਕਾਲੀਆਂ ਦੀਆਂ ਕਾਰਵਾਈਆਂ ਵਿਰੁੱਧ ਮਤੇ ਪਾਸ ਕੀਤੇ।

**ਬੱਬਰ ਅਕਾਲੀਆਂ ਦਾ ਚੀਫ ਖਾਲਸਾ ਦੀਵਾਨੀਏ ਧੜੇ ਵੱਲੋਂ ਵਿਰੋਧ :** ਬੱਬਰ ਅਕਾਲੀ ਯੋਧਿਆਂ ਨੇ ਅਗਸਤ, 1922 ਦੇ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਸ਼ਾਂਤਮਈ ਅਕਾਲੀਆਂ ਉੱਪਰ ਪੁਲਿਸ ਦੇ ਤਸ਼ੱਦਦ ਬਾਰੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅੰਗਰੇਜ਼ ਸਰਕਾਰ ਵਿਰੁੱਧ ਹਥਿਆਰਬੰਦ ਸੰਘਰਸ਼ ਛੇੜਣ ਲਈ ਆਖਿਆ ਗਿਆ, ਪਰ ਨਰਮ-ਖਿਆਲੀ ਅਕਾਲੀ ਆਗੂਆਂ ਵੱਲੋਂ ਇਹ ਗੱਲ ਨਾ ਮੰਨੀ ਗਈ। ਦੂਜੇ ਪਾਸੇ ਜੁਝਾਰੂ ਬਬਰ ਅਕਾਲੀਆਂ ਨੇ ਆਪਣੀਆਂ ਕਾਰਵਾਈਆਂ ਜਾਰੀ ਰੱਖੀਆਂ ਅਤੇ ਇਕ ਖੁੱਲ੍ਹੀ ਚਿੱਠੀ ਗਵਰਨਰ ਪੰਜਾਬ ਦੇ ਨਾਲ ਲਿਖਦਿਆਂ ਕਿਹਾ, 'ਐ ਗਵਰਨਰ ਪੰਜਾਬ! ਤੇਰੀਆਂ ਬੇਇਨਸਾਫ਼ੀਆਂ ਅਤੇ ਜ਼ੁਲਮਾਂ ਤੋਂ ਤੰਗ ਆ ਕੇ, ਬਬਰ ਅਕਾਲੀਆਂ ਨੇ ਆਪਣਾ ਸ਼ਾਂਤਮਈ ਦਾ ਰਾਹ ਤਿਆਗ ਕੇ, ਹੁਣ ਤਲਵਾਰ ਦਾ ਰਸਤਾ ਫੜਿਆ ਹੈ।' ਝੋਲੀ ਚੁੱਕਾਂ ਦੇ ਸੋਧੇ ਲੱਗਣ ਕਾਰਨ ਨਰਮ-ਖ਼ਿਆਲੀ ਅਕਾਲੀ ਅਤੇ ਚੀਫ਼ ਖ਼ਾਲਸਾ ਦੀਵਾਨ ਵਾਲੇ ਬਬਰਾਂ ਦਾ ਵਿਰੋਧ ਕਰਨ ਲੱਗੇ। ਬੇਸ਼ੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੱਬਰਾਂ ਦੇ ਮੁਕੱਦਮੇ ਵੀ ਲੜੇ, ਪਰ ਇਹ ਵੀ ਸੱਚ ਹੈ ਕਿ 29 ਮਈ, 1923 ਨੂੰ ਸ਼੍ਰੋਮਣੀ ਕਮੇਟੀ ਨੇ ਬੱਬਰ ਅਕਾਲੀਆਂ ਨੂੰ ਪੰਥ ਵਿਰੋਧੀ ਘੋਸ਼ਿਤ ਕਰ ਦਿੱਤਾ। ਦੁਖਦਾਈ ਪੱਖ ਇਹ ਹੈ ਕਿ ਸਰਕਾਰ ਨੂੰ ਖੁਸ਼ ਕਰਨ ਲਈ ਇਹ ਮਤਾ ਪਾਸ ਕੀਤਾ ਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੱਬਰਾਂ ਦੀ ਕਤਲਾਂ ਦੀ ਪਾਲਿਸੀ ਦੀ ਨਿਖੇਧੀ ਕਰਦੀ ਹੈ ਤੇ ਪੰਥ ਅੱਗੇ ਅਪੀਲ ਕਰਦੀ ਹੈ ਕਿ ਕੋਈ ਸੱਜਣ ਇਨ੍ਹਾਂ ਦੀ ਸਹਾਇਤਾ ਨਾ ਕਰੇ, ਸਗੋਂ ਇਨ੍ਹਾਂ ਨੂੰ ਦੇਸ਼ ਤੇ ਕੌਮ ਲਈ ਹਾਨੀਕਾਰਕ ਸਮਝੇ। (ਹਵਾਲਾ ਕਿਤਾਬ 'ਬਬਰ ਅਕਾਲੀ', ਲੇਖਕ ਪ੍ਰਿੰਸੀਪਲ ਨਿਹਾਲ ਸਿੰਘ, ਪੰਨਾ 135)

**'ਬੱਬਰ ਅਕਾਲੀ' ਅਖਬਾਰ ਦਾ ਡੂੰਘਾ ਪ੍ਰਭਾਵ :** 'ਬੱਬਰ ਅਕਾਲੀ' ਅਖ਼ਬਾਰ ਰਾਹੀਂ ਸਿੱਖ ਪਲਟਣਾਂ, ਸਕੂਲਾਂ, ਕਾਲਜਾਂ ਆਦਿ ਤੋਂ ਇਲਾਵਾ ਬਾਹਰਲੇ ਪ੍ਰਾਂਤਾਂ ਵਿੱਚ ਵੀ ਅੰਗਰੇਜ਼ਾਂ ਦੇ ਵਿਰੁੱਧ ਜ਼ਬਰਦਸਤ ਪ੍ਰਚਾਰ ਕੀਤਾ ਗਿਆ ਅਤੇ ਦੇਸ਼ਵਾਸੀਆਂ ਨੂੰ ਅੰਗਰੇਜ਼ਾਂ ਖ਼ਿਲਾਫ਼ ਬਗ਼ਾਵਤ ਕਰਨ ਲਈ ਪ੍ਰੇਰਿਆ ਗਿਆ। ਅੰਗਰੇਜ਼ ਸਰਕਾਰ ਵੱਲੋਂ ਸਾਈਕਲੋ ਸਟਾਈਲ ਮਸ਼ੀਨਾਂ ਚੁੱਕਣ ਅਤੇ ਅਖ਼ਬਾਰ ਜ਼ਬਤ ਕਰਨ ਦੀਆਂ ਅਨੇਕਾਂ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਛਾਪੇ ਮਾਰਨ 'ਤੇ ਪੁਲਸ ਦੇ ਹੱਥ ਕੁਝ ਨਾ ਲੱਗਦਾ, ਕਿਉਂਕਿ 'ਬੱਬਰ ਅਕਾਲੀ' ਅਖ਼ਬਾਰ ਕਦੇ ਇੱਕ ਥਾਂ ਤੋਂ ਅਤੇ ਕਿਸੇ ਦੂਜੀ ਥਾਂ ਤੋਂ ਪ੍ਰਕਾਸ਼ਿਤ ਕੀਤਾ ਜਾਂਦਾ ਸੀ। ਗੁਪਤ ਤੌਰ 'ਤੇ ਬਬਰ ਅਕਾਲੀ ਅਖ਼ਬਾਰ ਛਾਪਣ ਦੇ ਮੁੱਖ ਕੇਂਦਰ ਕੋਟ ਫਤੂਹੀ, ਪੰਡੋਰੀ ਕੋਠੀ, ਫਤਹਿਪੁਰ ਜੱਸੋਵਾਲ ਅਤੇ ਗੁਰਦੁਆਰਾ ਕਿਸ਼ਨਪੁਰ ਵਿੱਚ ਕਾਇਮ ਸਨ, ਪਰ ਇਸਦੇ ਬਾਵਜੂਦ ਇਨ੍ਹਾਂ ਪਰਚਿਆਂ ਨੂੰ 'ਉਡਾਰੂ ਪ੍ਰੈਸ' ਰਾਹੀਂ ਖ਼ੁਫ਼ੀਆ ਢੰਗ ਨਾਲ ਖਾਸ ਟਿਕਾਣਿਆਂ 'ਤੇ ਪਹੁੰਚਾਇਆ ਜਾਂਦਾ ਤੇ ਫ਼ੌਜਾਂ ਤੱਕ ਡਾਕ ਰਾਹੀਂ ਦੂਰ-ਦੁਰਾਡੇ ਭੇਜਿਆ ਜਾਂਦਾ। ਮਗਰੋਂ ਪੁਲਿਸ ਦੀ ਸਰਗਰਮੀ ਵਧ ਜਾਣ ਕਰਕੇ ਪਰਚਾ ਛਾਪਣ ਲਈ ਇੱਕ ਹੋਰ ਸਾਈਕਲੋ-ਸਟਾਈਲ ਮਸ਼ੀਨ ਖ਼ਰੀਦੀ ਗਈ। ਇੱਕ ਮਸ਼ੀਨ ਜਲੰਧਰ ਨੇੜੇ ਅਤੇ ਦੂਜੀ ਕੰਢੀ ਦੇ ਇਲਾਕੇ ਵਿੱਚ ਰੱਖੀ ਗਈ, ਤਾਂ ਕਿ ਲੋੜ ਪੈਣ 'ਤੇ ਦੋਵਾਂ 'ਚੋਂ ਕਿਸੇ ਵੀ ਥਾਂ ਤੋਂ ਪਰਚਾ ਛਾਪ ਲਿਆ ਜਾਵੇ। ਇਸ ਤਰ੍ਹਾਂ ਦੀਆਂ ਕਈ ਕਾਰਵਾਈਆਂ ਬੱਬਰ ਅਕਾਲੀ ਯੋਧਿਆਂ ਦੀ ਗੁਰੀਲਾ ਨੀਤੀ ਦਾ ਪ੍ਰਗਟਾਵਾ ਵੀ ਕਰਦੀਆਂ ਹਨ। ਅਗਸਤ 1922 ਤੋਂ ਮਈ 1923 ਤੱਕ ਬੱਬਰ ਅਕਾਲੀ ਅਖ਼ਬਾਰ ਦੇ ਪੰਦਰਾਂ ਅੰਕ ਛਾਪੇ ਗਏ। ਇਹਨਾਂ ਵਿਚ ਵਿਸਾਖੀ, ਮਾਘੀ ਤੇ ਕਲਗੀਧਰ ਅੰਕ ਵੀ ਸ਼ਾਮਲ ਸਨ।

**ਬੱਬਰ ਅਕਾਲੀ ਭਾਈ ਕਰਮ ਸਿੰਘ ਜੀ ਦੀ ਸ਼ਹਾਦਤ:** ਬੱਬਰ ਅਕਾਲੀ ਲਹਿਰ ਦੇ ਨਾਇਕ ਭਾਈ ਕਰਮ ਸਿੰਘ ਬੱਬਰ ਅੰਗਰੇਜ਼ ਹਕੂਮਤ ਖ਼ਿਲਾਫ਼ ਇਨਕਲਾਬੀ ਸੰਘਰਸ਼ ਕਰਦਿਆਂ, 1 ਸਤੰਬਰ 1923 ਨੂੰ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਬਬੇਲੀ ਵਿਖੇ, ਪੁਲਿਸ ਮੁਕਾਬਲਾ ਵਿਚ ਸ਼ਹੀਦ ਹੋਏ। ਇਸ ਮੌਕੇ ਆਪ ਦੇ ਨਾਲ ਭਾਈ ਮਹਿੰਦਰ ਸਿੰਘ ਪੰਡੋਰੀ, ਭਾਈ ਗੰਗਾ ਸਿੰਘ, ਭਾਈ ਉਦੇ ਸਿੰਘ ਰਾਮਗੜ੍ਹ ਝੁੰਗੀਆਂ ਅਤੇ ਭਾਈ ਬਿਸ਼ਨ ਸਿੰਘ ਮਾਂਗਟਾਂ ਨੇ ਵੀ ਸ਼ਹੀਦੀਆਂ ਪਾਈਆਂ। ਸੱਤਵੇਂ ਪਾਤਸ਼ਾਹ ਗੁਰੂ ਹਰਰਾਏ ਸਾਹਿਬ ਜੀ ਦਾ ਅਸਥਾਨ ਗੁਰਦੁਆਰਾ ਚੌਂਤਾ ਸਾਹਿਬ, ਇਹਨਾਂ ਬੱਬਰ ਅਕਾਲੀ ਯੋਧਿਆਂ ਦਾ ਸ਼ਹੀਦੀ ਅਸਥਾਨ ਹੈ। ਬੱਬਰ ਅਕਾਲੀ ਯੋਧਿਆਂ ਦੀਆਂ ਸ਼ਹਾਦਤਾਂ ਬਾਰੇ ਲੋਕ ਮਨਾਂ ਵਿੱਚ ਇਹ ਸ਼ਬਦ ਪ੍ਰਚਲਤ ਹੋ ਚੁੱਕੇ ਸਨ ;

**"ਲਾੜੀ ਮੌਤ ਨੂੰ ਕਰਨ ਪ੍ਰਣਾਮ ਚੱਲੇ,**
**ਸੇਹਰੇ ਲਟਕਦੇ ਬੱਬਰ ਅਕਾਲੀਆਂ ਦੇ"**

ਸ਼ਹੀਦ ਭਾਈ ਕਰਮ ਸਿੰਘ ਬੱਬਰ ਅਕਾਲੀ ਅਤੇ ਉਨ੍ਹਾਂ ਦੇ ਸਾਥੀ ਯੋਧਿਆਂ ਦੀਆਂ ਸ਼ਹੀਦੀਆਂ ਸਦਕਾ ਹੀ ਦੇਸ਼ ਦੀਆਂ ਅੰਗਰੇਜ਼ਾਂ ਤੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਟੁੱਟੀਆਂ। ਪਰ ਅੱਜ ਦੁਖਦਾਈ ਗੱਲ ਇਹ ਹੈ ਕਿ ਨਵ-ਬਸਤੀਵਾਦ ਅਤੇ ਫਾਸ਼ੀਵਾਦ ਦੀਆਂ ਲੋਕ ਵਿਰੋਧੀ ਤਾਕਤਾਂ ਭਾਰਤ ਵਿੱਚ ਸੱਤਾ 'ਤੇ ਕਾਬਜ਼ ਹਨ। ਅਜੋਕੀ ਫਾਸ਼ੀਵਾਦੀ ਸਟੇਟ ਖਿਲਾਫ਼ ਘੱਟ ਗਿਣਤੀਆਂ ਹੱਕਾਂ ਲਈ ਜੂਝ ਰਹੀਆਂ ਹਨ। ਗ਼ਦਰੀ ਸ਼ਹੀਦ ਭਾਈ ਕਰਮ ਸਿੰਘ ਬੱਬਰ ਅਕਾਲੀ ਤੇ ਉਨ੍ਹਾਂ ਵਰਗੇ ਅਨੇਕਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਕਾਰਨ ਮਿਲੀ ਸੱਤਾਂ 'ਤੇ ਕਾਬਜ਼ ਫਾਸ਼ੀਵਾਦੀਆਂ ਨੂੰ ਤੱਕ ਕੇ ਮੂੰਹੋਂ ਇਹੀ ਨਿਕਲਦਾ ਹੈ; 'ਸ਼ੇਰਾਂ ਦੀਆਂ ਮਾਰਾਂ 'ਤੇ ਗਿੱਦੜ ਦੀਆਂ ਕਲੋਲਾਂ'। ਘੱਟ ਗਿਣਤੀਆਂ ਦੀ ਦੁਸ਼ਮਣ ਅੱਜ ਦੀ ਫਾਸ਼ੀਵਾਦੀ ਸਰਕਾਰ ਖ਼ਿਲਾਫ਼ ਆਵਾਜ਼ ਬੁਲੰਦ ਕਰਨਾ ਹੀ ਮਹਾਨ ਸ਼ਹੀਦ ਭਾਈ ਕਰਮ ਸਿੰਘ ਬੱਬਰ ਅਕਾਲੀ ਨੂੰ ਸੱਚੀ ਸ਼ਰਧਾਂਜਲੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਬਬਰ ਅਕਾਲੀ ਯੋਧਿਆਂ ਖ਼ਿਲਾਫ਼ ਪਾਸ ਕੀਤੇ ਮਤੇ ਤੁਰੰਤ ਹਟਾਉਣ ਦੀ ਲੋੜ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼ਹੀਦ ਭਾਈ ਕਰਮ ਸਿੰਘ ਬੱਬਰ ਨੇ ਆਪਣੀ ਜਾਨ ਦੇ ਕੇ ਸਾਨੂੰ ਸਰਦਾਰੀਆਂ ਬਖ਼ਸ਼ੀਆਂ ਹਨ, ਪਰ ਅਸੀਂ ਇਸ ਮਹਾਨ ਯੋਧੇ ਨੂੰ ਵਿਸਾਰ ਚੁੱਕੇ ਹਾਂ। ਸਕੂਲਾਂ ਦੀਆਂ ਪਾਠ ਪੁਸਤਕਾਂ ਵਿੱਚ ਇਨ੍ਹਾਂ ਬੱਬਰ ਅਕਾਲੀਆਂ ਅਤੇ ਗਦਰੀ ਯੋਧਿਆਂ ਦਾ ਇਤਿਹਾਸ ਪੜ੍ਹਾਇਆ ਨਹੀਂ ਜਾਂਦਾ। ਦੂਜੇ ਪਾਸੇ ਇਹ ਗੱਲ ਜ਼ਰੂਰ ਮਾਣ ਵਾਲੀ ਹੈ ਕਿ ਪਿੰਡ ਦੌਲਤਪੁਰ, ਵਿੱਚ ਬੱਬਰ ਸ਼ਹੀਦਾਂ ਦੀ ਯਾਦ 'ਚ ਉਸਾਰੇ ਗਏ ਸਮਾਰਕ ਸਭ ਲਈ ਪ੍ਰੇਰਨਾ ਸਰੋਤ ਹਨ। ਇੱਥੇ 57 ਬੱਬਰ ਸ਼ਹੀਦਾਂ ਦੀ ਵਿਰਾਸਤ ਵਜੋਂ ਇਨ੍ਹਾਂ ਦੇ ਹਥਿਆਰਾਂ ਅਤੇ ਸਾਹਿਤ ਨੂੰ ਸੰਭਾਲ ਕੇ ਰੱਖਿਆ ਹੈ, ਜੋ ਕਿ ਸੰਘਰਸ਼ ਦੇ ਰਾਹ 'ਤੇ ਚੱਲਣ ਅਤੇ ਜ਼ੁਲਮ ਖ਼ਿਲਾਫ਼ ਡਟਣ ਵਾਲਿਆਂ ਲਈ ਚਾਨਣ ਮੁਨਾਰੇ ਹਨ।

'ਬੱਬਰ ਅਕਾਲੀ ਲਹਿਰ' ਦੀ ਸ਼ਤਾਬਦੀ ਅਤੇ 'ਬੱਬਰ ਅਕਾਲੀ ਅਖ਼ਬਾਰ' ਦੇ 102ਵੇਂ ਸਥਾਪਨਾ ਦਿਹਾੜੇ ਦੇ ਸਮਾਗਮਾਂ ਦੀ ਸੰਪੂਰਨਤਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ 1922-23 ਦੌਰਾਨ ਬੱਬਰ ਅਕਾਲੀ ਯੋਧਿਆਂ ਖ਼ਿਲਾਫ਼ ਪਾਸ ਕੀਤੇ ਮਤੇ ਰੱਦ ਕਰੇ ਅਤੇ ਇਸ ਇਤਿਹਾਸਕ ਗ਼ਲਤੀ ਨੂੰ ਤੁਰੰਤ ਦਰੁਸਤ ਕਰੇ। ਅਜਿਹਾ ਪਹਿਲਾਂ ਹੀ ਹੋ ਜਾਣਾ ਚਾਹੀਦਾ ਸੀ। ਬੱਬਰ ਅਕਾਲੀ ਅਖ਼ਬਾਰ ਦੇ ਸੰਪਾਦਕ ਭਾਈ ਕਰਮ ਸਿੰਘ ਦੌਲਤਪੁਰ ਅਤੇ ਸਮੂਹ ਬੱਬਰਾਂ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦੇ ਹੋਏ, ਸ਼੍ਰੋਮਣੀ ਕਮੇਟੀ ਨੂੰ ਅਜਿਹੇ ਮੰਦਭਾਗੇ ਮਤੇ ਤੁਰੰਤ ਹਟਾਉਣ ਦੀ ਲੋੜ ਹੈ। ਬੱਬਰ ਅਕਾਲੀ ਸ਼ਹੀਦ ਦੇ 102ਵੇਂ ਸ਼ਹੀਦੀ ਸਮਾਗਮ ਮੌਕੇ, ਸਮੁੱਚੇ ਤੌਰ 'ਤੇ ਮਤੇ ਪਾਸ ਕਰਕੇ ਅਜਿਹੀਆਂ ਇਤਿਹਾਸਿਕ ਗਲਤੀਆਂ ਨੂੰ ਦੂਰ ਕਰਨ ਅਤੇ ਮਹਾਨ ਸ਼ਹੀਦ ਦੇ ਸੁਨਹਿਰੀ ਇਤਿਹਾਸ ਨੂੰ ਉਜਾਗਰ ਕਰਨ ਦੀ ਲੋੜ ਹੈ।

ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ
ਐਬਟਸਫੋਰਡ, ਕੈਨੇਡਾ

# ਅੰਮ੍ਰਿਤਸਰ ਦੇ ਪੰਜਾਬੀ ਲੇਖਕਾਂ ਦੀ ਸਿੱਖ ਸਾਹਿਤ ਨੂੰ ਦੇਣ



**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

**ਪ੍ਰੋ. ਸੂਬਾ ਸਿੰਘ (1946)**

ਸੂਬਾ ਸਿੰਘ ਦਾ ਜਨਮ 18 ਜੂਨ 1946 ਨੂੰ ਪਿੰਡ ਨਵਾਂ ਠੱਟਾ, ਜ਼ਿਲ੍ਹਾ ਕਪੂਰਥਲਾ ਵਿੱਚ ਉਜਾਗਰ ਸਿੰਘ ਅਤੇ ਕਰਤਾਰ ਕੌਰ ਦੇ ਘਰ ਹੋਇਆ। ਉਨ੍ਹਾਂ ਨੇ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਵਿੱਚ 1973 ਤੋਂ 1975 ਤੱਕ ਡਿਰਾਫਟਿੰਗ ਲਾਇਬ੍ਰੇਰੀ ਅਫ਼ਸਰ ਵਜੋਂ ਸੇਵਾ ਨਿਭਾਈ। 1975 ਤੋਂ 1989 ਤੱਕ ਲੈਕਚਰਾਰ ਧਰਮ ਅਧਿਐਨ, ਖਾਲਸਾ ਕਾਲਜ, ਅੰਮ੍ਰਿਤਸਰ ਰਹੇ। 1989 ਤੋਂ ਲੈਕਚਰਾਰ ਪੰਜਾਬੀ, ਖਾਲਸਾ ਕਾਲਜ, ਅੰਮ੍ਰਿਤਸਰ ਵਜੋਂ ਕੰਮ ਕੀਤਾ। ਬਾਅਦ ਵਿੱਚ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਦੀਆਂ ਸੇਵਾਵਾਂ ਬਾਖ਼ੂਬੀ ਨਿਭਾਈਆਂ।

ਇਨਕਲਾਬੀ ਯੋਧਾ ਸ਼ਹੀਦ ਊਧਮ ਸਿੰਘ ਪੁਸਤਕ ਵੀ ਪ੍ਰਕਾਸ਼ਿਤ ਹੋ ਚੁੱਕੀ ਹੈ। ਉਹ 'ਸੱਚ ਖੰਡ ਪਤ੍ਰਿਕਾ' ਅਤੇ 'ਖਾਲਸਾ ਐਡਵੋਕੇਟ' (ਸਪਤਾਹਿਕ), ਅੰਮ੍ਰਿਤਸਰ (1974-75) ਦੇ ਸੰਪਾਦਕ ਰਹੇ। ਉਨ੍ਹਾਂ ਨੂੰ ਸ੍ਰੀ ਹਜ਼ੂਰ ਸਾਹਿਬ ਅਤੇ ਕੇਂਦਰੀ ਸਿੰਘ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ।

**ਨਿਰਵੈਰ ਸਿੰਘ ਅਰਸ਼ੀ (1946)**

ਨਿਰਵੈਰ ਸਿੰਘ ਅਰਸ਼ੀ ਦਾ ਜਨਮ 23 ਨਵੰਬਰ 1946 ਨੂੰ ਪਿੰਡ ਲਹੂਕਾ (ਅੰਮ੍ਰਿਤਸਰ) ਵਿੱਚ ਹੋਇਆ। ਉਹ ਪ੍ਰਮੁੱਖ ਪੱਤਰਕਾਰ, ਧਾਰਮਿਕ ਲੇਖਕ ਤੇ ਪ੍ਰਚਾਰਕ ਹਨ। ਉਨ੍ਹਾਂ ਨੇ 'ਸੱਚਖੰਡ ਪੱਤਰ', 'ਆਨੰਦਪੁਰ ਸੰਦੇਸ਼', 'ਪੰਚਬਟੀ ਸੰਦੇਸ਼' ਵਰਗੇ ਅਖ਼ਬਾਰਾਂ ਦੇ ਚੀਫ਼ ਐਡੀਟਰ ਅਤੇ ਇੰਚਾਰਜ ਵਜੋਂ ਸੇਵਾ ਦਿੱਤੀ। ਉਹ ਬਰਮਿੰਘਮ (U.K.) ਸਿੱਖ ਮਿਸ਼ਨਰੀ ਸੈਂਟਰ ਨਾਲ ਵੀ ਜੁੜੇ ਰਹੇ। ਉਨ੍ਹਾਂ ਦੀਆਂ ਰਚਨਾਵਾਂ: 'ਸ਼ਰਧਾ ਦੇ ਫੁੱਲ' (1969), 'ਕਥਾ ਸੱਚਖੰਡ' (1977), 'ਖ਼ਾਲਸਾ ਪੰਥ ਦੇ ਰਹਿਤਨਾਮੇ' (1981), 'ਸਿੱਖੀ ਸਿਦਕ' (1990) ਆਦਿ। ਉਨ੍ਹਾਂ ਨੂੰ 'ਸੇਵਾਕੋਸ਼ ਸਿਫ਼ਤੀ ਐਵਾਰਡ', 'ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ', 'ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ' ਆਦਿ ਮਿਲੇ। ਉਨ੍ਹਾਂ ਦੀ ਲੇਖਨੀ ਅਤੇ ਪ੍ਰਚਾਰਕ ਸੇਵਾ ਸਿੱਖ ਧਰਮ ਤੇ ਸਭਿਆਚਾਰ ਦੀ ਵਧੀਆ ਝਲਕ ਹੈ।

**ਡਾ. ਚਰਨਜੀਤ ਸਿੰਘ ਗੁਮਟਾਲਾ (1947)**

ਡਾ. ਚਰਨਜੀਤ ਸਿੰਘ ਗੁਮਟਾਲਾ (ਜਨਮ: 6 ਅਪ੍ਰੈਲ 1947, ਪਿੰਡ ਗੁਮਟਾਲਾ, ਅੰਮ੍ਰਿਤਸਰ) ਪ੍ਰਸਿੱਧ ਪੰਜਾਬੀ ਆਲੋਚਕ, ਲੇਖਕ ਤੇ ਸੰਪਾਦਕ ਹਨ। ਉਨ੍ਹਾਂ ਨੇ ਐਮ.ਏ. (ਅਰਥਸ਼ਾਸਤਰ, ਪੰਜਾਬੀ) ਅਤੇ ਪੀ.ਐਚ.ਡੀ. (ਪੰਜਾਬੀ) ਕੀਤੀ। ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਰਹੇ ਅਤੇ ਸੁਲਤਾਨਵਿੰਡ ਮਿਡਲ ਸਕੂਲ ਦੇ ਹੈੱਡਮਾਸਟਰ ਵਜੋਂ ਸੇਵਾ ਕੀਤੀ। ਉਹ ਅੰਮ੍ਰਿਤਸਰ ਪੋਸਟ ਦੇ ਸੰਪਾਦਕ ਅਤੇ ਮਾਲਕ ਹਨ। ਉਨ੍ਹਾਂ ਦੀਆਂ ਪ੍ਰਮੁੱਖ ਕ੍ਰਿਤੀਆਂ ਹਨ: ਪੰਜਾਬੀ ਕਿੱਸਾ ਕਾਵਿ ਦੀਆਂ ਕਥਾਨਕ ਰੂੜ੍ਹੀਆਂ (1993), ਭਗਤ ਰਵਿਦਾਸ: ਜੀਵਨ ਤੇ ਰਚਨਾ (1995), ਕਿੱਸਾ ਮਿਰਜ਼ਾ ਸਾਹਿਬਾਂ (1995), ਚੰਡੀ ਦੀ ਵਾਰ: ਚਿੰਤਨ ਤੇ ਕਲਾ (1999), ਕਿੱਸਾ ਦੁੱਲਾ ਭੱਟੀ (1992), ਗੁਰਬਾਣੀ ਵਿੱਚ ਰਾਜ ਦਾ ਸੰਕਲਪ, ਗੁਰੂ ਅਮਰਦਾਸ: ਜੀਵਨ ਤੇ ਰਚਨਾ ਆਦਿ। ਉਨ੍ਹਾਂ ਦਾ ਯੋਗਦਾਨ ਕਿੱਸਾ ਕਾਵਿ, ਗੁਰਬਾਣੀ ਅਧਿਐਨ ਅਤੇ ਪੰਜਾਬੀ ਆਲੋਚਨਾ ਵਿੱਚ ਮਹੱਤਵਪੂਰਨ ਹੈ।

**ਡਾ. ਅਮਰਜੀਤ ਕੌਰ ਇਬਨਕਲਾਂ (1948)**

ਅਮਰਜੀਤ ਦਾ ਜਨਮ 22 ਅਗਸਤ 1948, ਪਿੰਡ ਹਦਾਇਤਪੁਰਾ, ਨੇੜੇ ਚਵਿੰਡਾ ਦੇਵੀ, ਅੰਮ੍ਰਿਤਸਰ, ਇੱਕ ਪ੍ਰਤਿਭਾਸ਼ਾਲੀ ਲੇਖਿਕਾ, ਖੋਜੀ ਅਤੇ ਸਾਹਿਤਕ ਚਿੰਤਕ ਹਨ। ਉਨ੍ਹਾਂ ਨੇ ਐਮ.ਏ. ਅਤੇ ਪੀਐਚ.ਡੀ (ਪੰਜਾਬੀ) ਦੀ ਉਚੀ ਡਿਗਰੀ ਹਾਸਲ ਕਰਕੇ ਆਪਣੇ ਸਾਹਿਤਕ ਤੇ ਖੋਜੀ ਯਤਨਾਂ ਰਾਹੀਂ ਪੰਜਾਬੀ ਸਾਹਿਤ ਨੂੰ ਮਹੱਤਵਪੂਰਨ ਯੋਗਦਾਨ ਦਿੱਤਾ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ 'ਸੰਖੇਪ ਇਤਿਹਾਸ ਬੀੜ ਬਾਬਾ ਬੁੱਢਾ ਸਾਹਿਬ', 'ਗਾਥਾ ਮਾਤਾ ਸਾਹਿਬ ਕੌਰ ਭੁਜੰਗਣ ਆਸ਼ਰਮ ਕੈਰੋਂ', 'ਅੰਮ੍ਰਿਤਸਰ ਜ਼ਿਲ੍ਹੇ ਦਾ ਇਤਿਹਾਸਕ ਪਿੰਡ-ਸੁਰ ਸਿੰਘ', 'ਤਵਾਰੀਖ ਰਾਮਗੜ੍ਹੀਆ (1469-1947)' ਅਤੇ 'ਮਾਝੇ ਦੇ ਲੋਕ ਗੌਣ' ਆਦਿ ਸ਼ਾਮਿਲ ਹਨ। ਡਾ. ਅਮਰਜੀਤ ਕੌਰ ਦੀ ਲਿਖਤ ਵਿਚ ਸੰਵੇਦਨਾ, ਸੋਚ ਅਤੇ ਖੋਜੀ ਦ੍ਰਿਸ਼ਟੀ ਦੀ ਸਾਂਝ ਮਿਲਦੀ ਹੈ। ਉਨ੍ਹਾਂ ਨੇ ਸਾਧਨਾਵਾਂ, ਸੰਘਰਸ਼ ਅਤੇ ਜੀਵਨ ਦੀਆਂ ਜਟਿਲਤਾਵਾਂ ਵਿਚੋਂ ਗੁਜ਼ਰਦਿਆਂ ਮਨੁੱਖਤਾ, ਨਿਆਂ ਅਤੇ ਸਮਾਜਿਕ ਸਦਭਾਵਨਾ ਦੀ ਪਾਸਦਾਰੀ ਕੀਤੀ। ਉਹ ਇਕ ਅਜਿਹੀ ਸਾਹਿਤਕ ਸ਼ਖਸੀਅਤ ਹਨ ਜੋ ਪਾਠਕ ਨੂੰ ਪੂਰਨ ਬੌਧਿਕ ਅਤੇ ਆਤਮਿਕ ਅਨੁਭੂਤੀਆਂ ਨਾਲ ਜੋੜਦੀ ਹੈ ਅਤੇ ਸਮਾਜਕ ਵਿਤਕਰਿਆਂ ਦੇ ਉੱਤਰਾਧੁਨਿਕ ਵਿਸ਼ਲੇਸ਼ਣ ਦੀ ਅਭਿਲਾਸ਼ੀ ਹੈ।

**ਡਾ. ਰਾਏ ਜਸਬੀਰ ਸਿੰਘ (1948)**

ਡਾ. ਰਾਏ ਜਸਬੀਰ ਸਿੰਘ, ਪੀਐੱਚ.ਡੀ. ਅਤੇ ਤਿੰਨ ਵਿਸ਼ਿਆਂ (ਪੰਜਾਬੀ, ਇਤਿਹਾਸ, ਰਸ਼ੀਅਨ) ਵਿੱਚ ਐਮ.ਏ., ਲੋਕਧਾਰਾ ਅਤੇ



ਡਾ. ਜਸਬੀਰ ਸਿੰਘ ਸਰਨਾ

ਸਿੱਖ ਧਰਮਕ ਵਿਸ਼ਿਆਂ ਦੇ ਮਾਹਿਰ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਸਿੱਖ ਇਤਿਹਾਸ ਲੋਕਧਾਰਾ ਤੇ ਦਰਸ਼ਨ, ਲੋਕ ਨਾਦ, ਅਗਨੀ ਊਸ਼ਾ, ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹੰਮ ਦਾ ਸੰਕਲਪ, ਗੁਰੂ ਅਮਰਦਾਸ:ਸਰੋਤ ਪੁਸਤਕ ਆਦਿ ਸ਼ਾਮਿਲ ਹਨ।

**ਭੁਪਿੰਦਰ ਸਿੰਘ ਹਾਲੈਂਡ (1949)**

ਭੁਪਿੰਦਰ ਸਿੰਘ ਹਾਲੈਂਡ (ਜਨਮ: 13 ਅਕਤੂਬਰ 1949, ਅੰਮ੍ਰਿਤਸਰ) ਪ੍ਰਸਿੱਧ ਲੇਖਕ, ਸਮਾਜ ਸੇਵੀ ਤੇ ਮਿਸ਼ਨਰੀ ਹਨ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਐਸ.ਸੀ. ਕਰਨ ਉਪਰੰਤ 1973 ਵਿੱਚ ਨੀਦਰਲੈਂਡ ਗਏ ਅਤੇ ਆਈ.ਬੀ.ਐਮ. ਵਿੱਚ ਅਕਾਉਂਟ ਐਨਾਲਿਸਟ ਵਜੋਂ ਸੇਵਾ ਨਿਭਾਈ। ਯੂਰਪ ਵਿੱਚ ਸਿੱਖ ਯੋਧਿਆਂ ਦੀ ਯਾਦਗਾਰਾਂ ਸਥਾਪਨਾ ਅਤੇ ਸਿੱਖ ਇਤਿਹਾਸ ਉਤਸ਼ਾਅ ਨਾਲ ਉਜਾਗਰ ਕੀਤਾ। is ਉਹਨਾਂ ਦੀਆਂ ਪ੍ਰਮੁੱਖ ਕ੍ਰਿਤੀਆਂ ਹਨ: How Europe is indebted to the Sikhs (ਦੋਨੋਂ ਵਿਸ਼ਵ ਯੁੱਧਾਂ), The Dutch Sikhs: A Brief History (B@@I), Sikhs in World War I (2013), Sikhs in World War II (2014)। ਉਹ ਅੰਤਰਰਾਸ਼ਟਰੀ ਪੱਧਰ 'ਤੇ ਕਈ ਸਨਮਾਨ ਪ੍ਰਾਪਤ ਕਰ ਚੁੱਕੇ ਹਨ, ਜਿਵੇਂ Ambassador for Peace (Dutch), True Ambassador of Ypres-Belgium, ਅਤੇ ਸ਼੍ਰੋਮਣੀ ਕਮੇਟੀ ਆਦਿ ਵਲੋਂ ਸਨਮਾਨ।

**ਡਾ. ਸੰਤੋਖ ਸਿੰਘ ਸ਼ਹਰਯਾਰ (1949)**

ਡਾ. ਸ਼ਹਰਯਾਰ, ਕਵਿਤਾ, ਨਾਟਕ ਅਤੇ ਅਨੁਵਾਦ ਦੇ ਮਾਹਰ ਹਨ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ: ਅੱਥਰੀ ਵਾ, ਸਿਧਾਰਥ ਦੀ ਵਾਪਸੀ, ਜਲ੍ਹਿਆਂਵਾਲਾ ਬਾਗ, ਗੁਰੂ ਗੋਬਿੰਦ ਸਿੰਘ ਜੀ ਦੇ ਫਾਰਸੀ ਜ਼ਫਰਨਾਮਾ ਦਾ ਪੰਜਾਬੀ ਕਾਵਿ ਅਨੁਵਾਦ ਕੀਤਾ। ਉਨ੍ਹਾਂ ਦੀ ਕਲਮ ਸੰਵੇਦਨਸ਼ੀਲਤਾ ਅਤੇ ਸਾਜ਼ਗਾਰੀ ਦਾ ਉੱਤਮ ਨਮੂਨਾ ਹੈ।

**ਡਾ. ਧਰਮ ਸਿੰਘ (1950)**

ਡਾ. ਧਰਮ ਸਿੰਘ (ਜਨਮ: 5 ਮਈ 1950, ਕਾਲੇ ਘਣੂਪੁਰ, ਅੰਮ੍ਰਿਤਸਰ) ਪ੍ਰਤਿਭਾਸ਼ਾਲੀ ਖੋਜੀ ਵਿਦਵਾਨ ਅਤੇ ਸਾਹਿਤਕ ਆਲੋਚਕ ਹਨ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਮ.ਏ. (ਪੰਜਾਬੀ) ਅਤੇ ਪੀ.ਐਚ.ਡੀ. ਉਪਰੰਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਖੋਜ ਸਹਾਇਕ (1976-78), ਲੈਕਚਰਾਰ (1978-86) ਅਤੇ ਰੀਡਰ (1986-99) ਵਜੋਂ ਸੇਵਾ ਨਿਭਾਈ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਹਨ: ਚੋਣਵੇਂ ਕਿੱਸੇ ਕ੍ਰਿਤ ਪੂਰਨ ਰਾਮ (1974), ਹਾਤਮ ਨਾਮਾ ਕ੍ਰਿਤ ਕਵੀ ਸੌਂਧਾ (1982), ਪੰਜਾਬੀ ਦੇ ਪ੍ਰਵਾਨਿਤ ਖੋਜ ਨਿਬੰਧ (1985), ਸਾਹਿਤ ਅਵਲੋਕਨ (1990), ਪੰਜਾਬੀ ਸਾਹਿਤ ਦਾ ਇਤਿਹਾਸ (1700 ਈ. ਤੱਕ) (1999) ਅਤੇ ਪੰਜਾਬੀ ਖੋਜ ਦਾ ਇਤਿਹਾਸ (2017)। ਡਾ. ਧਰਮ ਸਿੰਘ ਦੀ ਰਚਨਾਤਮਕ ਯਾਤਰਾ ਵਿੱਚ ਕਵੀ ਸੌਂਧਾ: ਇਕ ਆਲੋਚਨਾਤਮਕ ਅਧਿਐਨ, ਪੰਜਾਬੀ ਸਾਹਿਤ: ਤੱਥ ਅਤੇ ਸਰੋਤ, ਪੰਜਾਬੀ ਖੋਜ ਦਾ ਇਤਿਹਾਸ, ਗੁਰੂ ਗ੍ਰੰਥ ਸਾਹਿਬ: ਸੰਪਾਦਨ ਦਾ ਪਿਛੋਕੜ, ਮੱਧ ਕਾਲੀਨ ਪੰਜਾਬੀ ਕਾਵਿ ਸੁੰਗਧੀਆਂ ਅਤੇ ਹੋਰ ਕਈ ਮਹੱਤਵਪੂਰਨ ਵਿਦਵਤਾਪੂਰਕ ਕਿਰਤਾਂ ਸ਼ਾਮਲ ਹਨ। ਉਹ ਮੱਧ ਕਾਲੀਨ ਪੰਜਾਬੀ ਸਾਹਿਤ, ਖੋਜ ਅਤੇ ਆਲੋਚਨਾ ਖੇਤਰ ਦੇ ਮਹੱਤਵਪੂਰਨ ਅਧਿਐਤਾ ਹਨ। ਈਮਾਨਦਾਰੀ, ਸਾਫਗੋਈ, ਤੇਜ਼ ਸੰਘਰਸ਼ਮਈ ਮਨੋਭਾਵ ਅਤੇ ਪ੍ਰਮਾਣਿਕਤਾ ਉਨ੍ਹਾਂ ਦੀ ਵਿਅਕਤੀਕਤ ਪਹਚਾਣ ਹੈ। ਕਿਸਾਨੀ ਅਤੇ ਮਿੱਟੀ ਨਾਲ ਜੁੜੇ ਜੀਵਨ ਮੁੱਲਾਂ ਲਈ ਉਹ ਡੂੰਘਾ ਆਦਰ ਰੱਖਦੇ ਹਨ। ਡਾ. ਧਰਮ ਸਿੰਘ ਨੇ ਆਪਣੇ ਵਿਦਵਤਾਪੂਰਕ ਯਤਨਾਂ ਰਾਹੀਂ ਪੰਜਾਬੀ ਸਾਹਿਤ ਨੂੰ ਨਵੀਂ ਦਿਸ਼ਾ ਦਿੱਤੀ ਹੈ।

**(ਚਲਦਾ)**



# ਟਰੰਪ ਦੀ ਧਮਕੀ ਨੂੰ ਨਜ਼ਰਅੰਦਾਜ਼ ਕਰੇ ਭਾਰਤ

ਆਦਿੱਤਿਆ ਸਿਨਹਾ

ਯੂਕਰੇਨ ਜੰਗ ਤੋਂ ਬਾਅਦ, ਭਾਰਤ ਰਿਆਇਤੀ ਦਰਾਂ 'ਤੇ ਰੂਸੀ ਕੱਚਾ ਤੇਲ ਖ਼ਰੀਦ ਰਿਹਾ ਹੈ। ਇਸ ਨਾਲ ਭਾਰਤ ਨੂੰ ਵੱਡਾ ਆਰਥਿਕ ਹੁਲਾਰਾ ਮਿਲਿਆ ਹੈ। ਭਾਰਤ ਜਿਸ ਬ੍ਰੈਂਟ ਕਰੂਡ ਦੇ ਅੰਤਰਰਾਸ਼ਟਰੀ ਪੱਧਰ 'ਤੇ ਤੇਲ ਦੀ ਖ਼ਰੀਦ ਕਰਦਾ ਆਇਆ ਹੈ, ਉਸ ਤੋਂ ਕਿਤੇ ਘੱਟ ਕੀਮਤ 'ਤੇ ਉਹ ਰੂਸ ਤੋਂ ਰੋਜ਼ਾਨਾ 17 ਤੋਂ 19 ਲੱਖ ਬੈਰਲ ਤੇਲ ਖ਼ਰੀਦ ਰਿਹਾ ਹੈ। ਇਸ ਨਾਲ ਭਾਰਤ ਨੂੰ ਘਰੇਲੂ ਤੇਲ ਦੀਆਂ ਕੀਮਤਾਂ ਨੂੰ ਕੰਟਰੋਲ ਕਰਨ, ਮਹਿੰਗਾਈ ਨੂੰ ਰੋਕਣ ਅਤੇ ਵਿਕਾਸ ਲਈ ਵਿੱਤੀ ਜਗ੍ਹਾ ਵਧਾਉਣ ਵਿਚ ਮਦਦ ਮਿਲੀ ਹੈ।

ਇਹ ਇਕ ਮੌਕਾਪ੍ਰਸਤ ਨੀਤੀ ਨਹੀਂ ਹੈ, ਸਗੋਂ ਅਸਥਿਰ ਵਿਸ਼ਵ ਬਾਜ਼ਾਰ ਵਿਚ ਰਾਸ਼ਟਰੀ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਕ ਯੋਜਨਾਬੱਧ ਕਦਮ ਹੈ। ਭਾਰਤ ਦਾ ਇਹ ਲਾਭ ਅਮਰੀਕਾ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਇਸ ਕਾਰਨ, ਅਮਰੀਕੀ ਰਾਸ਼ਟਰਪਤੀ ਨੇ ਭਾਰਤ 'ਤੇ 25 ਫ਼ੀਸਦੀ ਵਾਧੂ ਟੈਰਿਫ ਲਗਾਉਣ ਦਾ ਐਲਾਨ ਵੀ ਕੀਤਾ ਹੈ। ਇਹ 25 ਫ਼ੀਸਦੀ ਟੈਰਿਫ ਤੋਂ ਇਲਾਵਾ ਹੈ। ਭਾਰਤ 'ਤੇ ਜੁਰਮਾਨਾ ਲਗਾਉਣ ਪਿੱਛੇ ਟਰੰਪ ਦੀ ਦਲੀਲ ਬੇਕਾਰ ਜਾਪਦੀ ਹੈ, ਕਿਉਂਕਿ ਉਹ ਰੂਸੀ ਤੇਲ ਖ਼ਰੀਦਣ ਲਈ ਭਾਰਤ 'ਤੇ ਉੱਚ ਟੈਰਿਫ ਅਤੇ ਜੁਰਮਾਨਾ ਲਾ ਰਹੇ ਹਨ ਪਰ ਚੀਨ ਨੂੰ ਨਜ਼ਰਅੰਦਾਜ਼ ਕਰ ਰਹੇ ਹਨ, ਜੋ ਮਾਸਕੋ ਤੋਂ ਸਭ ਤੋਂ ਵੱਧ ਤੇਲ ਖ਼ਰੀਦਦਾ ਹੈ। ਜਿਸ ਤਰ੍ਹਾਂ ਇਸ ਮਾਮਲੇ ਵਿਚ ਭਾਰਤ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਇਹ ਸਿਰਫ਼ ਇਕ ਵਪਾਰਕ ਵਿਵਾਦ ਨਹੀਂ ਹੈ ਸਗੋਂ ਸਾਡੀ ਪ੍ਰਭੂਸੱਤਾ ਨੀਤੀ ਨਿਰਮਾਣ ਨੂੰ ਵੀ ਚੁਣੌਤੀ ਦਿੰਦਾ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਭਾਰਤ 'ਤੇ ਰੂਸ ਤੋਂ ਤੇਲ ਨਾ ਖ਼ਰੀਦਣ ਲਈ ਦਬਾਅ ਪਾ ਰਹੇ ਹਨ ਜਦੋਂ ਕਿ ਉਹ ਦਾਅਵਾ ਕਰਦੇ ਹਨ ਕਿ ਰੂਸ ਨਾਲ ਉਨ੍ਹਾਂ ਦੀ ਗੱਲਬਾਤ ਸਹੀ ਦਿਸ਼ਾ ਵਿਚ ਚੱਲ ਰਹੀ ਹੈ। ਭਾਰਤ ਨੂੰ ਉਨ੍ਹਾਂ ਵੱਲੋਂ ਨਿਸ਼ਾਨਾ ਬਣਾਏ ਜਾਣ ਤੋਂ ਬਾਅਦ, ਤੇਲ ਦੀਆਂ ਕੀਮਤਾਂ ਅਤੇ ਅਮਰੀਕੀ ਬਾਜ਼ਾਰਾਂ ਵਿਚ ਹਲਚਲ ਮਚ ਗਈ ਹੈ। ਅਜਿਹੇ ਹਾਲਾਤ ਵਿਚ, ਤੇਲ ਖ਼ਰੀਦਣ ਦੇ ਭਾਰਤ ਦੇ ਫ਼ੈਸਲੇ ਦਾ ਸਿਆਸੀਕਰਨ ਵਿਆਪਕ ਊਰਜਾ ਸਥਿਰਤਾ ਦ੍ਰਿਸ਼ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਵੈਸੇ ਵੀ, ਇਹ ਰਵੱਈਆ ਸਹੂਲਤ ਅਨੁਸਾਰ ਅਪਣਾਇਆ ਜਾ ਰਿਹਾ ਹੈ।

ਯੂਰਪੀ ਯੂਨੀਅਨ ਨੇ 2024 ਵਿਚ ਰੂਸ ਨਾਲ 67.5 ਅਰਬ ਡਾਲਰ ਦਾ ਵਪਾਰ ਕੀਤਾ ਸੀ। ਜਦੋਂ ਕਿ 2024 ਵਿਚ ਹੀ, ਯੂਰਪ ਨੇ ਰੂਸ ਤੋਂ 1.65 ਕਰੋੜ ਟਨ ਐੱਲਐੱਨਜੀ ਦੀ ਰਿਕਾਰਡ ਮਾਤਰਾ ਦਰਾਮਦ ਕੀਤੀ। ਇਹ ਇਸ ਵਿਸ਼ਵਾਸ ਨੂੰ ਮਜ਼ਬੂਤ ਕਰ ਰਿਹਾ ਹੈ ਕਿ ਭਾਰਤ ਨੂੰ ਸਿਆਸੀ ਕਾਰਨਾਂ ਨਾਲ ਪਰੇਸ਼ਾਨ ਕੀਤਾ ਜਾ ਰਿਹਾ ਹੈ, ਜਦਕਿ ਅਮਰੀਕਾ ਨੇ ਪੱਛਮੀ ਸਹਿਯੋਗੀਆਂ ਨੂੰ ਛੋਟ ਦਿੱਤੀ ਹੈ। ਰੂਸੀ ਤੇਲ ਖ਼ਰੀਦ ਕੇ, ਭਾਰਤ ਨੇ ਨਾ ਸਿਰਫ਼ ਆਪਣੀ ਆਰਥਿਕਤਾ ਨੂੰ ਲਾਭ ਪਹੁੰਚਾਇਆ ਹੈ ਬਲਕਿ ਵਿਸ਼ਵ ਪੱਧਰੀ ਮਹਿੰਗਾਈ ਦਬਾਅ ਨੂੰ ਕੰਟਰੋਲ ਕਰਨ ਵਿਚ ਵੀ ਮਦਦ ਕੀਤੀ ਹੈ। ਭਾਰਤ ਰੂਸੀ ਤੇਲ ਬਰਾਮਦ ਦਾ ਇਕ ਵੱਡਾ ਹਿੱਸਾ ਖ਼ਪਤ ਕਰ ਰਿਹਾ ਹੈ। ਜੇਕਰ ਭਾਰਤ ਅਜਿਹਾ ਨਹੀਂ ਕਰਦਾ ਤਾਂ ਵਧੇ ਹੋਏ ਲੌਜਿਸਟਿਕਸ ਅਤੇ ਹੋਰ ਲਾਗਤਾਂ ਕਾਰਨ, ਅੰਤਰਰਾਸ਼ਟਰੀ ਬਾਜ਼ਾਰ ਵਿਚ ਤੇਲ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋ ਸਕਦਾ ਸੀ। ਦੁਨੀਆ ਪਹਿਲਾਂ ਹੀ ਊਰਜਾ, ਭੋਜਨ ਅਤੇ ਆਵਾਜਾਈ ਦੇ ਪੱਧਰ 'ਤੇ ਮਹਿੰਗਾਈ ਤੋਂ ਪੀੜਤ ਹੈ, ਫਿਰ ਭਾਰਤ ਵੱਲੋਂ ਰੂਸੀ ਦਰਾਮਦ ਦੀ ਅਣਹੋਂਦ ਵਿਚ ਇਹ ਸਮੱਸਿਆ ਹੋਰ ਵਧਣੀ ਤੈਅ ਸੀ। ਵਿਸ਼ਵ ਪੱਧਰੀ ਸਥਿਤੀ ਬਦ ਤੋਂ ਬਦਤਰ ਹੋ ਜਾਣੀ ਸੀ।

ਘਰੇਲੂ ਮੋਰਚੇ 'ਤੇ ਵੀ, ਰੂਸੀ ਦਰਾਮਦ ਨੂੰ ਘਟਾਉਣ ਦਾ ਮਤਲਬ ਪੱਛਮੀ ਏਸ਼ਿਆਈ ਸਪਲਾਈ ਨੂੰ ਮਹਿੰਗਾ ਕਰਨਾ, ਉੱਚ ਆਵਾਜਾਈ ਲਾਗਤਾਂ ਨੂੰ ਸਹਿਣ ਕਰਨਾ ਅਤੇ ਇਸ ਨਵੀਂ ਖੇਪ ਨੂੰ ਪ੍ਰੋਸੈੱਸ ਕਰਨ ਲਈ ਰਿਫਾਇਨਰੀਆਂ ਵਿਚ ਜ਼ਰੂਰੀ ਬਦਲਾਅ ਕਰਨਾ ਪਵੇਗਾ। ਇਸ ਦੇ ਨਤੀਜੇ ਵਜੋਂ ਜਾਂ ਤਾਂ ਖ਼ਪਤਕਾਰਾਂ ਲਈ ਈਂਧਨ ਦੀਆਂ ਕੀਮਤਾਂ ਵਧ ਜਾਣਗੀਆਂ ਜਾਂ ਸਰਕਾਰ ਨੂੰ ਤੇਲ ਸਬਸਿਡੀਆਂ ਵਧਾਉਣੀਆਂ ਪੈਣਗੀਆਂ, ਜਿਸ ਨਾਲ ਬੁਨਿਆਦੀ ਢਾਂਚੇ ਅਤੇ ਭਲਾਈ ਯੋਜਨਾਵਾਂ 'ਤੇ ਖ਼ਰਚ ਕਰਨ ਲਈ ਇਸ ਦੀ ਵਿੱਤੀ ਗੁੰਜਾਇਸ਼ ਘੱਟ ਜਾਵੇਗੀ।

ਇਸ ਮੁੱਦੇ ਨਾਲ ਸਬੰਧਤ ਸਿਆਸੀ ਪਹਿਲੂ ਵੀ ਬਹੁਤ ਮਹੱਤਵਪੂਰਨ ਹਨ। ਅਮਰੀਕਾ ਭਾਰਤ ਨੂੰ ਹਿੰਦ-ਪ੍ਰਸ਼ਾਂਤ ਖੇਤਰ ਵਿਚ ਇਕ ਰਣਨੀਤਕ ਭਾਈਵਾਲ ਕਹਿੰਦਾ ਹੈ ਅਤੇ ਇਸ ਨੂੰ ਚੀਨ ਦੇ ਵਿਰੋਧੀ ਵਜੋਂ ਦੇਖਦਾ ਹੈ। ਕੀ ਕੋਈ ਕਿਸੇ ਰਣਨੀਤਕ ਭਾਈਵਾਲ 'ਤੇ ਟੈਰਿਫ ਲਗਾਉਣ ਅਤੇ ਵਧਾਉਣ ਦੀ ਧਮਕੀ ਦਿੰਦਾ ਹੈ ਅਤੇ ਜਨਤਕ ਤੌਰ 'ਤੇ ਆਪਣੀ ਊਰਜਾ ਨੀਤੀ ਬਾਰੇ ਰੌਲਾ ਪਾਉਂਦਾ ਹੈ? ਅਜਿਹੇ ਹਮਲਾਵਰ ਕਦਮ ਰੱਖਿਆ, ਤਕਨੀਕ ਅਤੇ ਆਰਥਿਕ ਸਹਿਯੋਗ ਵਿਚ ਦਹਾਕਿਆਂ ਦੇ ਵਿਸ਼ਵਾਸ ਨੂੰ ਸੱਟ ਪਹੁੰਚਾਉਂਦੇ ਹਨ। ਇਹ ਭਾਰਤ ਨੂੰ ਵਾਸ਼ਿੰਗਟਨ ਨਾਲ ਭਵਿੱਖ ਦੀ ਸਰਗਰਮੀ ਬਾਰੇ ਵੀ ਵਧੇਰੇ ਚੌਕਸ ਬਣਾ ਦੇਵੇਗਾ, ਤੇ ਦੁਵੱਲੇ ਸਬੰਧਾਂ ਵਿਚ ਰਫ਼ਤਾਰ ਨੂੰ ਘਟਾ ਦੇਵੇਗਾ।

ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਭਾਰਤ ਨੇ ਹਮੇਸ਼ਾ ਆਪਣੀ ਵਿਦੇਸ਼ ਨੀਤੀ ਦੀ ਖ਼ੁਦਮੁਖਤਿਆਰੀ ਦੀ ਰੱਖਿਆ ਕੀਤੀ ਹੈ। ਭਾਰਤ ਮਹਾਂਸ਼ਕਤੀਆਂ ਦੇ ਦਬਾਅ ਦੇ ਦੌਰ ਵਿਚ ਵੀ ਨਹੀਂ ਝੁਕਿਆ। ਵਿਦੇਸ਼ ਨੀਤੀ ਵਿਚ ਭਾਰਤ ਦਾ ਇਹ ਸੁਤੰਤਰ ਰਵੱਈਆ ਯੂਕਰੇਨ ਜੰਗ ਵਿਚ ਵੀ ਉਜਾਗਰ ਹੋਇਆ, ਜਦੋਂ ਭਾਰਤ ਪੱਛਮੀ ਦੇਸ਼ਾਂ ਵੱਲੋਂ ਭੜਕਾਹਟਾਂ ਦੇ ਬਾਵਜੂਦ ਆਪਣੇ ਸਟੈਂਡ 'ਤੇ ਕਾਇਮ ਰਿਹਾ। ਹਾਲ ਹੀ ਵਿਚ, ਪ੍ਰਧਾਨ ਮੰਤਰੀ ਮੋਦੀ ਨੇ ਇਹ ਵੀ ਜ਼ਿਕਰ ਕੀਤਾ ਕਿ ਵਿਸ਼ਵ ਪੱਧਰੀ ਅਸਥਿਰਤਾ ਦੇ ਇਸ ਦੌਰ ਵਿਚ, ਹਰ ਦੇਸ਼ ਆਪਣੇ ਹਿਤਾਂ ਨੂੰ ਤਰਜੀਹ ਦੇ ਰਿਹਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਇਹ ਵੀ ਸਪੱਸ਼ਟ ਕੀਤਾ ਕਿ ਰੂਸ ਤੋਂ ਦਰਾਮਦ ਵਧੀ ਹੈ ਕਿਉਂਕਿ ਰਵਾਇਤੀ ਖਾੜੀ ਸਪਲਾਇਰਾਂ ਵੱਲੋਂ ਯੂਰਪ ਵੱਲ ਮੁੜਨ ਨਾਲ ਅਜਿਹੇ ਹਾਲਾਤ ਪੈਦਾ ਹੋਏ ਹਨ ਅਤੇ ਅਮਰੀਕਾ ਅਤੇ ਹੋਰ ਪੱਛਮੀ ਦੇਸ਼ ਖ਼ੁਦ ਰੂਸ ਤੋਂ ਊਰਜਾ ਖ਼ਰੀਦ ਕੇ ਇਸ ਮਾਮਲੇ ਵਿਚ ਦੋਹਰੇ ਮਾਪਦੰਡ ਦਿਖਾ ਰਹੇ ਹਨ।

ਜੇਕਰ ਭਾਰਤ ਅਤੇ ਚੀਨ ਮੌਜੂਦਾ ਹਾਲਾਤ ਵਿਚ ਰੂਸੀ ਤੇਲ ਦੀ ਦਰਾਮਦ ਕਰਨਾ ਬੰਦ ਕਰ ਦਿੰਦੇ ਹਨ, ਤਾਂ ਕੱਚੇ ਤੇਲ ਦੀਆਂ ਕੀਮਤਾਂ ਅਚਾਨਕ ਪ੍ਰਤੀ ਬੈਰਲ 20 ਡਾਲਰ ਤੱਕ ਵੱਧ ਸਕਦੀਆਂ ਹਨ। ਦੁਨੀਆ ਨੂੰ ਲੰਬੇ ਸਮੇਂ ਤੱਕ ਉੱਚੀਆਂ ਕੀਮਤਾਂ ਦੇ ਨਾਲ-ਨਾਲ ਸਪਲਾਈ ਰੁਕਾਵਟ ਦਾ ਸਾਹਮਣਾ ਕਰਨ ਲਈ ਮਜਬੂਰ ਹੋਣਾ ਪਵੇਗਾ। ਸਸਤੇ ਰੂਸੀ ਤੇਲ ਦੇ ਨਾ ਸਿਰਫ਼ ਵਪਾਰਕ ਲਾਭ ਹਨ, ਸਗੋਂ ਇਹ ਭਾਰਤ ਦੀ ਵਿਸ਼ਾਲ ਆਰਥਿਕ ਸਥਿਰਤਾ ਦਾ ਇਕ ਮਜ਼ਬੂਤ ਥੰਮ੍ਹ ਵੀ ਹੈ, ਜੋ ਵਿਸ਼ਵ ਬਾਜ਼ਾਰ ਨੂੰ ਸੰਤੁਲਨ ਵੀ ਪ੍ਰਦਾਨ ਕਰ ਰਿਹਾ ਹੈ। ਕਿਸੇ ਵੀ ਤਰ੍ਹਾਂ ਦੇ ਰਾਜਨੀਤਿਕ ਦਬਾਅ ਹੇਠ ਇਸ ਨੂੰ ਛੱਡਣ ਨਾਲ ਆਰਥਿਕ ਤਾਕਤ ਅਤੇ ਰਣਨੀਤਕ ਖ਼ੁਦਮੁਖਤਿਆਰੀ ਦੋਵਾਂ ਨੂੰ ਨੁਕਸਾਨ ਹੋਵੇਗਾ।

ਜਦੋਂ ਵਿਸ਼ਵ ਪੱਧਰੀ ਊਰਜਾ ਦ੍ਰਿਸ਼ ਅਸਥਿਰਤਾ ਅਤੇ ਗ਼ੈਰਯਕੀਨੀ ਦਾ ਸਾਹਮਣਾ ਕਰ ਰਿਹਾ ਹੈ ਅਤੇ ਓਪੇਕ ਪਲੱਸ ਦੇਸ਼ ਸਪਲਾਈ ਵਿਚ ਸੰਭਾਵਿਤ ਤਾਲਮੇਲ ਦਾ ਸੰਕੇਤ ਦੇ ਰਹੇ ਹਨ ਅਤੇ ਬਾਜ਼ਾਰ ਕੂਟਨੀਤਕ ਵਿਕਾਸ ਤੋਂ ਪ੍ਰਭਾਵਿਤ ਹੋ ਰਹੇ ਹਨ, ਤਾਂ ਭਾਰਤ ਨੂੰ ਹਰ ਕੀਮਤ 'ਤੇ ਆਪਣੀ ਆਰਥਿਕ ਅਤੇ ਰਣਨੀਤਕ ਨਿਰਪੱਖਤਾ ਬਣਾਈ ਰੱਖਣੀ ਚਾਹੀਦੀ ਹੈ। ਉਸ ਨੂੰ ਇਸ ਸਬੰਧ 'ਚ ਕਿਸੇ ਬਾਹਰੀ ਤਾਕਤ ਦੇ ਦਬਾਅ 'ਚ ਆ ਕੇ ਕੋਈ ਫ਼ੈਸਲਾ ਨਹੀਂ ਲੈਣਾ ਚਾਹੀਦਾ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਊਰਜਾ ਸੁਰੱਖਿਆ ਰਾਸ਼ਟਰੀ ਸੁਰੱਖਿਆ ਦਾ ਇਕ ਜ਼ਰੂਰੀ ਤੱਤ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਦਬਾਅ ਹੇਠ ਇਸ ਨਾਲ ਸਮਝੌਤਾ ਕਰਨ ਨਾਲ ਭਵਿੱਖ ਦੇ ਕਿਸੇ ਵੀ ਸੰਕਟ ਨਾਲ ਨਜਿੱਠਣ ਲਈ ਭਾਰਤ ਦੀਆਂ ਸਮਰੱਥਾਵਾਂ ਕਮਜ਼ੋਰ ਹੋ ਜਾਣਗੀਆਂ।

# ਕਬਜ਼ - ਹੈ 100 ਰੋਗਾਂ ਦੀ ਜੜ











ਅਨਿਲ ਧੀਰ
ਕਾਲਮਨਿਸਟ
healthmedia1@hotmail.com

ਵਿਸ਼ਵ ਭਰ ’ਚ ਹਰ ਤੀਜਾ ਵਿਅਕਤੀ ਲਾਈਫ ਸਟਾਈਲ ਨਾਲ ਜੁੜੀ ਆਮ ਸ਼ਿਕਾਇਤ ਕਬਜ਼ ਦਾ ਸ਼ਿਕਾਰ ਹੋ ਚੁੱਕਾ ਹੈ। ਗੰਭੀਰ ਕਬਜ਼ ਦ ਸਿਮੱਸਿਆ ਨੇ ਅਮਰੀਕਾ ’ਚ ਕਰੀਬਨ 64.5 ਮਿਲੀਅਨ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ। ਇਨਾਂ ’ਚ ਛੋਟੇ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਅਤੇ ਸਨਿਅਰਜ਼ ਸ਼ਾਮਲ ਹਨ। ਕਬਜ਼ ਦੀ ਹਾਲਤ ’ਚ ਮੱਲ ਯਾਨਿ ਸਟੂਲ ਮੁਸ਼ਕਲ ਨਾਲ ਪਾਸ ਹੁੰਦਾ ਹੈ। ਲਗਾਤਾਰ ਕਬਜ਼ ਦੀ ਹਾਲਤ ’ਚ ਰੋਗੀ ਵਾਸ਼ਰੂਮ ’ਚ 40 ਤੋਂ 50 ਮਿਨਟ ਲਗਾ ਕੇ ਵੀ, ਬਿਨਾ ਕੁਝ ਕੀਤੇ ਬਾਹਰ ਆ ਜਾਂਦਾ ਹੈ। ਕਦੇ-ਕਦੇ ਮੱਲ ਸਖਤ ਅਤੇ ਥੋੜਾ-ਥੋੜਾ ਬਾਹਰ ਅਉਂਦਾ ਹੈ।

ਪੇਟ-ਦਰਦ ਦੇ ਨਾਲ ਪੇਟ ਅੰਦਰ ਹਵਾ ਭਰੀ ਮਹਿਸੂਸ ਹੁੰਦੀ ਹੈ। ਪੇਟ ਸ਼ਾਫ ਨਾ ਹੋਣ ਕਰਕੇ ਪੂਰਾ ਦਿਨ ਥਕਾਵਟ ’ਤੇ ਘਬਰਾਹਟ ਰਹਿੰਦੀ ਹੈ। ਅੰਤੜੀਆਂ ਸਖਤ ਹੋ ਜਾਂਦੀਆਂ ਹਨ। ਸ਼ੁਰੂ ’ਚ ਧਿਆਨ ਨਾ ਦੇਣ ਨਾਲ ਕਈ ਬਿਮਾਰੀਆਂ ਹੋਰ ਲੱਗ ਜਾਂਦੀਆਂ ਹਨ। ਕਬਜ਼ ਪੁਰਾਣੀ ਹੋ ਜਾਣ ਕਰਕੇ ਬਵਾਸੀਰ, ਗੁਦਾ ਤੰਗ ਫੇਲ ਹੋਣ ਦਾ ਅਸਰ ਦੇਖਿਆ ਜਾਂਦਾ ਹੈ। ਕਈ ਬਾਰ ਤਾਂ ਵੀਕ ’ਚ 1-2 ਬਾਰ ਹੀ ਪੇਟ ਸਾਫ ਹੁੰਦਾ ਹੈ। ਅੰਤੜੀਆਂ ’ਚ ਰੁਕਿਆ ਹੋਇਆ ਮੱਲ ਗੁੰਝਲਦਾਰ ’ਤੇ ਸਖਤ, ਰੁੱਕ-ਰੁੱਕ ਕੇ ਬਾਹਰ ਆਉਂਦਾ ਹੈ। ਪੁਰਾਣੇ ਰੋਗੀ ਆਪਣੀ ਗੁਦਾ ਵਿੱਚੋਂ ਮੱਲ ਉਂਗਲ ਨਾਲ ਬਾਹਰ ਕੱਢਨ ਦਾ ਯਤਨ ਵੀ ਕਰਦੇ ਹਨ।

ਜੰਕ ਫੂਡ, ਮੈਦਾ, ਮਿਰਚ-ਮਸਾਲੇਦਾਰ, ਦੇਰ ਨਾਲ ਪਚਣ ਵਾਲੇ ਪਦਾਰਥ, ਯਾਨਿ ਮਾੜੀ ਖੂਰਾਕ ਦਾ ਲਗਾਤਾਰ ਇਸਤੇਮਾਲ ਚੰਗੇ-ਭਲੇ ਨੂੰ ਕਬਜ਼ ਦਾ ਰੋਗੀ ਬਣਾ ਦਿੰਦਾ ਹੈ। ਰੂਟੀਨ ’ਚ ਜਦੋਂ ਪਾਣੀ ਵਗੈਰਾ ਤਰਲ ਪਦਾਰਥ ਘੱਟ ਪੀਣ ਕਰਕੇ ਕਬਜ਼ ਵਾਲੀ ਹਾਲਤ ਪੈਦਾ ਹੋ ਜਾਂਦੀ ਹੈ। ਪਾਚਕ ਟ੍ਰੈਕਟ ’ਚ ਜਮਾਂ ਹੋਇਆ ਮੱਲ ਹੋਲੀ-ਹੋਲੀ ਪਾਸ ਹੋ ਕੇ ਅੰਤੜੀਆਂ, ਗੁਦਾ ’ਚ ਰੁਕਾਵਟ ਪੈਦਾ ਕਰ ਦਿੰਦਾ ਹੈ। ਗੁਦਾ ਅੰਦਰ ਅਤੇ ਆਸਪਾਸ ਦੀਆਂ ’ਚ ਸੋਜ਼ ਹੋ ਸਕਦੀ ਹੈ। ਕੋਲਨ ’ਤੇ ਗੁਦਾ ਦੇ ਕੈਂਸਰ ਸੰਭਾਵਨਾ ਬਣੀ ਰਹਿੰਦੀ ਹੈ।

**ਧਿਆਨ ਦੇਣ ਦੀ ਹੈ ਲੋੜ:**

- ਆਪਣੀ ਖੂਰਾਕ ’ਚ ਡੇਲੀ 20-35 ਗ੍ਰਾਮ ਫਾਇਬਰ ਬ੍ਰਾਨ ਦੇ ਅਨਾਜ, ਓਟਮੀਲ, ਬਾਦਾਮ, ਜੌਂ, ਹਰੀ ਸਬਜ਼ੀਆਂ, ਤਾਜ਼ੇ ਫੱਲ, ਬੀਨਜ, ਹੋਲ ਵੀਟ, ਵਗੈਰਾ ਨੂੰ ਸ਼ਾਮਿਲ ਕਰੋ।
- ਰੋਜਾਨਾ ਵਰਕ-ਆਉਟ, ਸੈਰ, ਯੋਗਾ ਮੇਡੀਟੇਸ਼ਨ ਕਰਨਾ ਸ਼ੁਰੂ ਕਰ ਦਿਓ। ਬਿਨਾ ਮਤਲਬ ਦੇ ਸਟ੍ਰੈਸ ਤੋਂ ਦੂਰ ਰਹੋ।
- ਮੱਲ-ਤਿਆਗ ਮਹਿਸੂਸ ਹੁੰਦੇ ਹੀ ਨਜ਼ਰਅੰਦਾਜ਼ ਨਾ ਕਰੋ, ਬਲਕਿ ਫਾਰਿਗ ਹੋ ਕੇ ਆਓ।
- ਸਬਜ਼ੀਆਂ ਦਾ ਸੂਪ, ਫਲਾਂ ਦਾ ਰੱਸ, ਗ੍ਰੀਨ-ਟੀ, ਨਮਕੀਨ ਨਿੰਬੂ-ਪਾਣੀ, ਕੋਸਾ ਪਾਣੀ, ਜ਼ਿਆਦਾ ਇਸਤੇਮਾਲ ਕਰੋ।
- ਪਰੂਨ ਫੱਲ ਦਾ ਮੁਰੱਬਾ ਧੋ ਕੇ 1-2 ਪੀਸ ਗਰਮ ਦੁੱਧ ਨਾਲ ਲੈ ਸਕਦੇ ਹੋ।
- ਚਟਪਟੇ, ਮਸਾਲੇਦਾਰ, ਤਲੇ ਹੋਏ ਅਤੇ ਪ੍ਰੋਸੈਸਡ ਪਦਾਰਥ ਘੱਟ ਲਵੋ।
- ਫਲੈਕਸ ਸੀਡ ਪਾਉਡਰ 1 ਚਮਚ ਸਵੇਰੇ-ਸ਼ਾਮ ਕੋਸੇ ਪਾਣੀ ਨਾਲ ਜਾਂ ਯੋਗਰਟ ’ਚ ਮਿਲਾ ਕੇ ਸੇਵਨ ਕਰਨ ਨਾਲ ਪੇਟ ਦਿਨ ਭਰ ਹਲਕਾ ਰਹਿੰਦਾ ਹੈ।
- ਸਾਫਟ-ਡ੍ਰਿੰਕਸ ਕਬਜ਼ ਵੱਧਾ ਸਕਦੇ ਹਨ। ਡੇਲੀ 8-10 ਗਲਾਸ ਪਾਣੀ ਪੀਣ ਦੀ ਆਦਤ ਪਾ ਲਵੋ।
- ਅਸਲੀ ਬਦਾਮ ਤੇਲ ਦੀ 15-20 ਬੂੰਦਾਂ ਬਿਨਾਂ ਚੀਨੀ ਗਰਮ ਦੁੱਧ ’ਚ ਮਿਲਾ ਕੇ ਲੈ ਸਕਦੇ ਹੋ।

**ਨੋਟ:** ਕਮਜ਼ੋਰ ਪਾਚਨ-ਸਿਸਟਮ ਦੀ ਹਾਲਤ ’ਚ ਭਵਿੱਖ ’ਚ ਗੰਭੀਰ ਬਿਮਾਰੀਆਂ ਤੋਂ ਬਚਾਅ ਲਈ ਆਪਣੇ ਫੈਮਿਲੀ ਡਾਕਟਰ ਦੇ ਸੰਪਰਕ ਰਹਿਣ ਦੀ ਲੋੜ ਹੁੰਦੀ ਹੈ।

# ਦਿਮਾ.ਗੀ ਤੇ ਸਰੀਰਕ ਸਿਹਤਯਾਬੀ ਲਈ ਬੇਹੱਦ ਜ਼ਰੂਰੀ ਹੈ ‘ਆਰਾਮ’

ਅਸ਼ਵਨੀ ਚਤਰਥ

ਰੋਜ਼ਾਨਾ ਦੀ ਭੱਜ ਦੌੜ ਵਾਲੀ ਜ਼ਿੰਦਗੀ ਵਿਚ ਕਈ ਵਾਰ ਅਸੀਂ ਸਰੀਰਕ ਅਤੇ ਦਿਮਾ.ਗੀ ਤੌਰ ’ਤੇ ਅੱਕੇ ਜਾਂ ਥੱਕੇ ਮਹਿਸੂਸ ਕਰਨ ਲੱਗ ਜਾਂਦੇ ਹਾਂ। ਅਜਿਹੇ ਵਿਚ ਸਾਨੂੰ ਸਾਡੀ ਆਪਣੀ ਹੀ ਜ਼ਿੰਦਗੀ ਤੋਂ ਕੁਝ ਸਰੀਰਕ ਅਤੇ ਮਾਨਸਿਕ ਨਕਾਰਵਾਦੀ ਲੱਛਣ ਨਜ਼ਰ ਆਉਣੇ ਸ਼ੁਰੂ ਹੋ ਜਾਂਦੇ ਹਨ ਜਿਵੇਂ ਸੁਭਾਅ ਵਿਚ ਚਿੜਚਿੜਾਪਣ ਆਉਣਾ, ਸਰੀਰਕ ਥਕਾਵਟ ਮਹਿਸੂਸ ਕਰਨਾ, ਕੰਮ ਕਰਨ ਨੂੰ ਮਨ ਨਾ ਕਰਨਾ ਜਾਂ ਫਿਰ ਆਪਣੇ ਹੀ ਕੰਮ ਵਿਚ ਧਿਆਨ ਕੇਂਦਰਿਤ ਨਾ ਕਰ ਪਾਉਣਾ ਆਦਿ। ਅਜਿਹੇ ਵਿਚ ਜ਼ਿੰਦਗੀ ਨੂੰ ਮੁੜ ਤੋਂ ਲੀਹ ’ਤੇ ਲਿਆਉਣ ਲਈ ਅਤੇ ਸਰੀਰ ਨੂੰ ਮੁੜ ਊਰਜਾਵਾਨ ਬਣਾਉਣ ਅਤੇ ਮਨ ਨੂੰ ਸ਼ਾਂਤ ਕਰਨ ਲਈ ਅਸੀਂ ਪੰਜ ਕਿਸਮ ਦੇ ਆਰਾਮਾਂ ਦਾ ਸਹਾਰਾ ਲੈ ਸਕਦੇ ਹਾਂ। ਪਹਿਲਾ ਹੈ ‘ਸਰੀਰਕ ਆਰਾਮ’। ਸਾਡਾ ਸਰੀਰ ਉਸ ਵੇਲੇ ਸਰੀਰਕ ਆਰਾਮ ਦੀ ਲੋੜ ਮਹਿਸੂਸ ਕਰਦਾ ਹੈ, ਜਦੋਂ ਸਰੀਰ ਥੱਕਿਆ ਥੱਕਿਆ ਰਹੇ ਜਾਂ ਕਮੋਜ਼ਰੀ ਮਹਿਸੂਸ ਕਰੇ ਜਾਂ ਫਿਰ ਲੱਤਾਂ ਬਾਹਾਂ ਦੀਆਂ ਦਰਦਾਂ ਆਏ ਦਿਨ



ਚੰਬੜੀਆਂ ਰਹਿਣ। ਇਸ ਦੌਰਾਨ ਸਰੀਰ ਦੇ ਪੱਠੇ ਆਕੜ ਜਾਂਦੇ ਹਨ, ਊਰਜਾ ਦੀ ਘਾਟ ਮਹਿਸੂਸ ਹੁੰਦੀ ਹੈ, ਬੇਚੈਨੀ ਦਾ ਅਹਿਸਾਸ ਹੁੰਦਾ ਹੈ ਅਤੇ ਕਿਸੇ ਵੀ ਕੰਮ ਨੂੰ ਕਰਨ ਦੀ ਸਮਰੱਥਾ ਘੱਟ ਜਾਂਦੀ ਹੈ। ਸਰੀਰਕ ਥਕਾਵਟ ਨੂੰ ਦੂਰ ਕਰਨ ਲਈ ਸਾਨੂੰ ਘੱਟ ਤੋਂ ਘੱਟ 7 ਤੋਂ ਅੱਠ ਘੰਟਿਆਂ ਦੀ ਨੀਂਦ ਲੈਣੀ ਚਾਹੀਦੀ ਹੈ ਅਤੇ ਕੰਮਕਾਜੀ ਸਮੇਂ ਦੌਰਾਨ ਵੀ 15 ਤੋਂ 20 ਮਿੰਟਾਂ ਲਈ ਠੌਂਕਾ (ਰੂਟੀਨ ਦੇ ਕੰਮ ਨੂੰ ਛੱਡ ਕੇ ਕੁਝ ਪਲਾਂ ਲਈ ਆਰਾਮ ਕਰਨਾ) ਲਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਰੀਰਕ ਥਕਾਵਟ ਤੋਂ ਇਲਾਵਾ ‘ਦਿਮਾ.ਗੀ ਥਕਾਵਟ’ ਵੀ ਆਦਮੀ ਨੂੰ ਬੇਚੈਨ ਕਰਦੀ ਹੈ। ਇਸ ਦੇ ਲੱਛਣ ਹਨ ਜਿਵੇਂ ਆਪਣੇ ਕੰਮ ਉੱਤੇ ਧਿਆਨ ਕੇਂਦਰਿਤ ਨਾ ਕਰ ਪਾਉਣਾ, ਆਲੇ-ਦੁਆਲੇ ਦੇ ਲੋਕਾਂ ਨਾਲ ਜਲਦੀ ਹੀ ਖਿੱਝ ਜਾਣਾ, ਧੁੰਦਲਾ ਨਜ਼ਰ ਆਉਣਾ ਜਾਂ ਫਿਰ ਅੱਖਾਂ ਦਾ ਭਾਰਾਪਣ ਹੋਣਾ ਆਦਿ। ਇਨ੍ਹਾਂ ਲੱਛਣਾਂ ਤੋਂ ਛੁਟਕਾਰਾ ਪਾਉਣ ਲਈ ਆਦਮੀ ਨੂੰ ਧਿਆਨ ਸਿਮਰਨ ਕਰਨ, ਯੋਗਾ ਕਰਨ ਜਾਂ ਫਿਰ ਥੋੜ੍ਹੇ ਸਮੇਂ ਲਈ ਬਿਨਾਂ ਕੰਮ ਕੀਤਿਆਂ ਵਿਹਲੇ ਰਹਿ ਕੇ ‘ਦਿਮਾ.ਗ ਨੂੰ ਆਰਾਮ’ ਦੇਣਾ ਚਾਹੀਦਾ ਹੈ। ਇਨ੍ਹਾਂ ਤੋਂ ਇਲਾਵਾ ਸਾਡਾ ਸਰੀਰ ਕਈ ਵਾਰ ‘ਭਾਵਨਾਤਮਿਕ ਥਕੇਵਾਂ’ ਵੀ ਮਹਿਸੂਸ ਕਰਦਾ ਹੈ। ਇਸ ਦੇ ਲੱਛਣ ਹਨ ਜਿਵੇਂ ਬੇਲੋੜੀ ਚਿੰਤਾ ਹੋਣਾ ਜਾਂ ਫਿਰ ਆਪਣੇ ਕੀਤੇ ਕੰਮਾਂ ਉੱਤੇ ਵਿਸ਼ਵਾਸ ਨਾ ਹੋਣਾ। ਇਸ ਅਵਸਥਾ ਵਿਚ ‘ਭਾਵਨਾਤਮਿਕ ਆਰਾਮ’ ਦੀ ਲੋੜ ਹੁੰਦੀ ਹੈ। ਇਸ ਅਵਸਥਾ ਵਿਚ ਆਦਮੀ ਨੂੰ ਨਾਂਹ ਪੱਖੀ ਵਿਚਾਰਾਂ ਵਾਲੇ ਲੋਕਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਕਦੀ ਆਪਣੀ ਤੁਲਨਾ ਦੂਜਿਆਂ ਲੋਕਾਂ ਨਾਲ ਨਹੀਂ ਕਰਨੀ ਚਾਹੀਦੀ। ਉਨ੍ਹਾਂ ਲੋਕਾਂ ਦੀ ਹੀ ਸੰਗਤ ਕਰਨੀ ਚਾਹੀਦੀ ਹੈ, ਜਿਨ੍ਹਾਂ ਤੋਂ ਨਵਾਂ ਉਤਸ਼ਾਹ ਮਿਲਦਾ ਹੋਵੇ ਜਾਂ ਜਿਨ੍ਹਾਂ ਤੋਂ ਉਸਾਰੂ ਊਰਜਾ ਮਿਲਦੀ ਹੋਵੇ। ਇਕ ਹੋਰ ਕਿਸਮ ਦਾ ਆਰਾਮ ਹੈ, ਜਿਸ ਨੂੰ ‘ਸਮਾਜਿਕ ਆਰਾਮ’ ਆਖਦੇ ਹਨ। ਇਸ ਦੀ ਲੋੜ ਉਦੋਂ ਪੈਂਦੀ ਹੈ ਜਦੋਂ ਆਦਮੀ ਆਪਣੇ ਪਰਿਵਾਰ ਜਾਂ ਮਿੱਤਰਾਂ ਤੋਂ ਦੂਰ ਹੋ ਜਾਂਦਾ ਹੈ ਅਤੇ ਆਪਣੇ-ਆਪ ਨੂੰ ਇੱਕਲਾ ਜਿਹਾ ਮਹਿਸੂਸ ਕਰਨ ਲੱਗ ਜਾਂਦਾ ਹੈ। ਸਰੀਰ ਨੂੰ ਸਮਾਜਿਕ ਆਰਾਮ ਦੇਣ ਲਈ ਸਾਨੂੰ ਅਜਿਹੇ ਲੋਕਾਂ ਕੋਲੋਂ ਦੂਰ ਰਹਿਣਾ ਚਾਹੀਦੈ, ਜੋ ਸਾਨੂੰ ਮਾਨਸਿਕ ਤੌਰ ’ਤੇ ਕਮਜ਼ੋਰ ਕਰਦੇ ਹਨ ਅਤੇ ਉਨ੍ਹਾਂ ਨਾਲ ਸਮਾਂ ਬਤੀਤ ਕਰਨਾ ਚਾਹੀਦਾ ਹੈ, ਜਿਹੜੇ ਲੋਕ ਤੁਹਾਡੀ ਰੂਹ ਨੂੰ ਸਕੂਨ ਦੇਣ ਵਾਲੇ ਜਾਂ ਤੁਹਾਨੂੰ ਉਤਸ਼ਾਹਿਤ ਕਰਨ ਵਾਲੇ ਹਨ। ਪੰਜਵੀਂ ਕਿਸਮ ਦੇ ਆਰਾਮ ਨੂੰ ‘ਅਧਿਆਤਮਕ ਆਰਾਮ’ ਆਖਦੇ ਹਨ। ਇਸ ਦੀ ਲੋੜ ਉਦੋਂ ਪੈਂਦੀ ਹੈ ਜਦੋਂ ਸਭ ਕੁਝ ਹੁੰਦਿਆਂ ਹੋਇਆਂ ਵੀ ਆਦਮੀ ਜ਼ਿੰਦਗੀ ਤੋਂ ਸੰਤੁਸ਼ਟੀ ਮਹਿਸੂਸ ਨਾ ਕਰਦਾ ਹੋਵੇ ਅਤੇ ਮਨ ਨਿਰਾਸ਼ ਜਿਹਾ ਰਹਿੰਦਾ ਹੋਵੇ। ਅਜਿਹੀ ਅਵਸਥਾ ’ਚੋਂ ਬਾਹਰ ਨਿਕਲਣ ਲਈ ਵਿਅਕਤੀ ਨੂੰ ਸਵੇਰੇ-ਸ਼ਾਮ ਧਿਆਨ ਸਿਮਰਨ ਕਰਨਾ ਚਾਹੀਦਾ ਹੈ, ਕੁਦਰਤੀ ਆਲੇ-ਦੁਆਲੇ ਵਿੱਚ ਸਮਾਂ ਬਤੀਤ ਕਰਨਾ ਚਾਹੀਦਾ ਹੈ, ਰੂਟੀਨ ਦੇ ਕੰਮਾਂ ਤੋਂ ਅਲਿਹਦਾ ਰਹਿ ਕੇ ਕਿਸੇ ਕਿਤਾਬ ਦਾ ਅਧਿਐਨ ਕਰਨਾ ਅਤੇ ਕਿਸੇ ਸਮਾਜਿਕ ਜਾਂ ਧਾਰਮਿਕ ਕੰਮਾਂ ਵਿਚ ਆਪਣਾ ਸਮਾਂ ਬਤੀਤ ਕਰਨਾ ਚਾਹੀਦਾ ਹੈ। ਦੂਜਿਆਂ ਵਲੋਂ ਦਿੱਤੀ ਤਕਲੀਫ ਨੂੰ ਭੁਲਾ ਕੇ ਉਨ੍ਹਾਂ ਨੂੰ ਮੁਆਫ਼ ਕਰਨ ਨਾਲ ਵੀ ਆਦਮੀ ਨੂੰ ’ਆਤਮਿਕ ਸਕੂਨ’ ਮਿਲਦਾ ਹੈ।

# NAME OF CHANGE

I, BHAGWAN SINGH KHELA S/O S. GAJJAN SINGH RESIDENT OF VPO KHELA, TEHSIL PHILLAUR, DISTT. JALANDHAR PUNJAB INDIA, PRESENTLY RESIDING AT 549 CORAL ST TULARE, CA USA HAS CHANGED MY NAME FROM BHAGWAN SINGH KHELA TO BHAGWAN SINGH. ALL CONCERNED PLEASE NOTE.

## ਨਾਂ ਦੀ ਬਦਲੀ

ਮੈਂ, ਭਗਵਾਨ ਸਿੰਘ ਖੇਲਾ ਪੁੱਤਰ ਸ੍ਰ. ਗੱਜਣ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਖੇਲਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਪੰਜਾਬ (ਭਾਰਤ) ਦਾ ਨਿਵਾਸੀ ਹਾਂ। ਇਸ ਸਮੇਂ ਮੈਂ 549 ਕੋਰਲ ਸੇਂਟ ਤੁਲਾਰੇ, CA USA ਰਹਿ ਰਿਹਾ ਹਾਂ। ਮੈਂ ਆਪਣਾ ਨਾਮ ਭਗਵਾਨ ਸਿੰਘ ਖੇਲਾ ਤੋਂ ਬਦਲ ਕੇ ਭਗਵਾਨ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

# ਵਿਆਹ : ਕੱਚੇ ਕੋਠਿਆਂ ਤੋਂ ਪੈਲਸਾਂ ਤੱਕ ਦਾ ਦੌਰ





ਸਾਡੇ ਦਾਦੇ-ਪੜਦਾਦਿਆਂ ਦਾ ਵਕਤ ਸਾਥੋਂ ਅਗਲੀ ਪੀੜ੍ਹੀ ਲਈ ਇਕ ਸੁਪਨੇ ਵਾਂਗ ਹੈ ਕਿਉਂਕਿ ਇਕ ਸਦੀ ਦਾ ਵਕਫ਼ਾ ਬੜਾ ਲੰਬਾ ਹੁੰਦਾ ਹੈ ਤੇ ਇਸ ਵਕਫ਼ੇ 'ਚ ਬੜਾ ਕੁਝ ਬਦਲ ਚੁੱਕਾ ਹੈ। ਉਨ੍ਹਾਂ ਸਮਿਆਂ 'ਚ ਵਿਆਹ ਬਿਲਕੁਲ ਸਾਦੇ ਤੇ ਘੱਟ ਖਰਚੀਲੇ ਹੁੰਦੇ ਸਨ। ਉਦੋਂ ਭਾਵੇਂ ਪੈਸੇ ਦੀ ਥੁੜ੍ਹ ਸੀ ਪਰ ਲੋਕਾਂ ਦਾ ਜੀਵਨ ਸੁਖਾਲਾ ਸੀ ਤੇ ਸੁਭਾਅ ਪੱਖੋਂ ਲੋਕ ਅਮੀਰ ਸਨ। ਰਹਿਣੀ-ਬਹਿਣੀ ਤੇ ਖਾਣਾ ਪੀਣਾ ਬਿਲਕੁਲ ਸਾਦਾ ਸੀ। ਜੇ ਗੱਲ ਵਿਆਹਾਂ ਦੀ ਕਰੀਏ ਤਾਂ ਸਿਰਫ਼ ਕੁਝ ਕੁ ਹਜ਼ਾਰ 'ਚ ਵਿਆਹ ਨੇਪਰੇ ਚੜ੍ਹ ਜਾਇਆ ਕਰਦੇ ਸਨ। ਬਹੁਤੇ ਲੋਕਾਂ ਦੇ ਘਰ ਕੱਚੀ ਮਿੱਟੀ ਦੇ ਬਣੇ ਹੁੰਦੇ ਸਨ ਪਰ ਰਿਸ਼ਤੇ ਬੜੇ ਪੱਕੇ ਹੁੰਦੇ ਸਨ। ਆਮਦਨੀ ਦੇ ਸਾਧਨ ਥੋੜ੍ਹੇ ਸਨ ਤੇ ਲੋਕਾਂ 'ਚ ਲਾਲਚ ਨਹੀਂ ਸੀ ਤੇ ਨਾ ਹੀ ਪੈਸੇ ਦੀ ਦੌੜ ਸੀ। ਅਗਲੀ ਗੱਲ ਰਿਸ਼ਤੇ ਅੱਜ ਵਾਂਗ ਮੁੰਡਾ ਕੁੜੀ ਖੁਦ ਨਹੀਂ ਕਰਿਆ ਕਰਦੇ ਸਨ। ਸਗੋਂ ਮਾਪਿਆਂ ਜਾਂ ਕਿਸੇ ਰਿਸ਼ਤੇਦਾਰ ਵਲੋਂ ਇਕ ਦੂਜੇ ਦੇ ਵਿਸ਼ਵਾਸ ਉੱਤੇ ਬਿਨ ਦੇਖੇ ਤੈਅ ਹੋ ਜਾਂਦੇ ਸਨ ਜੋ ਬੜੇ ਚੰਗੇ ਢੰਗ ਨਾਲ ਆਖ਼ਰੀ ਸਾਹਾਂ ਤੱਕ ਨਿਭਦੇ ਸਨ। ਉਦੋਂ ਰਿਸ਼ਤੇ ਕੱਚੇ ਨਹੀਂ ਸਗੋਂ ਪੱਕੇ ਹੁੰਦੇ ਸਨ। ਜਿੱਥੇ ਘਰਦਿਆਂ ਨੇ ਹਾਂ ਕਰਤੀ, ਰਿਸ਼ਤਾ ਪੱਕਾ ਹੋ ਜਾਂਦਾ, ਮੁੰਡੇ ਕੁੜੀ ਤੋਂ ਕਦੇ ਪੁੱਛਿਆ ਨਹੀਂ ਸੀ ਜਾਂਦਾ ਤੇ ਨਾ ਹੀ ਮੁੰਡੇ ਕੁੜੀ ਦੀ ਹਿੰਮਤ ਹੁੰਦੀ ਸੀ ਮਾਪਿਆਂ ਦੀ ਗੱਲ ਨੂੰ ਟਾਲਣ ਦੀ। ਉਸ ਜ਼ਮਾਨੇ 'ਚ ਲੋਕ ਸਕੂਨ ਦੀ ਜ਼ਿੰਦਗੀ ਜਿਊਂਦੇ ਸਨ। ਵੈਰ-ਵਿਰੋਧ ਬੜਾ ਘੱਟ ਹੁੰਦਾ ਸੀ, ਪਿਆਰ ਦੀਆਂ ਤੰਦਾਂ ਇੰਨੀਆਂ ਮਜ਼ਬੂਤ ਹੁੰਦੀਆਂ ਸਨ ਕਿ ਪੁੱਛੋ ਕੁਛ ਨਾ, ਜੋ ਛੇਤੀ ਦੇਣੀ ਟੁੱਟਦੀਆਂ ਨਹੀਂ ਸਨ। ਵਿਆਹ ਸਾਦੇ ਤੇ ਵਿਖਾਵੇ ਤੋਂ ਕੋਹਾਂ ਦੂਰ ਹੁੰਦੇ, ਬਰਾਤ ਬੈਲ ਗੱਡਿਆਂ ਵਗੈਰਾ 'ਤੇ ਜਾਇਆ ਕਰਦੀ, ਜੋ ਕਈ ਕਈ ਦਿਨ ਰਹਿੰਦੀ। ਬਰਾਤੀਆਂ ਲਈ ਮੰਜੇ 'ਕੱਠੇ ਕਰਕੇ ਬਾਹਰ ਸਾਂਝੀ ਜਗ੍ਹਾ ਜਿਵੇਂ ਗੁਰਦੁਆਰਾ ਸਾਹਿਬ ਜਾਂ ਧਰਮਸ਼ਾਲਾ 'ਚ ਡਾਹ ਦਿੱਤੇ ਜਾਂਦੇ, ਜਿੱਥੇ ਬਰਾਤੀ ਠਹਿਰਦੇ ਸਨ। ਬਰਾਤ ਨੂੰ ਅੱਜ ਵਾਂਗ ਮੇਜ਼ ਕੁਰਸੀਆਂ ਲਾ ਕੇ ਖਾਣਾ ਨਹੀਂ ਖੁਆਇਆ ਜਾਂਦਾ ਸੀ ਬਲ ਕਿ ਘਰੇਲੂ ਭਾਂਡਿਆਂ 'ਚ ਹੀ ਖੁਆਇਆ ਜਾਂਦਾ। ਇਹ ਭਾਂਡੇ ਸਾਂਝੇ ਹੁੰਦੇ ਸਨ, ਜਿਸ ਨੂੰ ਬੇਲ ਵਾਲੇ ਭਾਂਡੇ ਆਖਿਆ ਜਾਂਦਾ ਸੀ। ਕੁੜੀ ਵਾਲਿਆਂ ਵਲੋਂ ਬਰਾਤੀਆਂ ਦੀ ਰੱਜ ਕੇ ਸੇਵਾ ਕੀਤੀ ਜਾਂਦੀ। ਬਰਾਤੀਆਂ ਨੂੰ ਸਵੇਰੇ ਚਾਹ ਨਾਲ ਦੋ ਕਿਸਮ ਦੀ ਮਠਿਆਈ ਭਾਵ ਵਰਕ ਵਾਲੀ ਬਰਫੀ, ਗੁਲਾਬ ਜਾਮਣ ਤੇ ਰਸਗੁੱਲਿਆਂ ਤੋਂ ਇਲਾਵਾ ਪਕੌੜੇ ਦਿੱਤੇ ਜਾਂਦੇ ਤੇ ਰੋਟੀ 'ਚ ਵੀ ਦਾਲ ਤੇ ਇਕ-ਦੋ ਸਬਜ਼ੀਆਂ ਤੇ ਕਈਆਂ ਘਰਾਂ ਵਿਚ ਬੱਕਰੇ ਦੇ ਮੀਟ ਵਗੈਰਾ ਨਾਲ ਖੁੱਲ੍ਹ ਕੇ ਸੇਵਾ ਕੀਤੀ ਜਾਂਦੀ। ਬਰਾਤ ਆਉਂਦੀ ਵੀ ਸਾਦੇ ਕੱਪੜਿਆਂ 'ਚ ਸੀ। ਅੱਜ ਵਾਂਗ ਬਰਾਤ ਬਾਹਲੀ ਟੌਹਰ ਵਗੈਰਾ ਕੱਢ ਕੇ ਨਹੀਂ ਆਉਂਦੀ ਸੀ, ਉਦੋਂ ਨਵੇਂ ਕੱਪੜੇ ਵੀ ਵਿਆਹਾਂ ਵਗੈਰਾ ਉੱਤੇ ਹੀ ਸਿਵਾਏ ਜਾਂਦੇ ਸਨ। ਜਿਉਂ ਜਿਉਂ ਸਮਾਂ ਬਦਲਦਾ ਗਿਆ ਤੇ ਵਿਆਹਾਂ 'ਚ ਬਰਾਤ ਦੀ ਸੇਵਾ ਕਰਨ 'ਚ ਵੀ ਵਾਧਾ ਹੁੰਦਾ ਗਿਆ। ਜਿੱਥੇ ਜਿੱਥੇ ਪਹਿਲਾਂ ਬਰਾਤ ਕਈ ਕਈ ਦਿਨ ਰੁਕਦੀ ਉੱਥੇ ਉਹ ਹੁਣ ਬਰਾਤ ਸਵੇਰੇ ਜਾਂਦੀ ਹੈ ਤੇ ਸ਼ਾਮ ਨੂੰ ਡੋਲੀ ਲੈ ਕੇ ਘਰ ਵਾਪਿਸ ਮੁੜ ਆਉਂਦੀ ਹੈ। ਹੁਣ ਬਰਾਤ ਪਹਿਲਾਂ ਵਾਂਗ ਘਰੋਂ ਇਕੱਠੀ ਨਹੀਂ ਜਾਂਦੀ। ਸਗੋਂ ਬਹੁਤੇ ਬਾਰਾਤੀ ਸਿੱਧੇ ਪੈਲੇਸਾਂ 'ਚ ਜਾਂਦੇ ਹਨ ਤੇ ਉੱਥੇ ਸ਼ਗਨ ਪਾ ਕੇ ਖਾਣਾ ਖਾਂਦੇ ਹਨ ਤੇ ਦੋ ਚਾਰ ਘੰਟਿਆਂ 'ਚ ਵਾਪਸ ਆ ਜਾਂਦੇ ਹਨ। ਡੋਲੀ ਤੋਰਨ ਵਕਤ ਤਾਂ ਕੇਵਲ ਮੁੰਡੇ ਕੁੜੀ ਦੇ ਘਰ ਦੇ ਤੇ ਕੁਝ ਚੋਣਵੇਂ ਰਿਸ਼ਤੇਦਾਰ ਹੀ ਹੁੰਦੇ ਹਨ।

ਪੁਰਾਣੇ ਵਕਤਾਂ 'ਚ ਦਾਜ ਵਿਚ ਸਿਰਫ਼ ਘਰ ਦੀ ਵਰਤੋਂ ਵਾਲਾ ਜ਼ਰੂਰੀ ਸਾਮਾਨ ਹੀ ਦਿੱਤਾ ਜਾਂਦਾ ਸੀ। ਉਹ ਸਾਮਾਨ ਵੀ ਬਹੁਤਾ ਨਿਉਂਦੇ (ਸ਼ਗਨ) ਦੇ ਰੂਪ 'ਚ ਰਿਸ਼ਤੇਦਾਰ ਹੀ ਦਿੰਦੇ ਸਨ ਜਿਸ ਕਰਕੇ ਵਿਆਹ ਉੱਤੇ ਹੋਣ ਵਾਲਾ ਖਰਚ ਵੰਡਿਆ ਜਾਂਦਾ ਸੀ। ਜਦ ਕਿ ਕੁਝ ਸਾਮਾਨ ਜਿਵੇਂ ਦਰੀਆਂ ਤੇ ਚਾਦਰਾਂ ਵਗੈਰਾ ਕੁੜੀ ਵਿਆਹ ਤੋਂ ਪਹਿਲੋਂ ਹੀ ਕੱਢ ਕੇ ਤਿਆਰ ਕਰ ਲੈਂਦੀ ਸੀ। ਇਸ ਤਰ੍ਹਾਂ ਕਰਨ ਨਾਲ ਮਾਪਿਆਂ ਉੱਤੇ ਪੈਸਿਆਂ ਦਾ ਕੱਠਾ ਪੈਣ ਵਾਲਾ ਭਾਰ ਹਲਕਾ ਹੋ ਜਾਂਦਾ। ਪ੍ਰਾਹੁਣੇ ਵਿਆਹ ਵਾਲੇ ਘਰ ਕਈ ਕਈ ਦਿਨ ਪਹਿਲੋਂ ਆ ਜਾਂਦੇ, ਕੰਮਕਾਰ 'ਚ ਹੱਥ ਵਟਾਉਂਦੇ ਤੇ ਵਿਆਹ 'ਚ ਵਰਤੀ ਜਾਣ ਵਾਲੀ ਮਠਿਆਈ ਵਗੈਰਾ ਘਰਾਂ 'ਚ ਹੀ ਹਲਵਾਈ ਲਾ ਕੇ ਤਿਆਰ ਕੀਤੀ ਜਾਂਦੀ। ਬਰਾਤੀਆਂ ਨੂੰ ਘਰ ਦੀ ਮਠਿਆਈ ਹੀ ਥਾਲੀਆਂ 'ਚ ਪਾ ਕੇ ਦਿੱਤੀ ਜਾਂਦੀ। ਉਹ ਥਾਲੀਆਂ ਹੁਣ ਦੀ ਕਰਾਕਰੀ ਤਰ੍ਹਾਂ ਟੈਂਟ ਵਾਲਿਆਂ ਤੋਂ ਕਿਰਾਏ 'ਤੇ ਨਹੀਂ ਲਿਆਂਦੀ ਜਾਂਦੀ ਸੀ ਸਗੋਂ ਬੇਲ (ਭਾਂਡੇ) ਜੋ ਗੁਰਦੁਆਰੇ ਜਾਂ ਸਾਂਝੀ ਜਗ੍ਹਾ ਪਈ ਹੁੰਦੀ, ਉੱਥੋਂ ਲੋੜ ਅਨੁਸਾਰ ਲਿਆਂਦੀ ਜਾਂਦੀ ਜੋ ਵਿਆਹ ਖ਼ਤਮ ਹੋਣ ਪਿੱਛੋਂ ਗਿਣਤੀ ਕਰਕੇ ਵਾਪਸ ਦੇ ਦਿੱਤੀ ਜਾਂਦੀ। ਜੇ ਕੋਈ ਭਾਂਡਾ ਗੁਆਚ ਜਾਂਦਾ ਤਾ ਉਸਦੀ ਜਗ੍ਹਾ ਨਵਾ ਭਾਂਡਾ ਲਿਆ ਕੇ ਬੇਲ ਨੂੰ ਗਿਣਤੀ 'ਚ ਪੂਰਾ ਕਰ ਦਿੱਤਾ ਜਾਂਦਾ। ਅੱਜ ਵਾਂਗ ਕਿਰਾਏ ਉੱਤੇ ਕਰਾਕਰੀ ਲਿਆਉਣ ਦਾ ਰਿਵਾਜ਼ ਨਹੀਂ ਸੀ। ਹਾਂ ਕੋਈ ਜ਼ਿਆਦਾ ਅਮੀਰ ਹੁੰਦਾ ਤਾਂ ਉਹ ਕਰਾਕਰੀ ਲਿਆਉਂਦਾ ਤੇ ਟੈਂਟ ਵਗੈਰਾ ਲਾ ਕੇ ਵਿਆਹ ਕਰਦਾ, ਵਰਨਾ ਲੋਕ ਸਾਦਾ ਵਿਆਹ ਕਰਦੇ ਸਨ। ਕਿਸੇ 'ਚ ਕੋਈ ਨਖਰਾ ਨਹੀਂ ਹੁੰਦਾ ਸੀ। ਨਾ ਹੀ ਅੱਜ ਵਾਂਗ ਲੇਡੀ ਸੰਗੀਤ ਦਾ ਰਿਵਾਜ ਹੁੰਦਾ ਸੀ। ਬਲਕਿ ਵਿਆਹ ਤੋਂ ਹਫਤਾ

**ਲੈਕਚਰਾਰ ਅਜੀਤ ਖੰਨਾ**

ਦੱਸ ਦਿਨ ਪਹਿਲਾਂ ਗਲੀ ਮੁਹੱਲੇ ਵਾਲੀਆਂ ਜ਼ਨਾਨੀਆਂ ਰਾਤ ਨੂੰ ਇਕੱਠੇ ਹੋ ਕੇ ਵਿਆਹ ਵਾਲੇ ਘਰ ਕੇਵਲ ਢੋਲਕੀ ਉੱਤੇ ਹੀ ਗੀਤ ਵਗੈਰਾ ਗਾਉਂਦੀਆਂ ਹੁੰਦੀਆਂ ਸਨ। ਉਸ ਲਈ ਬਾਕਾਇਦਾ ਆਂਢ ਗੁਆਂਢ 'ਚ ਗਾਉਣ ਦਾ ਸੱਦਾ ਭੇਜਿਆ ਜਾਂਦਾ। ਉਦੋਂ ਅੱਜ ਦੇ ਲੇਡੀ ਸੰਗੀਤ ਨਾਲੋਂ ਜ਼ਿਆਦਾ ਰੌਣਕਾਂ ਲੱਗਣੀਆਂ ਤੇ ਕੋਈ ਖਰਚ ਵੀ ਨਹੀਂ ਆਉਂਦਾ ਸੀ। ਇਸ ਤਰ੍ਹਾਂ ਆਂਢ-ਗੁਆਂਢ 'ਚ ਪਿਆਰ ਮੁਹੱਬਤ ਬਣਿਆ ਰਹਿੰਦਾ ਸੀ। ਜਿਸ ਘਰ ਵਿਆਹ ਹੋਣਾ ਸਾਰੇ ਪਿੰਡ ਤੇ ਗਲੀ ਮੁਹੱਲੇ ਵਾਲਿਆਂ ਨੇ ਦੁੱਧ ਵਗੈਰਾ ਦੇ ਜਾਣਾ। ਜਿਸ ਕਰਕੇ ਵਿਆਹ ਵਾਲੇ ਘਰ ਨੂੰ ਮੁੱਲ ਦੁੱਧ ਜਾਂ ਹੋਰ ਸਾਮਾਨ ਖ਼ਰੀਦਣ ਦੀ ਬਹੁਤ ਘੱਟ ਹੀ ਲੋੜ ਪੈਂਦੀ ਸੀ ਤੇ ਇਸ ਤਰ੍ਹਾਂ ਬੜੇ ਘੱਟ ਖ਼ਰਚੇ 'ਚ ਵਿਆਹ ਹੋ ਜਾਇਆ ਕਰਦੇ।

ਹੌਲੀ-ਹੌਲੀ ਹੋਰ ਸਮਾਂ ਬਦਲਿਆ ਤੇ ਲੋਕਾਂ ਕੋਲ ਵਧੇਰੇ ਪੈਸਾ ਆਉਣ ਲੱਗਾ। ਜੋ ਵਿਆਹ ਪਹਿਲੋਂ ਬਿਨਾ ਟੈਂਟ ਲਾਏ ਕੀਤੇ ਜਾਂਦੇ ਸਨ ਉਹ ਚਾਨਣੀਆਂ ਕਨਾਤਾਂ ਲਾ ਕੇ ਕੀਤੇ ਜਾਣ ਲੱਗੇ ਤੇ ਬਰਾਤ ਗੱਡਿਆਂ ਦੀ ਜਗ੍ਹਾ ਟਰੈਕਟਰ ਟਰਾਲੀਆਂ 'ਚ ਆਉਣ ਲੱਗੀ। ਜਿਵੇਂ-ਜਿਵੇਂ ਲੋਕਾਂ ਕੋਲ ਪੈਸਾ ਵਧਦਾ ਗਿਆ, ਸਮਾਂ ਵੀ ਬਦਲਦਾ ਗਿਆ ਤੇ ਬਰਾਤ ਵੀ ਗੱਡਿਆਂ ਤੋਂ ਗੱਡੀਆਂ (ਲਾਰੀਆਂ ਬਸਾਂ) 'ਚ ਆਉਣ ਲੱਗੀ। ਫੇਰ ਕੁਛ ਲੋਕ ਘਰਾਂ 'ਚ ਵੱਡੇ ਟੈਂਟ ਲਾ ਕੇ ਵਿਆਹ ਕਰਨ ਲੱਗੇ। ਪੈਸੇ ਵਧਣ ਨਾਲ ਦਿਖਾਵੇ ਦਾ ਦੌਰ ਸ਼ੁਰੂ ਹੋ ਗਿਆ। ਸ਼ਹਿਰਾਂ 'ਚ ਵੱਡੇ ਵੱਡੇ ਪੈਲਸ ਬਣ ਗਏ। ਪਹਿਲਾਂ ਪਹਿਲਾਂ ਤਾਂ ਕੇਵਲ ਅਮੀਰ ਲੋਕਾਂ ਨੇ ਹੀ ਪੈਲੇਸਾਂ 'ਚ ਵਿਆਹਾਂ ਕਰਨੇ ਸ਼ੁਰੂ ਕੀਤੇ, ਪਿੱਛੋਂ ਦੇਖੋ ਦੇਖੀ ਦਿਖਾਵੇ ਦੀ ਭੁੱਖ ਵਧਣ ਨਾਲ ਮੱਧ ਵਰਗ ਦੇ ਲੋਕਾਂ ਨੇ ਵੀ ਪੈਲੇਸਾਂ 'ਚ ਵਿਆਹ ਕਰਨੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਜਿਉਂ-ਜਿਉਂ ਦਿਖਾਵਾ ਵਧਦਾ ਗਿਆ ਤਾਂ ਵਿਆਹ ਕੱਚੇ ਕੋਠਿਆਂ ਤੋਂ ਪੈਲੇਸਾਂ 'ਚ ਬਦਲਦੇ ਗਏ ਤੇ ਨਾਲ ਹੀ ਪੱਕੇ ਰਿਸ਼ਤੇ ਕੱਚੇ ਹੁੰਦੇ ਗਏ। ਇੱਥੇ ਹੀ ਬੱਸ ਨਹੀਂ ਵਿਆਹ ਵੀ ਪਿਆਰ ਵਿਆਹ 'ਚ ਬਦਲ ਗਏ। ਵਿਆਹਾਂ ਉੱਤੇ ਸੈਂਕੜਿਆਂ ਨਹੀਂ ਸਗੋਂ ਹਜ਼ਾਰਾਂ ਲੋਕਾਂ ਦਾ ਇਕੱਠ ਕੀਤਾ ਜਾਣਾ ਸ਼ਾਨੋ-ਸ਼ੌਕਤ ਮੰਨਿਆ ਜਾਣ ਲੱਗਾ। ਪਹਿਲਾਂ ਕੁਝ ਹਜ਼ਾਰਾਂ 'ਚ ਹੋਣ ਵਾਲਾ ਵਿਆਹਾਂ ਦਾ ਖਰਚ ਹੁਣ ਪਹਿਲਾਂ ਲੱਖਾਂ ਤੇ ਫਿਰ ਵੇਖਦੇ ਹੀ ਵੇਖਦੇ ਹੁਣ ਕਰੋੜਾਂ 'ਚ ਹੋਣ ਲੱਗਾ ਹੈ। ਦਾਜ 'ਚ ਘਰ ਦੀ ਵਰਤੋਂ 'ਚ ਦਿੱਤੇ ਜਾਣ ਵਾਲੇ ਲੋੜੀਂਦੇ ਸਾਮਾਨ 'ਚ ਵੀ ਸਮੇਂ ਅਨੁਸਾਰ ਬਦਲਾਅ ਆਉਂਦਾ ਗਿਆ। ਇਸੇ ਤਰ੍ਹਾਂ ਪਹਿਲਾਂ ਦਾਜ 'ਚ ਮੁੰਡੇ ਨੂੰ ਸਾਈਕਲ, ਫੇਰ ਸਕੂਟਰ-ਮੋਟਰ ਸਾਈਕਲ ਤੇ ਫਿਰ ਕਾਰ ਦੇਣ ਦਾ ਰਿਵਾਜ ਆ ਗਿਆ। ਲੋਕ ਹੁਣ ਵਿਆਹਾਂ ਉੱਤੇ ਆਰਕੈਸਟਰਾ ਤੇ ਗਾਉਣ ਵਾਲਿਆਂ ਉੱਤੇ ਲੱਖਾਂ ਰੁਪਈਏ ਬੇ-ਲੋੜੇ ਖਰਚ ਰਹੇ ਹਨ। ਦੇਖੋ ਦੇਖੀ ਲੋਕ ਫੋਕੀ ਸ਼ੋਹਰਤ ਲਈ ਕਰਜ਼ਾ ਚੁੱਕ ਚੁੱਕ ਵਿਆਹਾਂ ਉੱਤੇ ਪੈਸਾ ਲਾ ਰਹੇ ਹਨ ਜਿਸ ਨੇ ਬਹੁਤੇ ਪੰਜਾਬੀਆਂ ਨੂੰ ਏਨਾ ਕਰਜ਼ਾਈ ਬਣਾ ਦਿੱਤਾ ਹੈ ਕਿ ਉਹ ਕਰਜ਼ੇ ਦੀ ਪੰਡ ਥੱਲੇ ਦੱਬਦੇ ਜਾ ਰਹੇ ਹਨ। ਇਸ ਤੋਂ ਇਲਾਵਾ ਹੁਣ ਲੋਕ ਦਾਜ ਦੀ ਲਾਹਨਤ ਨੂੰ ਵਧਾਉਣ ਲੱਗੇ ਹਨ ਤੇ ਮੂੰਹੋਂ ਦਾਜ ਮੰਗਣ ਲੱਗੇ। ਜਿਸ ਨੇ ਸਾਡੇ ਸਮਾਜ ਨੂੰ ਕਲੰਕਤ ਕਰ ਦਿੱਤਾ ਹੈ। ਅੱਜਕਲ੍ਹ ਮੁੰਡੇ ਕੁੜੀ 'ਚ ਰਿਸ਼ਤਾ ਰਿਸ਼ਤਾ ਨਾ ਰਹਿ ਕੇ ਸੌਦੇ-ਬਾਜ਼ੀ ਉੱਤੇ ਟਿਕ ਗਿਆ ਹੈ ਜਿਸ ਨਾਲ ਸਮਾਜਿਕ ਬੁਰਾਈਆਂ ਵਧੀਆਂ ਹਨ। ਇਸੇ ਦੀ ਬਦੌਲਤ ਮੁੰਡੇ ਕੁੜੀ 'ਚ ਝਗੜੇ ਦੇ ਮਾਮਲੇ ਧੜਾ ਧੜ ਵਧਣ ਲੱਗੇ ਹਨ। ਮੁੱਕਦੀ ਗੱਲ ਰਿਸ਼ਤਿਆਂ ਦਾ ਘਾਣ ਹੋਣ ਲੱਗ ਪਿਆ ਹੈ। ਪੈਲੇਸਾਂ 'ਚ ਹੋਣ ਵਾਲੇ ਵਿਆਹਾਂ ਕਾਰਨ ਮਨੁੱਖੀ ਨੈਤਿਕ ਕਦਰਾਂ ਕੀਮਤਾਂ ਖੰਭ ਲਾ ਕੇ ਉੱਡ ਗਈਆਂ ਹਨ। ਸੋ, ਜੇ ਵੇਖਿਆ ਜਾਵੇ ਤਾਂ ਪੁਰਾਣੇ ਕੱਚੇ ਕੋਠਿਆਂ ਵਾਲੇ ਵਿਆਹ ਅੱਜ ਦੇ ਪੈਲੇਸਾਂ ਵਾਲੇ ਵਿਆਹਾਂ ਤੋਂ ਸੌ ਦਰਜੇ ਚੰਗੇ ਸਨ।







# ਸਫਲ ਜ਼ਿੰਦਗੀ ਦਾ ਆਧਾਰ-ਕਿਰਤ



ਧਰਤੀ 'ਤੇ ਜਨਮ ਲੈਂਦੇ ਸਾਰ ਹੀ ਹਰ ਪ੍ਰਾਣੀ ਦੇ ਜ਼ਿੰਦਾ ਰਹਿਣ ਲਈ ਜ਼ਰੂਰੀ ਲੋੜਾਂ ਵੀ ਜਨਮ ਲੈਂਦੀਆਂ ਹਨ। ਹਵਾ ਦਾ ਸਾਹ ਲੈਣਾ ਅਤੇ ਪਾਣੀ ਆਦਿ ਤਰਲ ਪਦਾਰਥ ਦਾ ਸੇਵਨ ਕਰਨਾ ਮੁਢਲੀਆਂ ਲੋੜਾਂ ਹਨ। ਇਨ੍ਹਾਂ ਜ਼ਰੂਰੀ ਲੋੜਾਂ ਦੀ ਪੂਰਤੀ ਕੁਦਰਤ ਕਰਦੀ ਹੈ ਅਤੇ ਬੱਚੇ ਦੇ ਜਨਮ ਦੇਣ ਵਾਲੇ ਅਤੇ ਪਾਲਣ ਪੋਸ਼ਨ ਕਰਨ ਵਾਲੇ ਮਾਂ ਬਾਪ ਨੂੰ ਹਵਾ ਅਤੇ ਪਾਣੀ ਸੰਬੰਧੀ ਕੋਈ ਉਪਰਾਲੇ ਉਚੇਚੇ ਤੌਰ ਤੇ ਨਹੀ ਕਰਨੇ ਪੈਂਦੇ। ਹਵਾ ਅਤੇ ਪਾਣੀ ਦੀਆਂ ਮੁਢਲੀਆਂ ਲੋੜਾਂ ਤੋਂ ਬਾਅਦ ਜੀਵਿਤ ਪ੍ਰਾਣੀ ਦੇ ਜ਼ਿੰਦਾ ਰਹਿਣ ਲਈ ਅਗਲੀ ਵੱਡੀ ਲੋੜ ਖਾਣ-ਪੀਣ ਜਾਂ ਖੁਰਾਕੀ ਵਸਤਾਂ ਦੀ ਹੁੰਦੀ ਹੈ। ਖਾਣ-ਪੀਣ ਦੀਆਂ ਚੀਜ਼ਾਂ ਹੀ ਮਨੁੱਖ ਦੀ ਸਰੀਰਕ ਭੁੱਖ ਨੂੰ ਮਿਟਾਉਂਦੀਆਂ ਅਤੇ ਜਿਸਮ ਨੂੰ ਲੋੜੀਂਦੇ ਤੱਤ ਪ੍ਰਦਾਨ ਕਰਦੀਆਂ ਹਨ, ਜਿਸ ਨਾਲ ਸਰੀਰ ਚਲਦਾ ਰਹਿੰਦਾ ਹੈ। ਨਵ-ਜੰਮੇ ਮਾਸੂਮ ਤੇ ਨਿਰਬਲ ਬੱਚੇ ਦੀ ਸਰੀਰਕ ਭੁੱਖ ਦੁੱਧ ਆਦਿ ਦਾ ਸੇਵਨ ਕਰਨ ਨਾਲ ਪੂਰੀ ਹੁੰਦੀ ਹੈ। ਮਾਂ ਦੀ ਛਾਤੀ ਦੇ ਦੁੱਧ ਚੁੰਘਣ ਨਾਲ ਹੀ ਸਰੀਰਕ ਸਰਗਰਮੀ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਬੱਚਾ ਆਪ-ਮੁਹਾਰੇ ਹਰਕਤ ਕਰਨ ਅਤੇ ਆਪਣੇ ਮੂੰਹ ਆਦਿ ਅੰਗਾਂ ਤੋਂ ਕੰਮ ਲੈਣ ਲਗ ਜਾਂਦਾ ਹੈ। ਭਾਵੇਂ ਕਿ ਅਜੇ ਮਾਸੂਮ ਬੱਚੇ ਦੀ ਭੂਮਿਕਾ ਬਹੁਤ ਹੀ ਸੀਮਿਤ ਹੁੰਦੀ ਹੈ ਕਿਉਂਕਿ ਆਪਣੀ ਮਾਂ ਬਗੈਰ ਉਹ ਕੁਝ ਵੀ ਕਰਨ ਦੇ ਸਮਰੱਥ ਨਹੀਂ ਹੁੰਦਾ, ਪਰੰਤੂ ਬੱਚੇ ਦੇ ਇਹ ਸਰੀਰਕ ਉਪਰਾਲੇ ਕੰਮ ਕਰਨ ਜਾਂ ਮਿਹਨਤ ਕਰਨ ਦਾ ਮੁੱਢ ਬੱਝਦੇ ਹਨ। ਸਰੀਰ ਤੋਂ ਕੰਮ ਲੈਣਾ ਹੀ ਮਿਹਨਤ ਕਰਨਾ ਜਾਂ ਕਿਰਤ ਕਰਨਾ ਕਹਿਲਾਉਂਦਾ ਹੈ।

ਮਿਹਨਤ ਜਾਂ ਕਿਰਤ ਕਰਨ ਦਾ ਵੱਡਾ ਪੜਾਅ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਸਾਧਾਰਨ ਮਿੱਟੀ ਵਿਚੋਂ ਅੰਨ ਜਾਂ ਹੋਰ ਖਾਣ ਸਮੱਗਰੀ ਦੀ ਉਪਜ ਜਾਂ ਉਤਪਾਦਨ ਕਰੀਦੀ ਹੈ। ਕਿਸਾਨੀ ਕਿੱਤੇ ਨਾਲ ਸੰਬੰਧਿਤ ਲੋਕੀ ਹੀ ਇਹ ਵੱਡੀ ਕਿਰਤ ਕਰਦੇ ਹਨ, ਜਦੋਂ ਕਿ ਉਨ੍ਹਾਂ ਨੂੰ ਮਿੱਟੀ ਵਿਚ ਮਿੱਟੀ ਹੋਣ ਦੀ ਨੌਬਤ ਤੱਕ ਆਉਂਦੀ ਹੈ। ਕਿਰਤ ਦਾ ਦਾਇਰਾ ਵਿਸ਼ਾਲ ਹੈ ਅਤੇ ਇਹ ਕਿਸਾਨੀ ਕਿੱਤੇ ਤੱਕ ਹੀ ਸੀਮਿਤ ਨਾ ਹੋ ਕੇ ਇਹ ਹੋਰ ਅਨੇਕ ਦੁਨਿਆਵੀ ਖੇਤਰਾਂ 'ਤੇ ਵੀ ਲਾਗੂ ਹੁੰਦਾ ਹੈ। ਅਸਲ ਵਿਚ ਜਿੱਥੇ ਕਿਤੇ ਸਰੀਰਕ ਉਪਰਾਲੇ ਕੀਤੇ ਜਾਂਦੇ ਹਨ ਉਨ੍ਹਾਂ ਸਾਰਿਆਂ ਨੂੰ ਕਿਰਤ ਦੇ ਦਾਇਰੇ ਵਿਚ ਸ਼ਾਮਿਲ ਕਰ ਲਿਆ ਜਾ ਸਕਦਾ ਹੈ। ਭਾਵੇਂ ਕਿ ਸਖ਼ਤ ਮਿਹਨਤ ਕਰਨ ਦੀ ਗੱਲ ਤਾਂ ਰੁਜ਼ਗਾਰ ਦੇ ਅਲੱਗ-ਅਲੱਗ ਵਸੀਲੇ ਜਿਵੇਂ ਨੌਕਰੀਪੇਸ਼ਾ, ਦੁਕਾਨਦਾਰੀ ਅਤੇ ਹੋਰ ਬਹੁਤ ਸਾਰੇ ਕਾਰੋਬਾਰੀ ਧੰਦਿਆਂ 'ਤੇ ਲਾਗੂ ਹੁੰਦੀ ਹੈ ਪਰੰਤੂ ਆਮ ਤੌਰ 'ਤੇ ਕਿਰਤ ਸ਼ਬਦ ਦੀ ਵਰਤੋਂ ਕਰਨ ਤੋਂ ਅਸੀਂ ਗੁਰੇਜ਼ ਕਰਦੇ ਹਾਂ, ਕਿਉਂਕਿ ਉਨ੍ਹਾਂ ਵਿਚ ਬਹੁਤਾ ਕਰਕੇ ਦਿਮਾਗ ਦੀ ਹੀ ਵਰਤੋਂ ਹੁੰਦੀ ਹੈ ਅਤੇ ਸਰੀਰ 'ਤੇ ਜ਼ੋਰ ਪਾਉਣ ਵਾਲੀਆਂ ਸਰਗਰਮੀਆਂ ਨਾਂਹ ਦੇ ਬਰਾਬਰ ਹੁੰਦੀਆਂ ਹਨ।

ਆਮ ਤੌਰ 'ਤੇ ਲੋਕ ਸਰੀਰਕ ਕੰਮ-ਕਾਜ ਕਰਨ ਤੋਂ ਟਿਭਦੇ ਹਨ ਪਰੰਤੂ ਸੱਚਾਈ ਇਹ ਹੈ ਕਿ ਦੁਨਿਆਦਾਰੀ ਸਰੀਰਕ ਸਰਗਰਮੀ ਬਗੈਰ ਚਲ ਹੀ ਨਹੀਂ ਸਕਦੀ। ਚਾਹੇ ਮਸ਼ੀਨੀਕਰਨ ਦੀ ਵਰਤੋਂ ਕਿੰਨੀ ਵੀ ਵਿਕਸਿਤ ਹੋ ਜਾਵੇ ਪਰੰਤੂ ਫਿਰ ਵੀ ਹਾਲਾਤ ਮਨੁੱਖੀ ਸਰੀਰਕ ਹਰਕਤ ਦੀ ਮੰਗ ਕਰਦੇ ਹਨ। ਬਗੈਰ ਸਰੀਰਕ ਸਰਗਰਮੀ ਤੋਂ ਉਹ ਸਾਰਾ ਕੁਝ ਬੇਕਾਰ ਸਾਬਤ ਹੋ ਸਕਦਾ ਹੈ। ਇਹ ਸਚਾਈ ਸਾਨੂੰ ਮਨ ਵਸਾਉਣੀ ਪਵੇਗੀ ਕਿ ਹੱਥੀਂ ਕੰਮ ਕਰਨ ਬਗੈਰ ਦੁਨਿਆਦਾਰੀ ਚਲ ਹੀ ਨਹੀ ਸਕਦੀ।

ਅੱਛੀ, ਸਫਲ, ਖ਼ੁਸ਼ਨੁਮਾ ਅਤੇ ਸਕੂਨ ਭਰਪੂਰ ਜ਼ਿੰਦਗੀ ਜਿਊਣ ਲਈ ਅਸੀਂ ਕਿਸੇ ਨਾ ਕਿਸੇ

**ਵਰਿੰਦਰ ਸਿੰਘ ਵਾਲੀਆ**

ਧਰਮ ਦੇ ਧਾਰਨੀ ਹੋ ਕੇ ਉਸ ਦੀਆਂ ਸਿੱਖਿਆਵਾਂ ਦਾ ਸਹਾਰਾ ਲੈਂਦੇ ਹਾਂ। ਸਾਰੇ ਧਰਮ ਸੱਚੀ ਸੁੱਚੀ, ਨੇਕ ਕਰਮਾਂ ਅਤੇ ਸ਼ੁਭ ਅਮਲਾਂ ਵਾਲੀ ਜ਼ਿੰਦਗੀ ਜਿਊਣ ਦੀ ਸਿੱਖਿਆ ਦਿੰਦੇ ਹਨ। ਧਰਮਾਂ ਦੇ ਸਿਧਾਂਤ ਜੀਵਨ ਜਾਚ ਅਤੇ ਸਹਿਜਤਾ ਨਾਲ ਜੀਵਨ ਦਾ ਪੰਧ ਪੂਰਾ ਕਰਨ ਦਾ ਮਾਰਗ ਦਰਸ਼ਨ ਕਰਦੇ ਹਨ, ਪਰੰਤੂ ਵੇਖਿਆ ਜਾ ਰਿਹਾ ਹੈ ਕਿ ਧਰਮ ਨੂੰ ਰੱਬ ਦੀ ਇਬਾਦਤ ਜਾਂ ਇਸ ਦੇ ਅਧਿਆਤਮਕ ਪੱਖ ਅਤੇ ਇਸ ਦੇ ਰੀਤੀ ਰਿਵਾਜਾਂ ਤੱਕ ਹੀ ਸੀਮਿਤ ਕੀਤਾ ਜਾ ਰਿਹਾ ਹੈ। ਧਰਮ ਦੀਆਂ ਸਿੱਖਿਆਵਾਂ ਨੂੰ ਅਮਲੀ ਰੂਪ ਦੇਣ ਦੀ ਮਹੱਤਵਪੂਰਨ ਗੱਲ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਸਾਧਾਰਨ ਸੰਸਾਰਕ ਜੀਵਨ ਜਿਊਣ ਲਈ ਮਨੁੱਖ ਨੂੰ ਰੱਬ ਦੀ ਬੰਦਗੀ ਤੋਂ ਇਲਾਵਾ ਵੀ ਬਹੁਤ ਸਾਰੇ ਪਹਿਲੂਆਂ ਨੂੰ ਧਿਆਨ ਵਿਚ ਰੱਖਣ ਦੀ ਲੋੜ ਭਾਸਦੀ ਹੈ ਕਿਉਂਕਿ ਜੇਕਰ ਅਸੀਂ ਮਨ ਦੀ ਸ਼ੁੱਧੀ ਲਈ ਰੱਬ ਦੀ ਇਬਾਦਤ ਲਈ ਸਮਾਂ ਲਾਉਣਾ ਹੈ ਤਾਂ ਇਹ ਖਾਲੀ ਪੇਟ ਨਹੀਂ ਹੋ ਸਕਦਾ। ਖਾਲੀ ਪੇਟ ਤਾਂ ਨਾਮ ਜਪਣ ਜਾਂ ਪੂਜਾ ਪਾਠ ਕਰਨੀ ਵੀ ਮੁਸ਼ਕਿਲ ਹੋਵੇਗੀ। ਪੇਟ ਦੀ ਭੁੱਖ ਮਿਟਾਉਣ ਲਈ ਕਿਸੇ ਹੋਰ 'ਤੇ ਆਸ਼੍ਰਿਤ ਹੋਣਾ ਜਾਂ ਮੰਗ-ਚੁੰਗ ਕੇ ਖਾਣਾ ਵੀ ਧਰਮ ਦੇ ਨਿਯਮਾਂ ਦੇ ਅਨੁਕੂਲ ਨਹੀਂ ਲੱਗਦਾ। ਮਿਹਨਤ ਕਿਸੇ ਹੋਰ ਦੀ ਹੋਵੇ ਤੇ ਆਪ ਮੁਫ਼ਤ ਟਿੱਡ ਦੀ ਲੋੜ ਪੂਰੀ ਕਰੀ ਜਾਣਾ ਧਰਮ ਦੀ ਕਸਵੱਟੀ 'ਤੇ ਕਿੱਥੋਂ ਤੱਕ ਖ਼ਰਾ ਉਤਰਦਾ ਹੈ, ਵਿਚਾਰਨ ਵਾਲੀ ਗੱਲ ਹੈ। ਨਿੱਜੀ ਆਸਥਾ ਕਰਕੇ ਧਰਮ ਕਮਾਉਣ ਲਈ ਹੋਰਾਂ 'ਤੇ ਆਸ਼ਿ?ਤ ਰਹਿਣਾ ਪਾਪ ਸਮਾਨ ਲਗਦਾ ਹੈ। ਰੱਬ ਦੀ ਇਬਾਦਤ ਕਰਨ ਲਈ ਸਮਾ ਕੱਢਣ ਦੇ ਨਾਲ-ਨਾਲ ਸਾਨੂੰ ਆਪਣੀਆਂ ਰੋਜ਼ਾਨਾ ਜ਼ਰੂਰਤਾਂ ਦੀ ਪੂਰਤੀ ਕਰਨ ਲਈ ਕੁਝ ਨਾ ਕੁਝ ਮਿਹਨਤ ਕਰਨ ਦੀ ਲੋੜ ਹੈ। ਇਸ ਮਕਸਦ ਲਈ ਕਿਸੇ ਨਾ ਕਿਸੇ ਕੰਮ ਕਾਜ, ਕਿੱਤੇ ਜਾਂ ਰੋਜ਼ਗਾਰ ਦਾ ਸਾਧਨ ਅਪਨਾਉਣਾ ਜ਼ਰੂਰੀ ਹੋਵੇਗਾ। ਮੇਰੀ ਤੁੱਛ ਜਿਹੀ ਬੁੱਧੀ ਅਨੁਸਾਰ ਕਿਰਤ ਕਰਨ ਦੇ ਸੰਕਲਪ ਬਾਰੇ ਬਹੁਤੇ ਧਰਮਾਂ ਨੇ ਚੁੱਪੀ ਧਾਰੀ ਹੋਈ ਹੋਈ ਹੈ। ਘੱਟ ਤੋਂ ਘੱਟ ਇਹ ਗੱਲ ਤਾਂ ਸਪੱਸ਼ਟ ਹੈ ਕਿ ਬਹੁਤੇ ਧਰਮਾਂ ਵਲੋਂ ਦੱਸੇ ਹੋਏ ਸਿਧਾਤਾਂ ਵਿਚ ਕਿਰਤ ਦੇ ਸਿਧਾਂਤ ਦਾ ਜ਼ਿਕਰ ਕੀਤਾ ਹੋਇਆ ਨਹੀਂ ਮਿਲਦਾ ਹੈ। ਇਹ ਕੇਵਲ ਤੇ ਕੇਵਲ ਸਿੱਖ ਧਰਮ ਹੀ ਹੈ, ਜਿਸ ਵਿਚ ਕਿਰਤ ਕਰਨ ਦੇ ਸਿਧਾਂਤ ਨੂੰ ਜ਼ਿੰਦਗੀ ਜਿਊਣ ਦਾ ਇਕ ਜ਼ਰੂਰੀ ਹਿੱਸਾ ਮੰਨਿਆ ਗਿਆ ਹੈ। ਸਿੱਖ ਧਰਮ ਦੇ ਤਿੰਨ ਪ੍ਰਮੁੱਖ ਸਿਧਾਂਤਾਂ ਵਿਚੋਂ ਕਿਰਤ ਕਰਨ ਦਾ ਸਿਧਾਂਤ ਹੈ। ਮਨੁੱਖ ਦੀ ਜ਼ਿੰਦਗੀ ਗੌਰਵਮਈ ਅਤੇ ਅਣਖ ਭਰਪੂਰ ਤਾਂ ਹੀ ਹੋ ਸਕਦੀ ਹੈ ਜੇਕਰ ਬੰਦਾ ਖੁਦ ਮਿਹਨਤ ਕਰਕੇ ਕਮਾਈ ਕਰੇ ਅਤੇ ਆਪਣੇ ਰੋਜ਼ਮਰ੍ਹਾ ਦੇ ਆਪਣੇ ਅਤੇ ਆਪਣੇ ਪਰਿਵਾਰ ਦੇ ਖਰਚੇ ਪੂਰੇ ਕਰੇ। ਸੱਚ ਦੇ ਰਾਹ ਤੇ ਚਲਦਿਆਂ ਦਸਾਂ ਨਹੁੰਆਂ ਨਾਲ ਕੀਤੀ ਕਿਰਤ ਦੀ ਕਮਾਈ ਵਿਚ ਐਨੀ ਬਰਕਤ ਹੁੰਦੀ ਹੈ ਕਿ ਉਸ ਨੂੰ ਕਿਸੇ ਅੱਗੇ ਹੱਥ ਨਹੀਂ ਅੱਡਣੇ ਪੈਂਦੇ, ਸਗੋਂ ਉਹ ਤਾਂ ਗਰੀਬ ਗੁਰਬੇ ਜਾਂ ਜ਼ਰੂਰਤਮੰਦ ਲੋਕਾਂ ਨੂੰ 'ਵੰਡ ਛਕਣ' ਦੀ ਹੈਸੀਅਤ ਵਿਚ ਵੀ ਹੁੰਦਾ ਹੈ। ਸਿੱਖ ਧਰਮ ਦੇ ਸੰਸਥਾਪਕ ਤੇ ਰੂਹਾਨੀ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਕਿਰਤ ਕਰਨ ਦੇ ਸਿਧਾਂਤ ਨੂੰ ਨਾ ਕੇਵਲ ਪ੍ਰਚਾਰਿਆ, ਸਗੋਂ ਉਨ੍ਹਾਂ ਨੇ ਖੁਦ ਦੁਕਾਨਦਾਰੀ ਅਤੇ ਕਿਰਸਾਨੀ ਦੇ ਕਿੱਤੇ ਕਰਕੇ ਇਸ ਨੂੰ ਅਮਲੀ ਜਾਮਾ ਪਹਿਨਾਇਆ।

ਅਸਲ ਵਿਚ ਦੁਨਿਆਵੀ ਜ਼ਿੰਦਗੀ ਬਗੈਰ ਕੰਮ ਜਾਂ ਕਿਰਤ ਕੀਤਿਆਂ ਚਲ ਹੀ ਨਹੀਂ ਸਕਦੀ। ਇਹ ਕੰਮ ਭਾਵੇਂ ਘਰੇਲੂ ਹੋਣ ਜਾਂ ਆਪਣੇ ਰੋਜ਼ਗਾਰ ਸੰਬੰਧੀ ਹੋਣ। ਜਿਊਣ ਵਾਸਤੇ ਅੰਨ ਆਦਿ ਖੁਰਾਕੀ ਵਸਤਾਂ ਦੀ ਲੋੜ ਪੈਂਦੀ ਹੈ ਜਿਹੜੀਆਂ ਕਿ ਆਪ-ਮੁਹਾਰੇ ਨਹੀਂ ਮਿਲਦੀਆਂ, ਸਗੋਂ ਇਨ੍ਹਾਂ ਚੀਜ਼ਾਂ ਨੂੰ ਬੰਦੇ ਨੂੰ ਖੁਦ ਪੈਦਾ ਕਰਨਾ ਪੈਂਦਾ ਹੈ। ਇਸ ਵਾਸਤੇ ਬੰਦੇ ਨੂੰ ਮਿਹਨਤ, ਮੁਸ਼ੱਕਤ ਕਰਨੀ ਪੈਂਦੀ ਹੈ, ਜਿਸ ਨੂੰ ਕਿਰਤ ਦਾ ਨਾਂਅ ਦਿੱਤਾ ਜਾਂਦਾ ਹੈ।

ਪੰਜਾਬ ਦੇ ਲੋਕ ਵਧੇਰੇ ਕਰਕੇ ਇਸ ਗੱਲੋਂ ਜਾਣੇ ਜਾਂਦੇ ਹਨ ਕਿ ਉਹ ਮਿਹਨਤਕਸ਼ ਹਨ ਅਤੇ ਆਪਣੀ ਕਿਰਤੀ ਖਸਲਤ ਕਰਕੇ ਦੁਨੀਆ ਭਰ ਵਿਚ ਆਪਣੀ ਵੱਖਰੀ ਪਹਿਚਾਣ ਰੱਖਦੇ ਹਨ। ਪੰਜਾਬੀਆਂ ਨੇ ਪੰਜਾਬ ਤੋਂ ਬਾਹਰ ਦੇ ਸੂਬਿਆਂ ਵਿਚ ਜਾ ਕੇ ਵੀ ਜੰਗਲ ਬੀਆਬਾਨ ਥਾਵਾਂ ਨੂੰ ਆਪਣੀ ਸਖਤ ਮਿਹਨਤ ਨਾਲ ਵਾਹੀ ਯੋਗ ਖੇਤ ਬਣਾਏ ਹਨ। ਵਿਦੇਸ਼ਾਂ ਵਿਚ ਜਾ ਕੇ ਵੀ ਆਪਣੀ ਮਿਹਨਤ ਸਦਕਾ ਵੱਡੇ-ਵੱਡੇ ਕਾਰੋਬਾਰ ਸਥਾਪਿਤ ਕੀਤੇ ਤੇ ਕਾਮਯਾਬੀ ਦੀਆਂ ਸਿਖਰਾਂ ਛੋਹੀਆਂ ਹਨ। ਇਹ ਗੱਲ ਵੱਖਰੀ ਹੈ ਕਿ ਪਿਛਲੇ ਕੁਝ ਅਰਸੇ ਤੋਂ ਪੰਜਾਬੀ ਯੁਵਾ ਵਰਗ ਵਿਚ ਸਖਤ ਮਿਹਨਤ ਕਰਨ ਦੀ ਪ੍ਰਵਿਰਤੀ ਵਿਚ ਬਹੁਤ ਜ਼ਿਆਦਾ ਕਮੀ ਵੇਖਣ ਵਿਚ ਆਈ ਹੈ। ਕਿਸਾਨੀ ਘਰਾਂ ਦੇ ਨੌਜਵਾਨ ਮੁੰਡੇ ਖੇਤੀਬਾੜੀ ਦੇ ਮਿੱਟੀ ਵਿਚ ਮਿੱਟੀ ਹੋ ਕੇ ਸਖ਼ਤ ਕੰਮ ਕਰਨ ਦੀ ਅਮੀਰ ਵਿਰਾਸਤ ਤੋਂ ਕੰਨੀ ਕਤਰਾ ਰਹੇ ਹਨ। ਉਨ੍ਹਾਂ ਦੀ ਸੋਚ ਤੇ ਥੋੜ੍ਹਾ ਕੰਮ ਤੇ ਜ਼ਿਆਦਾ ਕਮਾਈ ਦਾ ਭੂਤ ਸਵਾਰ ਹੋ ਗਿਆ ਲਗਦਾ ਹੈ। ਗੁਰੂ ਸਾਹਿਬਾਨ ਦੀ ਦਿੱਤੀ ਸਬਰ ਸੰਤੋਖ ਦੀ ਭਾਵਨਾ ਗਾਇਬ ਹੁੰਦੀ ਜਾ ਰਹੀ ਹੈ।

ਇਹ ਗੱਲ ਵੀ ਠੀਕ ਹੈ ਕਿ ਹਰ ਬੰਦੇ ਨੂੰ ਉਸ ਵਲੋਂ ਕੀਤੀ ਜਾ ਰਹੀ ਮਿਹਨਤ ਦਾ ਸਹੀ ਇਵਜ਼ਾਨਾ ਮਿਲਨਾ ਚਾਹੀਦਾ ਹੈ ਤਾਂ ਜੁ ਉਹ ਆਪਣੀਆਂ ਮਾਇਕ ਜ਼ਰੂਰਤਾਂ ਪੂਰੀਆਂ ਕਰਦੇ ਹੋਏ ਅਜੋਕੇ ਪਦਾਰਥਵਾਦ ਪਸਾਰੇ ਦੇ ਹਾਣ ਦਾ ਹੋ ਕੇ ਜੀਵਨ ਬਸਰ ਕਰ ਸਕੇ। ਮਜ਼ਦੂਰੀ ਕਰਨ ਵਾਲੇ ਹਰ ਵਿਅਕਤੀ ਨੂੰ ਹਰ ਜਾਇਜ਼ ਸਹੂਲਤ ਉਪਲਬਧ ਹੋਵੇ ਅਤੇ ਉਸ ਦੀ ਸਮਾਜਿਕ ਜ਼ਿੰਦਗੀ ਬੜੀ ਸਹਿਜ ਹੋਵੇ ਅਤੇ ਉਹ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਦੇ ਸਮਰੱਥ ਹੋਵੇ। ਉਸ ਦੀ ਕੰਮ ਕਰਨ ਦੀ ਸਮਾ ਸੀਮਾ ਵੀ ਤੈਅ ਹੋਵੇ।

ਕਿਰਤ ਕਰਨ ਵਾਲਿਆਂ ਦੇ ਹੱਕਾਂ ਹਿੱਤ ਮਾਨਵੀ ਹੱਕਾਂ ਦੀ ਪੈਰਵੀ ਕਰਨ ਵਾਲੀਆਂ ਯੂਨੀਅਨਾਂ ਅਤੇ ਸਮਾਜਵਾਦੀ ਜਥੇਬੰਦੀਆਂ ਨੇ ਦੁਨੀਆ ਭਰ ਵਿਚ ਸਾਲਾਂ ਬੱਧੀ ਜੱਦੋਜਹਿਦ ਕੀਤੀ। ਅੱਜ ਤੋਂ ਲਗਪਗ ਸੌ ਸਾਲ ਪਹਿਲਾਂ ਕਿਰਤ ਕਰਨ ਵਾਲਿਆਂ ਦੀ ਅਹਿਮੀਅਤ ਦੀ ਪਹਿਚਾਣ ਕਰਨ ਅਤੇ ਉਨ੍ਹਾਂ ਨੂੰ ਸਹੀ ਇਵਜ਼ਾਨਾ ਦੁਆਉਣ ਦੀ ਸ਼ੁਰੂਆਤ ਹੋਈ। ਅਮਰੀਕਾ ਵਿਚ ਕਿਰਤੀਆਂ ਦੇ ਹੱਕ ਵਿਚ ਉੱਠੀ ਵੱਡੀ ਲਹਿਰ ਨੇ ਸੰਨ 1886 ਵਿਚ ਮਜ਼ਦੂਰ ਦਿਵਸ ਦੀ ਨੀਂਹ ਰੱਖੀ, ਜਿਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਹੋਈ। ਆਓ, ਅਸੀਂ ਵੀ ਕਿਰਤ ਕਰਨ ਦੀ ਮਹਾਨ ਪ੍ਰੰਪਰਾ 'ਤੇ ਸੱਚੇ ਮਨੋਂ ਪਹਿਰਾ ਦਈਏ ਅਤੇ ਖ਼ੁਸ਼ੀਆਂ ਭਰਿਆ ਜੀਵਨ ਬਸਰ ਕਰੀਏ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਮੌਸਮੀਂ ਤੇ ਸਿਆਸੀ ਤੀਰ

ਲੋਕ-ਰੋਹ ਫਿਰ ਬਹੁਤਾ 'ਪ੍ਰਚੰਡ' ਹੁੰਦਾ
ਝੂਠਾ ਲੀਡਰ ਜਦ ਮਾਰਦਾ ਤੜੀ ਹੋਵੇ।
ਸੱਤਾਧਾਰੀ ਉਹ ਬਦਲਣਾ ਚਾਹੀਦਾ ਏ
ਵੋਟ ਸਿਸਟਮ 'ਚ 'ਘੋਲਦਾ ਕੜ੍ਹੀ' ਹੋਵੇ।
'ਕੱਠ ਜਨਤਾ ਦਾ ਇੱਕੋ ਇਲਾਜ ਸਮਝੋ
ਜੇਕਰ ਹਾਕਮ ਨੇ ਜਿਦ ਕੋਈ ਫੜੀ ਹੋਵੇ।
ਹੱਥੋਂ ਪਾਰਟੀ ਖਿਸਕਦੀ ਖਿਸਕ ਜਾਂਦੀ
ਜੇ ਕਿਸਮਤ 'ਭਰਦਾਨ' ਦੀ ਸੜੀ ਹੋਵੇ।
'ਚੱਪਣ' ਰੱਖਦਾ ਨਹੀਂ ਉਹ ਘੜੇ ਉੱਪਰ
ਨੀਲੇ ਬਾਬੇ ਨੇ ਫੜ ਲਈ ਜੇ ਅੜੀ ਹੋਵੇ।
ਛਿੜਦੀ ਕੰਬਣੀ 'ਹੜ੍ਹਾਂ' ਨੂੰ ਯਾਦ ਕਰਕੇ
ਸਾਵਣ-ਭਾਦੋਂ ਦੀ ਲੱਗੀ ਜੇ ਝੜੀ ਹੋਵੇ !



**ਤਰਲੋਚਨ ਸਿੰਘ ਦੁਪਾਲ ਪੁਰ**
**78146-92724**

## ਯੂ-ਟਰਨ

ਤਿੰਨ ਕਿਲੇ ਸੀ ਵੇਚ ਮੈਂ ਤਾਂ ਵਿਚ ਅਮਰੀਕਾ ਆਇਆ
ਜੇਲ੍ਹਾਂ ਦੇ ਵਿਚ ਰੁਲ ਗਿਆ ਪਹਿਲਾਂ ਬਾਰਡਰ ਮਸਾਂ ਟਪਾਇਆ।
ਬਸ ਯੂ-ਟਰਨ ਮੈਂ ਮਾਰ ਬੈਠਾ ਮੈਥੋਂ ਗਲਤੀ ਹੋ ਗਈ ਭਾਰੀ
ਫਿਰ ਵੈਨ ਵਾਲੇ ਘੱਟ ਨਾ ਕੀਤੀ ਬਰੇਕ ਭੋਰਾ ਨਾ ਮਾਰੀ।

ਹੁਣ ਦੋ ਸਟੇਟਾਂ ਖਹਿ ਪਈਆਂ ਮੇਰੀ ਜਾਨ ਕੁੜੱਕੀ ਆਈ
ਨਿੱਤ ਲੱਖਾਂ ਲੋਕ ਮਸੀਕੇ ਟੱਪਣ ਕਿਉਂ ਸਾਡੇ ਤੇ ਸਖਤਾਈ
ਫਿਰ ਸਿੱਖ ਕੌਮ ਨੇ ਲਾ ਲਿਆ ਮੱਥਾ ਕਦੇ ਹਿੰਮਤ ਨਾ ਹਾਰੀ
ਬਸ ਯੂ-ਟਰਨ ਮੈਂ ਮਾਰ ਬੈਠਾ ਮੈਥੋਂ...

ਨਾ ਰਾਤਾਂ ਨੂੰ ਸੌਂਦੇ ਤੇ ਕਿਵੇਂ ਲੋਡ ਸਮੇਂ ਸਿਰ ਲਾਹੁੰਦੇ
ਪਰ ਪੂਰੇ ਪੈਸੇ ਦੇਣ ਨਾ ਮਾਲਕ ਸਾਨੂੰ ਪਏ ਭਕਾਉਂਦੇ
ਸਾਨੂੰ ਕੰਮ ਕਿਤੇ ਨਾ ਮਿਲਦਾ ਤਾਹਿਓਂ ਜਾਈਏ ਮੱਥਾ ਮਾਰੀ
ਬਸ ਯੂ-ਟਰਨ ਮੈਂ ਮਾਰ ਬੈਠੇ ਮੈਥੋਂ...

ਭਰਾ ਮੇਰਾ ਵੀ ਫੜ ਲਿਆ ਇਥੇ ਕੀ ਮੇਰਾ ਹੁਣ ਰਹਿ ਗਿਆ
ਹੁਣ ਹੋਏ ਪੰਜਾਬੀ ਇਕੱਠੇ ਜਿੰਮਾ ਆਪਣੇ ਸਿਰ ਤਾਂ ਲੈ ਲਿਆ
ਸਾਨੂੰ ਗੁੜਤੀ ਦਿੱਤੀ ਗੁਰੂ ਗੋਬਿੰਦ ਤਾਂ ਹੀ ਕਰਦੇ ਖ਼ਾਤਰਦਾਰੀ
ਬੱਸ ਯੂ-ਟਰਨ ਮੈਂ ਮਾਰ ਬੈਠਾ ਮੈਥੋਂ...

ਮੇਰਾ ਸੱਚਾ ਸਤਿਗੁਰ ਰਾਖਾ ਤੇ ਹੁਣ ਉਹੀ ਕਰੂ ਨਿਬੇੜਾ
ਤੂੰ ਸੱਚ ਪੁੱਛੇ ਸਾਰੀ ਸਿੱਖ ਕੌਮ ਮੇਰਾ ਕਰਦੀ ਫਿਕਰ ਬਥੇਰਾ
ਤਾਂ ਹੀ 'ਦੇਵ ਘੋਲੀਆ' ਇਕ ਦਿਨ ਮੇਰੀ ਲਿਖੂ ਵਾਰਤਾ ਸਾਰੀ
ਬਸ ਯੂ-ਟਰਨ ਮੈਂ ਮਾਰ ਬੈਠਾ ਮੈਥੋਂ ਗਲਤੀ ਹੋ ਗਈ ਭਾਰੀ।



**-ਗੀਤਕਾਰ ਦੇਵ ਘੋਲੀਆ**
**559-232-7764**

## ਹਾਲੇ ਰਚਨਾ ਸਾਂਝੀ ਕਰ ਲੈਂਦੇ ਹਾਂ

ਚਾਨਣ ਕਰਦਿਆਂ ਦੀਵਿਆ ਬੱਤੀ ਤੇਲ 'ਚ ਡੁੱਬ ਗਈ ਏ,
ਸੱਚ ਬੋਲੇ ਨਾ ਜੀਭਾ ਖੰਜਰ ਕਾਹਤੋਂ ਖੁੱਭ ਗਈ ਏ।

ਸੱਚ ਨੂੰ ਪਾਵੇ ਵਲੇਵਾਂ ਝੂਠ ਦੀ ਜਦੋਂ ਜ਼ੰਜੀਰ ਕੋਈ,
ਇਤਿਹਾਸ ਪਲਟ ਹੀ ਜਾਵੇ ਵਿਕਦੀ ਜਦੋਂ ਜ਼ਮੀਰ ਕੋਈ।

ਡਿਗਰੀਆਂ ਥੱਬਾ ਹੱਥ ਵਿੱਚ ਆਖਣ ਪਾੜ੍ਹਾ ਏ,
ਸੋਚ ਧਸੇਂਦੀ ਜਾਵੇ ਜਿਉਂ ਦਲਦਲ ਗਾਰਾ ਏ।

ਜਿੰਦ ਬੁਲਬੁਲਾ ਪਾਣੀ ਕਾਹਦੀਆਂ ਮੇਰਾਂ ਤੇਰਾਂ ਨੇ,
ਰਾਤ ਕੁਲਹਿਣੀ ਮੁੱਕਦੀ ਆਉਂਦੀਆਂ ਜਦੋਂ ਸਵੇਰਾਂ ਨੇ।

ਵਿਕਦੇ ਮੁੱਲ ਸਨਮਾਨ ਡਿਗਰੀਆਂ ਲੱਖ ਹਜਾਰਾਂ ਨੇ,
ਗੰਦ ਬਖੇੜਾ ਪਾਇਆ ਗੰਧਲੇ ਹੋਏ ਵਿਚਾਰਾਂ ਨੇ।

ਸਿਰ ਝੁਕਦਾ ਜੋ ਕਲਮਾਂ ਸੱਚ ਦੇ ਨਾਲ ਖਲੋਈਆਂ ਨੇ,
ਝੂਠ ਦੀਆਂ ਨਾ ਕਦੇ ਵੀ ਉਮਰਾਂ ਲੰਮੀਆਂ ਹੋਈਆਂ ਨੇ।

ਬਿਨ ਜਿੱਤਿਆਂ ਕਦ "ਸਿੱਧੂ" ਘਰ ਨੂੰ ਮੁੜਦੇ ਨੇ,
ਸੀਸ ਤਲੀ ਤੇ ਧਰ ਕੇ ਜਿਹੜੇ ਤੁਰਦੇ ਨੇ।

**ਸੁਖਵਿੰਦਰ ਕੌਰ ਸਿੱਧੂ**
**ਸੰਗਰੂਰ**

## ਗੁਰੂ ਮਾਨਿਓ ਗ੍ਰੰਥ ॥

ਉਸ ਨੂੰ ਕਹੀਏ 'ਸਿੱਖ' ਸਦਾ ਜੋ, 'ਚੜ੍ਹਦੀ ਕਲਾ' 'ਚ ਰਹਿੰਦਾ ਏ॥
'ਬਾਣੀ' ਦੇ ਵਿੱਚ ਮਨ ਚਿੱਤ ਲਾ ਕੇ, ਮੁੱਖੋਂ 'ਵਾਹਿਗੁਰੂ' ਕਹਿੰਦਾ ਏ॥
ਬਾਣੀ ਸਦਕਾ ਹਿਰਦਾ ਠਰ੍ਹਿਆ, ਜੀਵਨ ਸਫਲਾ ਕਰਿਆ ਏ॥
'ਗੁਰੂ' ਗ੍ਰੰਥ ਨੂੰ ਮੰਨਣ ਵਾਲਾ, ਭਵ ਸਾਗਰ ਤੋਂ ਤਰਿਆ ਏ॥
ਰੱਬ ਹੈ ਜੱਗ ਦਾ ਪਾਲਣਹਾਰਾ, ਬਾਣੀ ਉਸ ਦੀ ਸ਼ੋਭਾ ਏ॥
'ਗੁਰ ਪਰਮੇਸ਼ਰ ਇਕੋ' ਹੀ ਨੇ, ਸਿੱਖ ਸਤਿਗੁਰੂ 'ਜੋਗਾ' ਏ॥
ਗੁਰਬਾਣੀ ਹੈ 'ਰੱਬੀ ਉਸਤਤ', ਅੰਮ੍ਰਿਤ ਦਾ ਰਸ ਭਰਿਆ ਏ॥
ਗੁਰੂ ਗ੍ਰੰਥ 'ਦੀ' ਮੰਨਣ ਵਾਲਾ, ਭਵ ਸਾਗਰ ਤੋਂ ਤਰਿਆ ਏ॥
'ਸਚਾ ਸਤਿਗੁਰ' 'ਰੂਪ ਰੱਬ ਦਾ', ਨਾ ਆਉਂਦਾ ਨਾ ਜਾਂਦਾ ਏ॥
'ਪਰਮੇਸ਼ਰ ਦੀ ਬਾਣੀ' ਸੇਵਕ, ਮਨ ਦੇ ਵਿਚ ਵਸਾਂਦਾ ਏ॥
ਸਤਿਗੁਰੂ ਨੇ 'ਅੰਮ੍ਰਿਤ' ਦੇ ਕੇ, ਅਮਰ 'ਖਾਲਸਾ' ਕਰਿਆ ਏ॥
'ਗੁਰੂ' ਗ੍ਰੰਥ ਨੂੰ ਮੰਨਣ ਵਾਲਾ, ਭਵ ਸਾਗਰ ਤੋਂ ਤਰਿਆ ਏ॥
'ਬਾਣੀ' ਸਦਕਾ 'ਅਮਰ' ਖਾਲਸਾ, ਪੰਥ ਲਈ ਸੁਖਦਾਈ ਏ॥
'ਉਹੀ ਖਾਲਸਾ' ਰੂਪ ਗੁਰੂ ਦਾ, ਜਿਸ ਨੇ 'ਸੁਰਤ' ਟਿਕਾਈ ਏ॥
ਤਨ ਚਰਵਾਏ ਸੀਸ ਕਟਾਏ, 'ਮੌਤੋਂ ਕਦੇ ਨਾ ਡਰਿਆ' ਏ॥
ਗੁਰੂ ਗ੍ਰੰਥ 'ਦੀ' ਮੰਨਣ ਵਾਲਾ, ਭਵ ਸਾਗਰ ਤੋਂ ਤਰਿਆ ਏ॥
'ਇੱਕੋ ਗੁਰੂ' ਗ੍ਰੰਥ ਨੂੰ ਮੰਨੇ, 'ਸੱਚਾ ਗੁਰਸਿੱਖ' ਜਿਹੜਾ ਏ॥
ਥਾਂ-ਥਾਂ ਜਾ ਕੇ ਨੱਕ ਰਗੜਿਆਂ, ਪਾਰ ਨਾ ਲੱਗਣਾ ਬੇੜਾ ਏ॥
'ਲੋਕ ਸੁਖੀ ਪਰਲੋਕ ਸੁਹੇਲਾ', ਵਾਸਾ 'ਸੱਚਖੰਡ' ਕਰਿਆ ਏ॥
'ਗੁਰੂ' ਗ੍ਰੰਥ ਨੂੰ ਮੰਨਣ ਵਾਲਾ, ਭਵ ਸਾਗਰ ਤੋਂ ਤਰਿਆ ਏ॥
'ਮਨ ਨੀਵਾਂ ਮੱਤ ਉਚੀ' ਰੱਖੇ, ਜੋ ਬਾਣੀ 'ਤੇ ਚਲਦਾ ਏ॥
ਬਾਣੀ ਤੋਂ ਜੋ ਮੁਨਕਰ ਹੋਵੇ, ਨਾ ਫੁਲਦਾ ਨਾ ਫਲਦਾ ਏ॥
ਮੈਂ-ਮੇਰੀ ਨੂੰ ਮਾਰਨ ਵਾਲਾ, 'ਆਤਮ ਮੌਤ ਨਾ ਮਰਿਆ' ਏ॥
ਗੁਰੂ ਗ੍ਰੰਥ 'ਦੀ' ਮੰਨਣ ਵਾਲਾ, ਭਵ ਸਾਗਰ ਤੋਂ ਤਰਿਆ ਏ॥
ਸੁਰਤ 'ਸ਼ਬਦ' ਦੇ ਵਿਚ ਜੋੜ ਕੇ, ਬਾਣੀ' ਰਿਦੇ ਵਸਾਈਏ ਜੀ॥
ਗੁਰਬਾਣੀ ਦੀ ਲੈ 'ਸੰਥਿਆ', 'ਰਾਗਾਂ' ਦੇ ਵਿਚ ਗਾਈਏ ਜੀ॥
ਉਸ ਦਾ ਹੋਇਆ ਜੀਵਨ ਸਫਲਾ, ਜਿਸ ਨੇ 'ਕੀਰਤਨ' ਕਰਿਆ ਏ॥
'ਗੁਰੂ' ਗ੍ਰੰਥ ਨੂੰ ਮੰਨਣ ਵਾਲਾ, ਭਵ ਸਾਗਰ ਤੋਂ ਤਰਿਆ ਏ॥
ਗੁਰਬਾਣੀ 'ਤੇ ਚਲਣ ਵਾਲਾ, 'ਪੀੜਤ ਵੱਲੀਂ' ਖੜਦਾ ਏ॥
'ਨਾ ਡਰਦਾ ਤੇ ਨਾ ਡਰਾਉਂਦਾ', 'ਜ਼ਾਲਮ ਮੂਹਰੇ' ਅੜਦਾ ਏ॥
ਹਰਪਾਲ ਸਿੰਘਾ ਕਹੇ ਖਾਲਸਾ, 'ਜੋ ਅੜਿਆ ਸੋ ਝੜਿਆ' ਏ॥
ਗੁਰੂ ਗ੍ਰੰਥ 'ਦੀ' ਮੰਨਣ ਵਾਲਾ, ਭਵ ਸਾਗਰ ਤੋਂ ਤਰਿਆ ਏ॥



**-ਭਾਈ ਹਰਪਾਲ ਸਿੰਘ ਲੱਖਾ**

## ਡਿਗਰੀਆਂ ਵਾਲੇ ਅਨਪੜ੍ਹ

ਲੈ -ਲੈ ਡਿਗਰੀਆਂ ਝੋਲੇ ਅਸੀਂ ਭਰ ਲਏ
ਅਕਲਾਂ ਵਾਲੇ ਖਾਨੇ ਬੰਦ ਅਸੀਂ ਕਰਲੈ
ਇੱਕੀਵੀਂ ਸਦੀ ਵਿੱਚ ਬੰਦਾ ਰੱਬ ਚਾਰਦਾ
ਸਾਨੂੰ ਡਿਗਰੀਆਂ ਵਾਲਾ ਅਨਪੜ੍ਹ ਮਾਰਦਾ

ਜਾਤਾਂ-ਪਾਤਾਂ ਦੇ ਗੇਡ ਵਿੱਚ ਰਹੇ ਉਲਝਿਆ
ਇਨਸਾਨੀਅਤ ਦਾ ਭੇਤ ਨਾ ਉਸਤੋਂ ਸੁਲਝਿਆ
ਧਰਮ ਯੁੱਧ ਵਾਲੀ ਕਦੇ ਜਾਂਦੀ ਨੀਂ ਟੱਪੀ ਤਾਰ
ਖਾ ਜਾਂਦੇ ਲੁੱਟ ਉਹਨੂੰ ਧਰਮ ਦੇ ਠੇਕੇਦਾਰ
ਚਾਈਂ-ਚਾਈਂ ਭੇਟਾਂ ਲੱਖਾਂ ਦੀਆਂ ਚਾੜ੍ਹਦਾ
ਸਾਨੂੰ ਡਿਗਰੀਆਂ ਵਾਲਾ ਅਨਪੜ੍ਹ ਮਾਰਦਾ

ਹੱਕਾਂ ਆਪਣਿਆਂ ਦਾ ਹੁੰਦਾ ਨਹੀਂ ਰਖਵਾਲਾ
ਦੇਣ ਲਈ ਰਿਸ਼ਵਤ ਸਦਾ ਰਹੇ ਉਹ ਕਾਹਲਾ
ਫੈਲੀਆਂ ਕੁਰੀਤੀਆਂ ਨੂੰ ਦਵੇ ਤਵੱਜੋ ਰੱਜ ਕੇ
ਕੋਹੜੀ ਰਿਵਾਜ ਫਿਰ ਸਮਾਜ ਚ ਆਉਣ ਭੱਜ ਕੇ
ਪੱਲੇ ਨਹੀਓਂ ਕੱਖ ਬੱਸ ਗੱਲੀ ਬਾਤੀ ਸਾਰਦਾ
ਸਾਨੂੰ ਡਿਗਰੀਆਂ ਵਾਲਾ ਅਨਪੜ੍ਹ ਮਾਰਦਾ

ਵੋਟ ਆਪਣੀ ਦਾ ਉਹ ਹੱਕ ਨਹੀਂ ਜਾਣਦਾ
ਵਿਕ ਜਾਵੇ ਸਦਾ ਆਪਾਂ ਨ੍ਹੀਂ ਉਹ ਪਛਾਣਦਾ
ਚਾਦਰਾਂ ਤੋਂ ਬਾਹਰ ਸਦਾ ਪੈਰ ਉਹਦੇ ਪਸਰਦੇ
ਸੀਰਨੀ ਵੰਡਣ ਲਈ ਉਹ ਰੱਖੇ ਮੂਹਰੇ ਘਰਦੇ
ਆਪਣੇ ਬੇਗਾਨੇ ਵਾਲਾ ਸਦਾ ਭੇਦ ਮਾਰਦਾ
ਸਾਨੂੰ ਡਿਗਰੀਆਂ ਵਾਲਾ ਅਨਪੜ੍ਹ ਮਾਰਦਾ

ਬੇ-ਮੁੱਖ ਹੋਵੇ ਉਹ ਆਪਣੀ ਹੀ ਮਾਂ ਬੋਲੀ ਤੋਂ
ਰੁਸ਼ਨਾਉਂਦਾ ਨਹੀਂ ਆਪਾਂ ਗਿਆਨ ਵਾਲੀ ਝੋਲੀ ਤੋਂ
ਕਹੇ ਪਰਮ ਗਿਆਨ ਦਾ ਦੀਪ ਜਲਾ ਲਓ
ਰਲ-ਮਿਲ ਸਾਰੇ ਅਨਪੜ੍ਹਤਾ ਦੂਰ ਭਜਾ ਲਓ
ਫੇਰ ਨਹੀਂਓਂ ਦੇਸ਼ ਕੋਈ ਬਾਜ਼ੀ ਹਾਰਦਾ
ਸਾਨੂੰ ਡਿਗਰੀਆਂ ਵਾਲਾ ਅਨਪੜ੍ਹ ਮਾਰਦਾ

**ਪਰਮਜੀਤ ਕੌਰ ਸੇਖੂਪੁਰ ਕਲਾਂ**
**(ਮਲੇਰਕੋਟਲਾ)**

## ਰੁੱਖਾਂ ਦੀ ਮੈਂ ਗੱਲ ਕਰਾਂ

ਮਨੁੱਖ ਦੇ ਦੁੱਖਾਂ ਦੀ ਮੈਂ ਗੱਲ ਕਰਾਂ,
ਗੰਧਲਾ ਹੋ ਰਿਹਾ ਵਾਤਾਵਰਨ ਅੱਜ
ਵੱਧਦੀਆਂ ਮਨੁੱਖ ਦੀਆਂ ਭੁੱਖਾਂ ਦੀ ਮੈਂ ਗੱਲ ਕਰਾਂ ।
ਲਿਖਦੇ, ਕਹਿੰਦੇ ਤੇ ਵਿਚਾਰ ਕਰਦੇ ਕਈ
ਪਰ 'ਆਪਾਂ ਕਿਉਂ ਕਰੀਏ ਤੇ ਸਾਨੂੰ ਕੀ ਪਈ ?'
ਇਹੋ ਸੋਚ ਸਾਡੇ ਲਈ ਘਾਤਕ ਹੈ
ਜੋ ਮਨ ਸਾਡੇ ਅੰਦਰ ਹੁਣ ਤੱਕ ਬੈਠੀ ਪਈ।
ਦੂਸਰਿਆਂ ਵੱਲ ਤੱਕਣ ਨਾਲੋਂ
ਵਾਤਾਵਰਨ ਲਈ ਆਪ ਕੁਝ ਕਰ ਲਈਏ ,
ਬਹੁਤਾ ਨਹੀਂ, ਤਾਂ ਥੋੜ੍ਹਾ ਹੀ ਸਹੀ
ਨਾ ਚੁੱਪ ਕਰਕੇ ਬਹੀਏ।
ਵੱਧ ਤੋਂ ਵੱਧ ਪੌਦੇ ਲਗਾ ਕੇ
ਕਰ ਲਈਏ ਉਨ੍ਹਾਂ ਦੀ ਸੰਭਾਲ਼ ,
ਦੂਜਿਆਂ ਨੂੰ ਜਾਗਰੂਕ ਕਰ ਦੇਈਏ
ਹੋ ਜਾਏਗਾ ਵਾਤਾਵਰਨ ਖੁਸ਼ਹਾਲ।
ਰੁੱਖ ਨਹੀਂ 'ਧਰਮਾਣੀ' ਭਗਵਾਨ ਹੈ ਇਹ
ਵਾਤਾਵਰਨ ਦੀ ਅਸਲ ਸ਼ਾਨ ਹੈ ਇਹ,
ਇਨ੍ਹਾਂ ਬਾਝ ਨਾ ਹੋਣਾ ਗੁਜ਼ਾਰਾ
ਬੰਦਾ ਫਿਰੂ ਫਿਰ ਮਾਰਾ - ਮਾਰਾ।
ਵਰਖਾ, ਹਰਿਆਲੀ, ਆਕਸੀਜਨ
ਬਹੁਤ ਕੁਝ ਇਹ ਦਿੰਦੇ ਨੇ,
ਪੰਛੀ, ਜੀਵ - ਜੰਤੂ ਸਭ
ਇਨ੍ਹਾਂ ਸਹਾਰੇ ਰਹਿੰਦੇ ਨੇ।
ਧਰਤੀ ਦਾ ਸ਼ਿੰਗਾਰ ਨੇ
ਸਭ ਦੇ ਜੀਵਨ ਦਾ ਅਧਾਰ ਨੇ,
ਦਰੱਖਤ ਤਾਂ ਰੱਬ ਦਾ ਰੂਪ ਨੇ
ਇਹ ਸਭ ਦੇ ਮੱਦਦਗਾਰ ਨੇ।
ਲਗਾ ਲਉ, ਸੰਭਾਲ਼ ਲਉ ਰੁੱਖਾਂ ਨੂੰ
ਘੱਟ ਕਰ ਲਉ, ਸਭ ਦੇ ਦੁੱਖਾਂ ਨੂੰ,
'ਧਰਮਾਣੀ' ਸੰਭਾਲ਼ ਲਉ ਰੁੱਖਾਂ ਨੂੰ
ਬੱਚਿਆਂ ਵਾਂਗ ਪਾਲ਼ ਲਉ ਰੁੱਖਾਂ ਨੂੰ।

**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**ਸ਼੍ਰੀ ਅਨੰਦਪੁਰ ਸਾਹਿਬ**
**9478561356**

## ਇੰਡੀਆ ਬਨਾਮ ਯੂਰਪ

**ਇੰਡੀਆ**

"ਭਾਵੇਂ ਲੱਖ ਅਮੀਰ ਤੂੰ ਯੂਰਪਾ ਵੇ
ਪਰ ਸਾਡੇ ਜਿਹਾ ਸਦਾਚਾਰ ਹੈ ਨੀ

ਭੈਣਾਂ ਭਾਈਆਂ ਦੇ ਪਿਆਰ ਤੇ ਮੋਹਰ ਲਾਵੇ
ਕੋਲ਼ ਰੱਖੜੀ ਜਿਹਾ ਤਿਉਹਾਰ ਹੈ ਨੀ

ਧੀਆਂ-ਭੈਣਾਂ ਨਾ ਦੇਵੀਆਂ ਵਾਂਗ ਮੰਨੇ
ਕੰਜਕਾਂ ਪੂਜਣ ਦਾ ਚੱਜ ਆਚਾਰ ਹੈ ਨੀ

ਮੰਨੇ ਪਤੀ ਨੂੰ ਰੂਪ ਪ੍ਰਮਾਤਮਾ ਦਾ
ਥੋਡੀ ਨਾਰਾਂ ਦੇ ਐਸੇ ਵਿਚਾਰ ਹੈ ਨੀ

ਗੁਰੂਆਂ, ਪੀਰਾਂ, ਫਕੀਰਾਂ, ਔਲੀਆਂ ਦਾ
ਰੱਬ ਵਰਗਾ ਥੋਡੇ ਸਤਿਕਾਰ ਹੈ ਨੀ

ਖੁੱਲੇ ਲੰਗਰ, ਛਬੀਲਾਂ, ਕਾਰ ਸੇਵਾ
ਲੋੜਵੰਦਾਂ ਲਈ ਖੁੱਲ੍ਹੇ ਭੰਡਾਰ ਹੈ ਨੀ

ਸਾਂਝ, ਪਿਆਰ, ਮੁਹੱਬਤਾਂ, ਭਾਈਚਾਰੇ
'ਭਲੇ ਸਰਬੱਤ ਦੇ' ਜਿਹੇ ਵਿਚਾਰ ਹੈ ਨੀ"

**ਯੂਰਪ**

"ਸੋਲ਼ਾਂ ਆਨੇ ਹੈ ਗੱਲ ਸਦਾਚਾਰ ਵਾਲੀ
ਨਹੀਂ ਮੈਂ ਸੱਚੀਉਂ ਨਕਲ ਉਤਾਰ ਸਕਦਾ

ਐਪਰ ਦੋਹਰਾ ਮੇਰਾ ਕਿਰਦਾਰ ਹੈ ਨੀ
ਧੀਆਂ ਕੁੱਖ ਦੇ ਵਿੱਚ ਨਹੀਂ ਮਾਰ ਸਕਦਾ

ਨੂੰਹ ਨੂੰ ਸਮਝ ਕੇ ਧੀ ਬੇਗਾਨਿਆਂ ਦੀ
ਦਾਜ ਖਾਤਰ ਨਹੀਂ ਕਦੇ ਵੀ ਸਾੜ ਸਕਦਾ

ਜਾਂ ਫਿਰ ਝੂਠੇ ਦਹੇਜ ਦੇ ਕੇਸ ਅੰਦਰ
ਰਗੜ ਮਾਪੇ ਨਾ ਹੋਰ ਰਿਸ਼ਤੇਦਾਰ ਸਕਦਾ

ਸ਼ਰਧਾ ਵੋਟਾਂ 'ਚ ਨਹੀਂ ਤਬਦੀਲ ਕਰਦਾ
ਧਰਮ ਦੇ ਨਾਂ ਤੇ ਨਾ ਕਰ ਵਪਾਰ ਸਕਦਾ

ਨਕਲੀ ਬੀਜ, ਦਵਾਈਆਂ 'ਤੇ ਖਾਧ ਚੀਜਾਂ
ਸੁਪਨੇ ਵਿੱਚ ਵੀ ਨਾ ਕਰ ਤਿਆਰ ਸਕਦਾ

ਪੌੜੀ ਚੜ੍ਹੇ ਘੜਾਮੇਂ ਕੋਈ ਰੋਮੀ ਵਰਗਾ
ਲੱਤਾਂ ਖਿੱਚ ਕੇ ਥੱਲੇ ਨਹੀਂ 'ਤਾਰ ਸਕਦਾ"



**ਰੋਮੀ ਘੜਾਮੇਂ ਵਾਲਾ**
**98552-81105**

## ਮਾਂ ਅਤੇ ਧੀ

ਖੇਡਣ ਦੇ ਦਿਨ ਚਾਰ ਨੀਂ ਮਾਏ ਖੇਡਣ ਦੇ
ਤੈਨੂੰ ਮਿੰਨਤਾਂ ਕਰਾਂ ਮੈਂ ਵਾਰ ਵਾਰ, ਨੀ ਮਾਏ ਖੇਡਣ ਦੇ..

ਭਰ ਜੋਬਨ ਜਦ ਆਏ ਜੁਆਨਾ
ਹੋ ਜਾਏ ਹਰ ਅੱਖ ਮਸਤਾਨੀ
ਫੋਲ ਲਵਾਂ ਗ਼ਮਖ਼ਾਰ, ਨੀ ਮਾਏ ਖੇਡਣ ਦੇ।

ਪਿੱਪਲਾਂ ਦੇ ਗਲ ਪੀਂਘਾਂ ਪਾਵਾਂ
ਨਾਲ ਖੁਸ਼ੀ ਦੇ ਢੋਲੇ ਗਾਵਾਂ
ਇਹ ਤਾਂ ਜੋਬਨ ਦਾ ਸ਼ਿੰਗਾਰ, ਨੀ ਮਾਏ ਖੇਡਣ ਦੇ।

ਘਰ ਵਿਚ ਬੈਠੀ ਨੂੰ ਤੂੰ ਮੈਨੂੰ ਝਿੜਕੇਂ।
ਬਾਹਰ ਜਾਵਾਂ ਤਾਂ ਵੀਰ ਪਿਆ ਘੁਰਕੇ
ਮੇਰਾ ਜੀਣਾਂ ਹੋਇਆ ਏ ਮੁਹਾਲ, ਨੀ ਮਾਏ ਖੇਡਣ ਦੇ...

ਸਖੀਆਂ ਸਹੇਲੀਆਂ ਤਾਹਨੇ ਮੇਹਣੇ ਦੇਂਦੀਆਂ,
ਘੜੀ ਮੁੜੀ ਉਹੋ ਰੁੱਸ ਰੁੱਸ ਬੈਂਦੀਆਂ,
ਮੇਰਾ ਬੁਰਾ ਹੋਇਆ ਏ ਹਾਲ, ਨੀ ਮਾਏ ਖੇਡਣ ਦੇ।

ਮਾਏ ਤੂੰ ਮੈਨੂੰ ਲਾਡ ਲਡਾਇਆ,
ਰੋਂਦੀ ਦੀ ਨੂੰ ਤੂੰ ਗੀਤ ਸੁਣਾਇਆ
ਕੀ ਮੈਂ ਹੋਈ ਹਾਂ ਤੇਰੇ ਸਿਰ ਭਾਰ, ਨੀ ਮਾਏ ਖੇਡਣ ਦੇ।

ਗੋਦ ਆਪਣੀ ਦਾ ਨਿੱਘ ਮੈਨੂੰ ਦਿੱਤਾ,
ਲੋਰੀਆਂ ਸੁਣਾ ਕੇ ਪਿਆਰ ਸੀ ਕੀਤਾ
ਕੀ ਤੂੰ ਹੋ ਗਈ ਏਂ ਮੈਥੋਂ ਲਾਚਾਰ, ਨੀ ਮਾਏ ਖੇਡਣ ਦੇ

ਅੱਜ ਮੈਂ ਖੇਡਾਂ ਗੀਟੇ ਟ੍ਹਾਂਣਾ
ਕੱਲ੍ਹ ਮੈਂ ਦੇਸ ਪ੍ਰਾਏ ਜਾਣਾ।
'ਹਜ਼ੂਰ' ਡੋਲੀ ਦਾ ਲੈ ਕੇ ਹੁਲਾਰ, ਨੀ ਮਾਏ ਖੇਡਣ ਦੇ।



**ਹਜ਼ੂਰਾ ਸਿੰਘ (ਰਿਟਾ. ਪ੍ਰਿੰਸੀਪਲ)**
**ਕੋਠੀ ਨੰ. 2426, ਸਾਊਥ ਵਾਸਕੋ ਰੋਡ**
**ਕੌਂਵਨ ਵੇ ਲਿਵਰਮੋਰ**
**925-660-5977**

## ਹੜਾਂ ਦਾ ਜ਼ੋਰ

ਪੈਂਦੀ ਆ ਬਾਰਸ਼ ਹੁਣ, ਹੋਰ
ਕਿੰਨੇ ਦਿਨ ਪੈਣੀ,
ਇਸ ਗੱਲ ਦਾ ਕਿਸੇ ਨੂੰ ਕੋਈ
ਅਨੁਮਾਨ ਨੀਂ।

ਟੁੱਟ ਚੱਲੇ ਪੁਲ ਬੰਦ ਹੋਏ ਰਾਹ ਸਾਰੇ,
ਕਿਹੜਾ ਉਹ ਪਿੰਡ ਸ਼ਹਿਰ ਜਿੱਥੇ
ਹੋਇਆ ਨੁਕਸਾਨ ਨੀਂ।

ਘਰ, ਪਸ਼ੂ, ਡੰਗਰ ਕਈ ਥਾਈਂ
ਰੁੜ ਚੱਲੇ,
ਦੱਸੋ! ਕਿਹੜਾ ਉਹ ਬੰਦਾ ਜਿਹੜਾ
ਪ੍ਰੇਸ਼ਾਨ ਨੀਂ।

ਰੱਬ ਦਿਆ ਰੰਗਾਂ ਨੂੰ ਕੌਣ ਜਾਣੇ 'ਹਰਪ੍ਰੀਤ',
ਜਿਹੜਾ ਕਹੇ ਮੈਨੂੰ ਪਤਾ ਐਸਾ ਕੋਈ
ਭਗਵਾਨ ਨੀਂ,

**-ਹਰਪ੍ਰੀਤ ਪੱਤੋ**

## ਚੇਹਰੇ

ਚੇਹਰੇ ਸਾਨੂੰ ਪੜ੍ਹਨੇ ਆ ਗਏ
ਚੋਰ ਸਾਨੂੰ ਹੁਣ ਫੜਨੇ ਆ ਗਏ
ਭੋਲੇ ਪੰਛੀ ਹੁੰਦੇ ਸੀ ਕਦੇ
ਹੁਣ ਤਾਂ ਕੋਕੇ ਜੜਨੇ ਆ ਗਏ

ਗੱਲ ਗੱਲ ਦੇ ਕਦੇ ਰੋ ਪੈਂਦੇ ਸੀ
ਹੋਣ ਤਾਂ ਧੋਖੇ ਜਰਨੇ ਆ ਗਏ
ਬਹੁਤੇ ਸੱਚੇ ਕਸਮਾਂ ਖਾਂਦੇ
ਸਿਰ ਉਤੇ ਹੱਥ ਧਰਨੇ ਆ ਗਏ

ਲੋਕਾਂ ਵਾਂਗੂੰ ਝੂਠੇ ਵਾਅਦੇ
ਸਾਨੂੰ ਵੀ ਹੁਣ ਕਰਨੇ ਆ ਗਏ
ਜਖਮਾਂ ਦੀ ਪਰਵਾ ਨਹੀਂ ਕੋਈ
ਕਿਉਂਕਿ ਸਾਨੂੰ ਭਰਨੇ ਆ ਗਏ

ਸਿੱਖ ਸਿਆਣਪ ਲਈ ਅਸੀਂ ਵੀ
ਹੱਕ ਸਾਨੂੰ ਵੀ ਲੜਨੇ ਆ ਗਏ
'ਵੀਰਪਾਲ' ਧੰਨਵਾਦ ਲੋਕਾਂ ਦਾ
ਜਿਨ੍ਹਾਂ ਕਰਕੇ ਚੇਹਰੇ ਪੜ੍ਹਨੇ ਆ ਗਏ

**ਵੀਰਪਾਲ ਕੌਰ ਭੱਠਲ**

# ਕੁਦਰਤ ਨਾਲ ਛੇੜਛਾੜ ਦੇ ਖ਼ਤਰਨਾਕ ਨਤੀਜੇ




ਭਾਰਤੀ ਦਰਸ਼ਨ ਅਨੁਸਾਰ, ਮਨੁੱਖੀ ਸੱਭਿਅਤਾ ਦਾ ਵਿਕਾਸ ਹਿਮਾਲਿਆ ਅਤੇ ਇਸ ਦੀਆਂ ਨਦੀਆਂ ਦੀਆਂ ਘਾਟੀਆਂ ਤੋਂ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਅੱਜ, ਵਿਕਾਸ ਦੇ ਤਰੀਕਿਆਂ ਅਤੇ ਜਲਦਬਾਜ਼ੀ ਕਾਰਨ ਪੂਰਾ ਹਿਮਾਲਿਆ ਢਹਿ ਰਿਹਾ ਹੈ। ਉੱਤਰਾਖੰਡ ਦੇ ਉੱਤਰਕਾਸ਼ੀ ਦੇ ਧਾਰਲੀ ਪਿੰਡ ਸਮੇਤ ਤਿੰਨ ਥਾਵਾਂ 'ਤੇ ਆਈ ਕੁਦਰਤੀ ਆਫ਼ਤ ਇੱਕ ਚੇਤਾਵਨੀ ਹੈ ਕਿ ਕੁਦਰਤ ਨਾਲ ਛੇੜਛਾੜ ਦੇ ਨਤੀਜੇ ਭਿਆਨਕ ਹੋ ਸਕਦੇ ਹਨ। ਧਾਰਲੀ ਅਤੇ ਹਰਸ਼ੀਲ ਵਿੱਚ ਹੜ੍ਹਾਂ ਦੇ ਰੂਪ ਵਿੱਚ ਕੁਦਰਤ ਨੇ ਜੋ ਦ੍ਰਿਸ਼ ਦਿਖਾਏ ਹਨ ਉਹ ਸੱਚਮੁੱਚ ਭਿਆਨਕ ਹਨ। ਇੱਕ ਵਾਰ ਫਿਰ, ਚਾਰ ਧਾਮ ਯਾਤਰਾ ਨਾਲ ਜੁੜੇ ਇਸ ਰਸਤੇ 'ਤੇ ਕੇਦਾਰਨਾਥ ਆਫ਼ਤ ਦੀ ਕਹਾਣੀ ਕੁਦਰਤ ਹੈ। ਦਰਅਸਲ ਇਸ ਸਮੇਂ ਪੂਰਾ ਹਿਮਾਲੀਅਨ ਖੇਤਰ ਆਧੁਨਿਕ ਵਿਕਾਸ ਅਤੇ ਜਲਵਾਯੂ ਪਰਿਵਰਤਨ ਦੇ ਖ਼ਤਰਿਆਂ ਦਾ ਸਾਹਮਣਾ ਕਰ ਰਿਹਾ ਹੈ। ਮੌਸਮ ਅਤੇ ਕੁਦਰਤੀ ਆਫ਼ਤਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਾਲੇ ਉਪਗ੍ਰਹਿ ਭਾਵੇਂ ਕਿੰਨੀ ਵੀ ਆਧੁਨਿਕ ਤਕਨਾਲੋਜੀ ਕਿਉਂ ਨਾ ਹੋਣ, ਉਹ ਬੱਦਲ ਫਟਣ, ਗਲੇਸ਼ੀਅਰ ਟੁੱਟਣ ਅਤੇ ਅਨਿਯਮਿਤ ਮੌਸਮ ਕਾਰਨ ਭਾਰੀ ਬਾਰਿਸ਼ ਬਾਰੇ ਖੇਤਰ-ਵਾਰ ਸਹੀ ਜਾਣਕਾਰੀ ਦੇਣ ਦੇ ਯੋਗ ਨਹੀਂ ਹਨ। ਸਾਲ 2013 ਵਿੱਚ ਕੇਦਾਰਨਾਥ ਦੁਖਾਂਤ ਅਤੇ 2014 ਵਿੱਚ ਜੰਮੂ-ਕਸ਼ਮੀਰ ਦੀਆਂ ਨਦੀਆਂ ਵਿੱਚ ਹੜ੍ਹ ਦੇ ਸੰਕੇਤ ਵੀ ਸੈਟੇਲਾਈਟ ਤੋਂ ਪ੍ਰਾਪਤ ਨਹੀਂ ਹੋਏ। ਇਸੇ ਤਰ੍ਹਾਂ, ਸਾਲ 2021 ਵਿੱਚ ਨੰਦਾ ਦੇਵੀ ਰਾਸ਼ਟਰੀ ਪਾਰਕ ਦੇ ਨੇੜੇ ਗਲੇਸ਼ੀਅਰ ਟੁੱਟਣ ਨਾਲ ਤਬਾਹੀ ਮਚ ਗਈ। ਇਸ ਨਾਲ ਧੌਲੀਗੰਗਾ ਨਦੀ ਵਿੱਚ ਅਚਾਨਕ ਹੜ੍ਹ ਆਇਆ ਅਤੇ ਤਪੋਵਨ ਪਣ-ਬਿਜਲੀ ਪ੍ਰੋਜੈਕਟ ਵਿੱਚ ਕੰਮ ਕਰਨ ਵਾਲੇ ਕਈ ਕਾਮਿਆਂ ਦੀ ਮੌਤ ਹੋ ਗਈ। ਹਿਮਾਚਲ ਪ੍ਰਦੇਸ਼ ਵੀ ਜ਼ਮੀਨ ਖਿਸਕਣ, ਬੱਦਲ ਫਟਣ ਅਤੇ ਭਾਰੀ ਬਾਰਿਸ਼ ਕਾਰਨ ਤਬਾਹੀ ਦਾ ਸਾਹਮਣਾ ਕਰ ਰਿਹਾ ਹੈ। ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਵਾਰ ਮਾਨਸੂਨ ਵਿੱਚ ਲੰਬੇ ਸਮੇਂ ਤੱਕ ਰੁਕਾਵਟ ਕਾਰਨ ਦੇਸ਼ ਦੇ ਕੁਝ ਹਿੱਸਿਆਂ ਵਿੱਚ ਘੱਟ ਬਾਰਿਸ਼ ਹੋਣ ਕਾਰਨ ਸੋਕੇ ਵਰਗੇ ਹਾਲਾਤ ਪੈਦਾ ਹੋਏ ਹਨ, ਜਦੋਂ ਕਿ ਹਿਮਾਚਲ ਅਤੇ ਉੱਤਰਾਖੰਡ ਵਿੱਚ ਭਾਰੀ ਬਾਰਿਸ਼ ਤਬਾਹੀ ਮਚਾ ਰਹੀ ਹੈ। ਮਾਨਸੂਨ ਵਿੱਚ ਰੁਕਾਵਟ ਕਾਰਨ ਪਹਾੜਾਂ 'ਤੇ ਬੱਦਲ ਇਕੱਠੇ ਹੋ ਜਾਂਦੇ ਹਨ ਅਤੇ ਇਸ ਕਾਰਨ ਭਾਰੀ ਬਾਰਿਸ਼ ਹੁੰਦੀ ਹੈ। ਪਰ ਕੋਈ ਵੀ ਇਸ ਤਬਾਹੀ ਲਈ ਮਾਨਸੂਨ ਨੂੰ ਜ਼ਿੰਮੇਵਾਰ ਠਹਿਰਾ ਕੇ ਜਵਾਬਦੇਹੀ ਤੋਂ ਨਹੀਂ ਬਚ ਸਕਦਾ। ਕੇਦਾਰਨਾਥ ਵਿੱਚ ਮਾਨਸੂਨ ਦੇ ਰੁਕਾਵਟ ਤੋਂ ਬਿਨਾਂ ਵੀ ਤਬਾਹੀ ਹੋਈ ਸੀ। ਇਸ ਲਈ ਇਹ ਕਹਿਣਾ ਬੇਕਾਰ ਹੈ ਕਿ ਮਾਨਸੂਨ ਦਾ ਵਿਘਨ ਤਬਾਹੀ ਵਿੱਚ ਬਦਲ ਗਿਆ। ਦਰਅਸਲ, ਪੂਰੇ ਹਿਮਾਲੀਅਨ ਖੇਤਰ ਵਿੱਚ ਪਿਛਲੇ ਇੱਕ ਦਹਾਕੇ ਤੋਂ ਸੈਲਾਨੀਆਂ ਨੂੰ ਸਹੂਲਤਾਂ ਪ੍ਰਦਾਨ ਕਰਨ ਅਤੇ ਪਣ-ਬਿਜਲੀ ਅਤੇ ਰੇਲਵੇ ਪ੍ਰੋਜੈਕਟਾਂ ਦੇ ਕੰਮ ਲਈ ਕੁਦਰਤ ਨਾਲ ਛੇੜਛਾੜ ਕੀਤੀ ਜਾ ਰਹੀ ਹੈ। ਇਨ੍ਹਾਂ ਪ੍ਰੋਜੈਕਟਾਂ ਲਈ, ਹਿਮਾਲੀਅਨ ਖੇਤਰ ਵਿੱਚ ਰੇਲ ਗੱਡੀਆਂ ਨੂੰ ਲੰਘਾਉਣ ਅਤੇ ਕਈ ਛੋਟੀਆਂ ਹਿਮਾਲੀਅਨ ਨਦੀਆਂ ਨੂੰ ਵੱਡੀਆਂ ਨਦੀਆਂ ਨਾਲ ਮਿਲਾਉਣ ਲਈ ਸੁਰੰਗਾਂ ਬਣਾਈਆਂ ਜਾ ਰਹੀਆਂ ਹਨ। ਬਿਜਲੀ ਪ੍ਰੋਜੈਕਟਾਂ ਲਈ ਲਗਾਏ ਜਾ ਰਹੇ ਪਲਾਂਟਾਂ ਲਈ ਹਿਮਾਲਿਆ ਨੂੰ ਖੋਖਲਾ ਕੀਤਾ ਜਾ ਰਿਹਾ ਹੈ। ਆਧੁਨਿਕ ਉਦਯੋਗਿਕ ਅਤੇ ਤਕਨੀਕੀ ਵਿਕਾਸ ਵਿੱਚ ਅਸੰਤੁਲਨ ਦਾ ਨਤੀਜਾ ਹੈ ਜਿਸ ਕਾਰਨ ਅੱਜ ਪਹਾੜ ਟੁੱਟ ਰਹੇ ਹਨ, ਜਿਨ੍ਹਾਂ 'ਤੇ ਹਜ਼ਾਰਾਂ ਸਾਲਾਂ ਤੋਂ ਮਨੁੱਖ ਆਪਣੀ ਗਿਆਨ ਪਰੰਪਰਾ ਦੇ ਆਧਾਰ 'ਤੇ ਰਹਿ ਰਿਹਾ ਹੈ ਅਤੇ ਹਿਮਾਲਿਆ ਅਤੇ ਉੱਥੇ ਰਹਿਣ ਵਾਲੇ ਹੋਰ ਜੀਵਾਂ ਦੀ ਰੱਖਿਆ ਵੀ ਕਰ ਰਿਹਾ ਹੈ। ਹਿਮਾਲਿਆ ਅਤੇ ਧਰਤੀ ਨੂੰ ਸੁਰੱਖਿਅਤ ਰੱਖਣ ਦੇ ਉਦੇਸ਼ ਨਾਲ, ਸ਼ੁਕਰਗੁਜ਼ਾਰ ਮਨੁੱਖ ਨੇ ਅਥਰਵਵੇਦ ਵਿੱਚ ਲਿਖੇ ਪ੍ਰਿਥਵੀ ਸੂਕਤ ਵਿੱਚ ਬਹੁਤ ਸਾਰੀਆਂ ਪ੍ਰਾਰਥਨਾਵਾਂ ਕੀਤੀਆਂ ਹਨ। ਇਸ ਵਿੱਚ, ਰਾਸ਼ਟਰੀ ਸੰਕਲਪ ਅਤੇ ਵਸੁਧੈਵ ਕੁਟੁੰਬਕਮ ਦੀ ਭਾਵਨਾ ਨੂੰ ਪੋਸ਼ਣ ਅਤੇ ਫਲ ਦੇਣ ਲਈ ਮਨੁੱਖ ਨੂੰ ਨੈਤਿਕਤਾ ਅਤੇ ਧਰਮ ਨਾਲ ਬੰਨ੍ਹਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਅਸੀਂ ਆਧੁਨਿਕ ਵਿਕਾਸ ਦੇ ਨਾਮ 'ਤੇ ਅਖੌਤੀ ਭੌਤਿਕ ਸੁੱਖ-ਸਹੂਲਤਾਂ ਲਈ ਆਪਣਾ ਅਧਾਰ ਤਬਾਹ ਕਰ ਦਿੱਤਾ ਹੈ। ਆਫ਼ਤ ਪ੍ਰਭਾਵਿਤ ਧਾਰਲੀ ਅਤੇ ਹਰਸ਼ੀਲ ਖੇਤਰ ਵਿੱਚ ਵਗਦੀ ਭਾਗੀਰਥੀ ਨਦੀ 'ਤੇ ਬਣੀ 1300 ਮੀਟਰ ਲੰਬੀ ਅਤੇ 80 ਮੀਟਰ ਚੌੜੀ ਝੀਲ ਵਿੱਚੋਂ ਪਾਣੀ ਲੀਕ ਹੋ ਰਿਹਾ ਹੈ। ਪੋਕਲੈਂਡ ਮਸ਼ੀਨਾਂ ਨਾਲ ਇਸਨੂੰ ਤੋੜਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਤਾਂ ਜੋ ਲੀਕ ਹੋਣ ਲਈ ਵਹਾਅ ਥੋੜ੍ਹਾ ਵਧੇ ਅਤੇ ਝੀਲ ਦਾ ਪਾਣੀ ਦਾ ਪੱਧਰ ਘੱਟ ਜਾਵੇ। ਜੇਕਰ ਇਸ ਝੀਲ ਦੇ ਵਿਚਕਾਰ ਕੋਈ ਵੱਡਾ ਪੱਥਰ ਹੈ, ਤਾਂ ਇਸਨੂੰ ਨਿਯੰਤਰਿਤ ਵਿਸਫੋਟਕਾਂ ਨਾਲ ਤੋੜਿਆ ਜਾਵੇਗਾ। ਇਹ ਝੀਲ ਪਹਾੜਾਂ ਵਿੱਚ ਜ਼ਿਆਦਾ ਬਾਰਿਸ਼ ਕਾਰਨ ਹੋਂਦ ਵਿੱਚ ਆਈ ਹੈ। ਹਿਮਾਲਿਆ ਵਿੱਚ ਝੀਲਾਂ, ਤਲਾਬਾਂ ਅਤੇ ਗਲੇਸ਼ੀਅਰਾਂ ਦਾ ਬਣਨਾ ਇੱਕ ਹੈਰਾਨੀਜਨਕ ਪਰ ਕੁਦਰਤੀ ਪ੍ਰਕਿਰਿਆ ਹੈ।



**ਵਿਜੈ ਗਰਗ**
ਸਾਬਕਾ ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

ਕਿਉਂਕਿ ਇਹ ਝੀਲ ਹਰਸ਼ੀਲ ਅਤੇ ਧਾਰਲੀ ਲਈ ਸੰਕਟ ਬਣ ਗਈ ਹੈ, ਇਸ ਲਈ ਇਸਨੂੰ ਤੋੜਨਾ ਜ਼ਰੂਰੀ ਹੋ ਗਿਆ ਹੈ। ਜੇਕਰ ਇਹ ਕੁਦਰਤੀ ਆਫ਼ਤ ਕਾਰਨ ਟੁੱਟਦੀ ਹੈ ਤਾਂ ਧਾਰਲੀ ਅਤੇ ਹਰਸ਼ੀਲ ਲਈ ਖ਼ਤਰਾ ਹੋਰ ਵਧ ਜਾਵੇਗਾ। ਦੇਹਰਾਦੂਨ ਸਿੰਚਾਈ ਵਿਭਾਗ ਦੇ ਇੰਜੀਨੀਅਰਾਂ ਦੀ ਬਾਰਾਂ ਮੈਂਬਰੀ ਟੀਮ ਹੈਲੀਕਾਪਟਰ ਤੋਂ ਝੀਲ ਦਾ ਨਿਰੀਖਣ ਕਰਨ ਵਿੱਚ ਲੱਗੀ ਹੋਈ ਹੈ। ਜੇਕਰ ਝੀਲ ਦੇ ਵਹਾਅ ਵਿੱਚ ਕੋਈ ਚੱਟਾਨ ਰੁਕਾਵਟ ਪਾਉਂਦੀ ਹੈ ਤਾਂ ਇਸਨੂੰ ਰਿਮੋਟ-ਨਿਯੰਤਰਿਤ ਵਿਸਫੋਟਕਾਂ ਨਾਲ ਤੋੜਿਆ ਜਾਵੇਗਾ। ਇਸ ਢੰਗ ਨਾਲ, ਸਿਰਫ਼ ਉਹ ਹਿੱਸਾ ਹੀ ਟੁੱਟਦਾ ਹੈ ਜਿੰਨਾ ਤੋੜਨਾ ਜ਼ਰੂਰੀ ਹੈ। ਹਾਲਾਂਕਿ, ਇਹ ਪੱਕਾ ਅਨੁਮਾਨ ਅਜੇ ਤੱਕ ਨਹੀਂ ਲਗਾਇਆ ਗਿਆ ਹੈ। ਇਸ ਹੜ੍ਹ ਦੇ ਪਿੱਛੇ ਅਸਲ ਕਾਰਨ ਕੀ ਹੈ? ਭੂ-ਵਿਗਿਆਨੀ ਉਲਝਣ ਵਿੱਚ ਹਨ। ਸੱਚਾਈ ਜਾਣਨ ਲਈ, ਉਹ ਹੁਣ 'ਰਿਮੋਟ ਸੈਂਸਿੰਗ ਡੇਟਾ' ਅਤੇ 'ਸੈਟੇਲਾਈਟ ਡੇਟਾ' ਦੀ ਉਡੀਕ ਕਰ ਰਹੇ ਹਨ। ਇਸ ਤੋਂ ਸਪੱਸ਼ਟ ਹੋ ਜਾਵੇਗਾ ਕਿ ਕੀ ਖੀਰ ਗੰਗਾ ਨਦੀ ਵਿੱਚ ਹੜ੍ਹ ਬੱਦਲ ਫਟਣ, ਗਲੇਸ਼ੀਅਰ ਟੁੱਟਣ ਜਾਂ ਜ਼ਮੀਨ ਖਿਸਕਣ ਕਾਰਨ ਹੋਇਆ ਸੀ ਜਾਂ ਕਿਸੇ ਹੋਰ ਕਾਰਨ ਕਰਕੇ। ਇਸ ਸਬੰਧ ਵਿੱਚ, ਭੂ-ਵਿਗਿਆਨੀ ਅਤੇ ਮਾਹਿਰਾਂ ਦਾ ਮੰਨਣਾ ਹੈ ਕਿ ਫਿਲਹਾਲ ਇਹ ਕਹਿਣਾ ਸੰਭਵ ਨਹੀਂ ਹੈ ਕਿ ਨਦੀ ਵਿੱਚ ਇੰਨਾ ਅਚਾਨਕ ਹੜ੍ਹ ਕਿਉਂ ਆਇਆ। ਇਹ ਆਫ਼ਤ ਕੁਦਰਤੀ ਅਤੇ ਮਨੁੱਖ ਦੁਆਰਾ ਬਣਾਈ ਗਈ ਦੋਵਾਂ ਕਾਰਨਾਂ ਕਰਕੇ ਹੋ ਸਕਦੀ ਹੈ। ਇਨ੍ਹਾਂ ਵਿਰੋਧੀ ਅਨੁਮਾਨਾਂ ਤੋਂ ਇਹ ਸਪੱਸ਼ਟ ਹੈ ਕਿ ਇਸ ਆਫ਼ਤ ਦਾ ਕਾਰਨ ਸਪੱਸ਼ਟ ਨਹੀਂ ਹੈ। ਦਰਅਸਲ, ਪਹਾੜੀ ਖੇਤਰਾਂ ਵਿੱਚ ਵਿਕਾਸ ਕਾਰਜ ਕੁਦਰਤ ਨਾਲ ਸੰਤੁਲਨ ਬਣਾਈ ਰੱਖ ਕੇ ਕੀਤੇ ਜਾਣੇ ਚਾਹੀਦੇ ਹਨ, ਪਰ ਅਖੌਤੀ ਵਿਕਾਸ ਦੀ ਚਮਕ ਵਿੱਚ, ਭਾਵੇਂ ਰਾਜ ਸਰਕਾਰਾਂ ਸੰਤੁਲਿਤ ਨੀਤੀ ਬਣਾਉਂਦੀਆਂ ਹਨ, ਉਹ ਇਸਨੂੰ ਲਾਗੂ ਕਰਨ ਵਿੱਚ ਇਮਾਨਦਾਰੀ ਨਹੀਂ ਦਿਖਾਉਂਦੀਆਂ। ਇਹੀ ਕਾਰਨ ਹੈ ਕਿ ਪੂਰੇ ਹਿਮਾਲੀਅਨ ਖੇਤਰ ਵਿੱਚ ਅੰਨ੍ਹੇਵਾਹ ਵਿਕਾਸ ਪ੍ਰੋਜੈਕਟ ਹਿਮਾਲਿਆ ਦੇ ਅੰਦਰੂਨੀ ਢਾਂਚੇ ਨੂੰ ਤਬਾਹ ਕਰ ਰਹੇ ਹਨ। ਇਸ ਆਫ਼ਤ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਉੱਤਰਾਖੰਡ ਦੇ ਉੱਚ ਹਿਮਾਲਿਆਈ ਖੇਤਰ ਵਿੱਚ ਝੀਲਾਂ ਦਾ ਖ਼ਤਰਾ ਵਧਦਾ ਜਾ ਰਿਹਾ ਹੈ। ਰਾਜ ਵਿੱਚ ਲਗਭਗ 1266 ਅਜਿਹੀਆਂ ਝੀਲਾਂ ਹਨ। ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ (NDMA) ਨੇ ਉੱਤਰਾਖੰਡ ਵਿੱਚ 13 ਗਲੇਸ਼ੀਅਰਾਂ ਨੂੰ ਖ਼ਤਰਨਾਕ ਵਜੋਂ ਚਿੰਨ੍ਹਤ ਕੀਤਾ ਹੈ। ਇਨ੍ਹਾਂ ਵਿੱਚੋਂ ਪੰਜ ਨੂੰ ਉੱਚ ਜੋਖਮ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਹਾਲਾਂਕਿ, ਇਹ ਮੁੱਦਾ ਨਵਾਂ ਨਹੀਂ ਹੈ

2013 ਵਿੱਚ ਕੇਦਾਰਨਾਥ ਹੜ੍ਹ ਤੋਂ ਬਾਅਦ ਇਹ ਮੁੱਦਾ ਮਹੱਤਵਪੂਰਨ ਹੋ ਗਿਆ। ਉੱਤਰਾਖੰਡ ਭੂਚਾਲਾਂ ਲਈ ਸਭ ਤੋਂ ਖ਼ਤਰਨਾਕ ਜ਼ੋਨ-5 ਵਿੱਚ ਆਉਂਦਾ ਹੈ। ਇੱਥੇ ਘੱਟ ਤੀਬਰਤਾ ਵਾਲੇ ਭੂਚਾਲ ਆਉਂਦੇ ਰਹਿੰਦੇ ਹਨ। ਮਾਨਸੂਨ ਦੌਰਾਨ, ਹਿਮਾਚਲ ਅਤੇ ਉੱਤਰਾਖੰਡ ਦੇ ਪਹਾੜੀ ਜ਼ਿਲ੍ਹਿਆਂ ਵਿੱਚ ਜ਼ਮੀਨ ਖਿਸਕਣ, ਬੱਦਲ ਫਟਣ ਅਤੇ ਬਿਜਲੀ ਡਿੱਗਣ ਦੀਆਂ ਘਟਨਾਵਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ। ਪਹਾੜਾਂ ਦੇ ਟੁੱਟਣ ਦੇ ਨਾਲ-ਨਾਲ ਹਲਕੇ ਭੂਚਾਲ ਵੀ ਆ ਰਹੇ ਹਨ। ਪਿਛਲੇ ਸੱਤ ਸਾਲਾਂ ਵਿੱਚ ਉੱਤਰਾਖੰਡ ਅਤੇ ਹਿਮਾਚਲ ਵਿੱਚ 130 ਤੋਂ ਵੱਧ ਛੋਟੇ ਭੂਚਾਲ ਆਏ ਹਨ। ਹਿਮਾਚਲ ਅਤੇ ਉੱਤਰਾਖੰਡ ਵਿੱਚ ਪਣ-ਬਿਜਲੀ ਅਤੇ ਰੇਲ ਪ੍ਰੋਜੈਕਟਾਂ ਨੇ ਬਹੁਤ ਨੁਕਸਾਨ ਕੀਤਾ ਹੈ। ਟਿਹਰੀ ਵਿਖੇ ਬੰਨ੍ਹ ਨੂੰ ਰੋਕਣ ਲਈ ਇੱਕ ਲੰਬੀ ਮੁਹਿੰਮ ਚਲਾਈ ਗਈ ਸੀ। ਵਾਤਾਵਰਣ ਵਿਗਿਆਨੀ ਅਤੇ ਭੂ-ਵਿਗਿਆਨੀ ਇਹ ਵੀ ਚੇਤਾਵਨੀ ਦੇ ਰਹੇ ਹਨ ਕਿ ਜੇਕਰ ਗੰਗਾ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਨਿਰਵਿਘਨ ਵਹਾਅ ਨੂੰ ਰੋਕਿਆ ਗਿਆ ਤਾਂ ਨਾ ਸਿਰਫ਼ ਗੰਗਾ ਆਪਣੀ ਹੋਂਦ ਗੁਆ ਦੇਵੇਗੀ, ਸਗੋਂ ਹਿਮਾਲਿਆ ਦੀਆਂ ਹੋਰ ਨਦੀਆਂ ਅਤੇ ਝੀਲਾਂ ਦਾ ਵੀ ਵਜੂਦ ਖ਼ਤਰੇ ਵਿੱਚ ਪੈ ਸਕਦਾ ਹੈ।

# ਰਾਸ਼ਨ ਕਾਰਡ ਦਾ ਰੌਲਾ

ਪੰਜਾਬ ਦੇ 11 ਲੱਖ ਰਾਸ਼ਨ ਕਾਰਡ ਧਾਰਕਾਂ ਬਾਰੇ ਆਈ ਖ਼ਬਰ ਨੇ ਇਕ ਤਰ੍ਹਾਂ ਨਾਲ ਸੂਬੇ 'ਚ ਚਿੰਤਾ ਦਾ ਮਾਹੌਲ ਸਿਰਜ ਦਿੱਤਾ ਹੈ। ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਫ਼ਤਵੇ 'ਤੇ ਕਾਰਡ ਧਾਰਕਾਂ ਦੇ ਨਾਲ-ਨਾਲ ਮੌਜੂਦਾ ਪੰਜਾਬ ਸਰਕਾਰ ਤੇ ਵਿਰੋਧੀ ਧਿਰਾਂ ਨੇ ਵੀ ਇਤਰਾਜ਼ ਜਤਾਇਆ ਹੈ।

ਕੇਂਦਰ ਵੱਲੋਂ ਜਾਰੀ ਹੁਕਮ ਮੁਤਾਬਕ ਇਨ੍ਹਾਂ ਕਾਰਡਾਂ 'ਚੋਂ ਨਾਂ ਕੱਟਣ ਦਾ ਕੰਮ 30 ਸਤੰਬਰ ਤੱਕ ਸਿਰੇ ਚਾੜ੍ਹਿਆ ਜਾਣਾ ਹੈ ਤੇ ਇਸ ਨਾਲ ਲੋਕਾਂ ਨੂੰ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਮੁਫ਼ਤ ਕਣਕ ਵੀ ਮਿਲਣੀ ਬੰਦ ਹੋ ਜਾਵੇਗੀ। ਸਰਕਾਰ ਦਾ ਤਰਕ ਹੈ ਕਿ ਜਿਹੜੇ ਨਾਂ ਕੱਟੇ ਜਾਣੇ ਹਨ, ਉਹ ਇਨਕਮ ਟੈਕਸ ਭਰਦੇ ਹਨ ਤੇ ਕਈ-ਕਈ ਏਕੜ ਜ਼ਮੀਨਾਂ ਦੇ ਮਾਲਕ ਹਨ। ਉਹ ਗੱਡੀਆਂ 'ਚ ਘੁੰਮਦੇ ਹਨ ਤੇ ਸਰਕਾਰ ਦੀਆਂ ਸਹੂਲਤਾਂ ਦਾ ਲਾਹਾ ਵੀ ਲਈ ਜਾ ਰਹੇ ਹਨ।

ਇਸ ਕਾਰਨ ਇਹ ਵੱਡਾ ਫ਼ੈਸਲਾ ਕੀਤਾ ਹੈ। ਇਸ 'ਤੇ ਸੂਬਾ ਸਰਕਾਰ ਨੇ ਜੋ ਵਿਰੋਧ ਦਰਜ ਕਰਵਾਇਆ ਹੈ, ਉਸ ਦੇ ਵੀ ਸਮਾਜਿਕ, ਸਿਆਸੀ ਤੇ ਆਰਥਿਕ ਪੱਧਰ ਦੇ ਕਈ ਕਾਰਨ ਹਨ। ਅਸਲ ਵਿਚ ਪੂਰੇ ਦੇਸ਼ 'ਚ 8 ਕਰੋੜ ਸ਼ੱਕੀ ਲਾਭਪਾਤਰੀਆਂ ਦੀ ਸ਼ਨਾਖਤ ਕੀਤੀ ਗਈ ਹੈ। ਇਹ ਉਹ ਲੋਕ ਹਨ ਜੋ ਤੈਅ ਸ਼ਰਤਾਂ ਪੂਰੀਆਂ ਨਹੀਂ ਕਰਦੇ ਤੇ ਸਰਕਾਰੀ ਰਾਸ਼ਨ ਖਾ ਰਹੇ ਹਨ। ਪੰਜਾਬ ਦੇ 11 ਲੱਖ ਲਾਭਪਾਤਰੀ ਵੀ ਇਸੇ ਲਿਸਟ ਵਿਚ ਸ਼ਾਮਲ ਹਨ।

ਫ਼ਿਲਹਾਲ ਪੰਜਾਬ ਸਰਕਾਰ ਨੇ ਸ਼ੱਕੀ ਰਾਸ਼ਨ ਕਾਰਡ ਧਾਰਕਾਂ ਦੀ ਪੜਤਾਲ ਕਰਨ ਦਾ ਕੰਮ ਅਰੰਭਦਿਆਂ ਇਸ ਕੰਮ ਲਈ 6 ਮਹੀਨਿਆਂ ਦਾ ਸਮਾਂ ਮੰਗਿਆ ਹੈ। ਇਸ ਦੇ ਨਾਲ ਹੀ ਸਰਕਾਰ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦਾ ਇਹ ਕੰਮ ਪੰਜਾਬ ਵਿਰੋਧੀ ਹੈ ਤੇ ਜਨਤਕ ਵੰਡ ਪ੍ਰਣਾਲੀ ਤਹਿਤ ਲਗਪਗ 55 ਲੱਖ ਪੰਜਾਬੀਆਂ ਨੂੰ ਮੁਫ਼ਤ ਅਨਾਜ ਸਕੀਮ ਤੋਂ ਵਿਰਵੇ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਕੇਂਦਰ ਸਰਕਾਰ ਤੇ ਭਾਰਤੀ ਜਨਤਾ ਪਾਰਟੀ ਦੀ ਸਖ਼ਤ ਨਿਖੇਧੀ ਵੀ ਕਰ ਰਹੀ ਹੈ। ਸਰਕਾਰ ਨੇ ਇਸ ਨੂੰ ਇਕ ਤਰ੍ਹਾਂ ਨਾਲ ਸਿਆਸੀ ਸਾਜਿਸ਼ ਦਾ ਨਾਂ ਦਿੱਤਾ ਹੈ।

ਸਰਕਾਰ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੇ ਪਹਿਲਾਂ ਕੇਵਾਈਸੀ ਦੀ ਰਜਿਸਟ੍ਰੇਸ਼ਨ ਨਾ ਹੋਣ ਦਾ ਬਹਾਨਾ ਘੜ੍ਹ ਕੇ ਜੁਲਾਈ 'ਚ 23 ਲੱਖ ਲੋਕਾਂ ਦਾ ਮੁਫ਼ਤ ਰਾਸ਼ਨ ਬੰਦ ਕੀਤਾ ਤੇ ਹੁਣ 32 ਲੱਖ ਹੋਰ ਲੋਕਾਂ ਦਾ ਮੁਫ਼ਤ ਰਾਸ਼ਨ 30 ਸਤੰਬਰ ਤੋਂ ਬੰਦ ਕਰਨ ਦੀਆਂ ਇਕ ਤਰ੍ਹਾਂ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਲੋਕਾਂ ਨੂੰ ਆਟਾ ਦਾਲ ਸਕੀਮ, ਰਾਸ਼ਨ ਕਾਰਡ ਜਾਂ ਪੀਲੇ ਕਾਰਡ ਧਾਰਕ ਬਣਾ ਕੇ ਸਰਕਾਰੀ ਸਕੀਮਾਂ ਦਾ ਲਾਹਾ ਦੇਣਾ ਕੋਈ ਨਵੀਂ ਗੱਲ ਨਹੀਂ ਹੈ। ਪਰ ਇਸ ਦੇ ਨਾਲ ਹੀ ਪਿਛਲੇ ਕਈ ਦਹਾਕਿਆਂ ਤੋਂ ਇਹ ਮਸਲਾ ਵੀ ਉੱਠਦਾ ਰਿਹਾ ਹੈ ਕਿ ਕਈ ਰਸੂਖਦਾਰ ਲੋਕ ਵੀ ਮੁਫ਼ਤ ਦਾ ਰਾਸ਼ਨ ਖਾ ਰਹੇ ਹਨ ਤੇ ਸਰਕਾਰੀ ਸਕੀਮਾਂ ਦਾ ਗੈ਼ਰਕਾਨੂੰਨੀ ਢੰਗ ਨਾਲ ਲਾਹਾ ਲੈ ਰਹੇ ਹਨ।




ਕਿਤੇ ਨਾ ਕਿਤੇ ਇਹ ਸਰਕਾਰੀ ਮਸ਼ੀਨਰੀ ਦੀ ਅਣਗਹਿਲੀ ਤੇ ਇਸ ਵਿਚ ਬਣੀਆਂ ਚੋਰ-ਮੋਰੀਆਂ ਦਾ ਹੀ ਨਤੀਜਾ ਹੈ ਕਿ ਲੋੜਵੰਦਾਂ ਨੂੰ ਮਿਲਣ ਵਾਲੇ ਫ਼ਾਇਦੇ ਅਮੀਰ ਤੇ ਸਮਰੱਥ ਲੋਕ ਚੁੱਕ ਰਹੇ ਹਨ। ਬੇਸ਼ੱਕ ਸਰਕਾਰੀ ਦਾਅਵਿਆਂ ਮੁਤਾਬਕ ਦੇਸ਼ ਜਾਂ ਸਾਰੇ ਸੂਬੇ ਵਿਕਾਸ ਕਰ ਰਹੇ ਹਨ ਪਰ ਅਜਿਹੇ 'ਚ ਇਹ ਗੱਲ ਵੀ ਵਿਚਾਰਨਯੋਗ ਹੈ ਕਿ ਕੀ ਅਸੀਂ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਬਰਾਬਰ ਕਮਾਉਣ ਦੇ ਮੌਕੇ ਤੇ ਉਸ ਕਮਾਈ ਤੋਂ ਆਪਣਾ 'ਅੰਨਪਾਣੀ' ਆਪ ਹਾਸਲ ਕਰਨ ਦੇ ਸਮਰੱਥ ਨਹੀਂ ਬਣਾ ਸਕੇ? ਹਾਲੇ ਵੀ ਕਈ ਲੋਕ ਸਰਕਾਰੀ ਸਕੀਮਾਂ ਦੇ ਆਸਰੇ ਕੁੱਲੀ, ਜੁੱਲੀ ਤੇ ਗੁੱਲੀ ਦਾ ਪ੍ਰਬੰਧ ਕਰ ਰਹੇ ਹਨ। ਸਰਕਾਰਾਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਰਾਸ਼ਨ ਕਾਰਡ ਤੇ ਹੋਰ ਸਰਕਾਰੀ ਸਕੀਮਾਂ 'ਤੇ ਕਦੇ ਵੀ ਸਿਆਸਤ ਨਹੀਂ ਹੋਣੀ ਚਾਹੀਦੀ। ਸਮਰੱਥ ਲੋਕਾਂ ਦੀ ਵੀ ਇਹ ਨੈਤਿਕ ਜ਼ਿੰਮੇਵਾਰੀ ਹੈ ਕਿ ਸਰਕਾਰੀ ਸਕੀਮਾਂ ਦੇ ਲਾਭ ਇਸ ਦੇ ਅਸਲੀ ਹੱਕਦਾਰਾਂ ਤੱਕ ਪੁੱਜਣ।

Dosanjh Family
AUTO GROUP

Cadillac
CHEVROLET
INFINITI
KIA
NISSAN
BUICK
GMC
LIVERMORE TOYOTA
HYUNDAI
Fremont Hyundai
TOYOTA
Ford
ACURA

DUBLIN CHEVOLET
FREMONT CHEVROLET
CONCORD CHEVROLET
DUBLIN CADILLAC
FREMONT CADILLAC
ACURA OF CONCORD
DUBLIN BUICK GMC
FREMONT BUICK GMC
CONCORD NISSAN
DUBLIN KIA
STEVENS CREEK CHEVROLET
LIVERMORE TOYOTA
DUBLIN NISSAN
STEVENS CREEK CADILLAC
FREMONT FORD
DUBLIN INFINITI
FREMONT HYUNDAI